

# ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ

## ਭਾਗ ੨

# ਗੁਰਬਾਣੀ ਉਚਾਰਣ



ਭਾਈ ਜੋਗਿੰਦਰ ਸਿੰਘ ਤਲਵਾੜਾ

ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ

ਭਾਗ ੨

# ਗੁਰਬਾਣੀ ਉਚਾਰਣ

ੴ ਸਤਿਗੁਰਪ੍ਰਸਾਦਿ ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ

## ਭਾਗ ੨

# ਗੁਰਬਾਣੀ ਉਚਾਰਣ

ਭਾਈ ਜੋਗਿੰਦਰ ਸਿੰਘ ਤਲਵਾੜਾ

ਸਿੰਘ ਬ੍ਰਦਰਜ਼
ਅੰਮ੍ਰਿਤਸਰ

SRI GURU GRANTH SAHIB BODH (Part II)—GURBANI UCHARAN

*An introduction to the pronunciation of the Sikh Scripture*

*by*

Bhai Joginder Singh Talwara

ISBN 81-7205-067-4

ਪਹਿਲੀ ਵਾਰ 1992

ਦੂਜੀ ਵਾਰ 1996

ਤੀਜੀ ਵਾਰ ਜੁਲਾਈ 2005

**ਮੁੱਲ : 35-00 ਰੁਪਏ (ਪੇਪਰ ਬੈਕ)**

**60-00 ਰੁਪਏ (ਡੀਲਕਸ)**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com

*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਗੁਰਬਾਣੀ ਰੂਪ ਹੰਸ-ਚੋਗ ਚੁਗਣ ਵਾਲੇ
ਹੰਸਲੇ ਗੁਰਸਿੱਖਾਂ ਨੂੰ
ਜੋ ਨਿਤਾਪ੍ਰਤਿ ਸ਼ੁੱਧ ਤੇ ਸਪੱਸ਼ਟ ਬਾਣੀ ਪੜ੍ਹਨ
ਦੀ ਦਾਤਿ ਵਾਹਿਗੁਰੂ ਤੋਂ
ਮੰਗਦੇ ਹਨ!

# ਤਤਕਰਾ


| *ਅੰਕ* | *ਵਿਸ਼ਾ* | *ਪੰਨਾ* |
|---|---|---|
| (ੳ) | ਭੂਮਿਕਾ | 11 |
| (ਅ) | ਪੁਸਤਕ ਵਿਚ ਵਰਤੀ ਗਈ ਵਿਆਕਰਣਿਕ ਸ਼ਬਦਾਵਲੀ ਦੀ ਵਿਆਖਿਆ-ਸੂਚੀ | 15 |
| ੧. | ਗੁਰਬਾਣੀ—ਸ਼ੁੱਧ ਰੂਪ ਵਿਚ ਸ਼ੁੱਧ ਗਿਆਨ | 19 |
| ੨. | ਗੁਰਬਾਣੀ ਦੇ ਸ਼ੁੱਧ ਉਚਾਰਣ ਦੀ ਮਹੱਤਤਾ | 19 |
| ੩. | ਸ਼ੁੱਧ ਉਚਾਰਣ ਦੇ ਵੱਖ ਵੱਖ ਪੱਖ | 19 |
| ੪. | ਪੰਜਾਬੀ ਭਾਸ਼ਾ ਤੇ ਇਸ ਦੀ ਲਿੱਪੀ | 20 |
| ੪.੧ | ਪੰਜਾਬੀ ਦੀਆਂ ਧੁਨੀਆਂ ਤੇ ਉਨ੍ਹਾਂ ਦਾ ਉਚਾਰਣ-ਅਸਥਾਨ | 20 |
| ੪.੨ | ਸ੍ਵਰ (Vowels) | 21 |
| ੪.੨.੧ | ਸ੍ਵਰਾਂ ਦੇ ਸਰੂਪ | 21 |
| ੪.੨.੨ | ਸ੍ਵਰਾਂ ਦੀਆਂ ਕਿਸਮਾਂ ਤੇ ਉਨ੍ਹਾਂ ਦੀ ਉਚਾਰਣ-ਵਿਧੀ | 22 |
| ੪.੨.੩ | ਹ੍ਰਸ੍ਵ ਸ੍ਵਰਾਂ ਦੀਆਂ ਧੁਨੀਆਂ | 23 |
| ੪.੨.੩.੧ | ਹ੍ਰਸ੍ਵ ਸ੍ਵਰਾਂ ਦੀ ਸਗਵੇਂ-ਰੂਪ ਅਤੇ ਲਗ-ਰੂਪ ਵਿਚ ਵਰਤੋਂ | 23 |
| ੪.੨.੩.੨ | ਗੁਰਬਾਣੀ ਵਿਚ ਦੋ-ਸੰਧੀ ਸ੍ਵਰਾਂ ਦੀ ਵਰਤੋਂ | 23 |
| ੪.੨.੩.੩ | ਦੋ-ਸੰਧੀ ਸ੍ਵਰਾਂ ਦੀ ਥਾਵੇਂ ਇਕਹਿਰੇ ਸ੍ਵਰਾਂ ਦੀ ਪ੍ਰਪਾਟੀ | 24 |
| ੪.੨.੩.੪ | ਦੋ-ਸੰਧੀ ਸ੍ਵਰਾਂ ਦਾ ਉਚਾਰਣ | 25 |
| ੪.੨.੩.੫ | ਸ਼ਬਦਾਂ ਦੇ ਅੰਤਲੇ ਹ੍ਰਸ੍ਵ ਸ੍ਵਰਾਂ ਦਾ ਉਚਾਰਣ | 26 |
| ੪.੨.੪ | ਸ੍ਵਰ 'ਯ' | 27 |
| ੪.੨.੫ | ਸ੍ਵਰ 'ਯ' ਦੀਆਂ ਵੱਖ ਵੱਖ ਧੁਨੀਆਂ | 27 |
| ੪.੨.੫.੧ | ਵੱਖ ਵੱਖ ਲਗ-ਮਾਤ੍ਰੀ ਸ੍ਵਰਾਂ ਸਹਿਤ 'ਯ' ਤੇ ਉਸ ਦੀਆਂ ਧੁਨੀਆਂ | 33 |
| ੪.੨.੫.੨ | ਇਕੋ ਜਿਹੀ ਬਣਤਰ ਵਾਲੇ ਸ਼ਬਦਾਂ ਵਿਚ 'ਯ' ਦੀ ਫ਼ਰਕੋ ਫ਼ਰਕੀ ਧੁਨੀ | 36 |
| ੪.੨.੫.੩ | ਸ੍ਰੀ ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵਯੇ ਅਤੇ ਬੇਨਤੀ ਚੌਪਈ ਵਿਚਲੇ ਸ੍ਵਰ 'ਯ' ਵਾਲੇ ਸ਼ਬਦਾਂ ਦਾ ਲਗ-ਮਾਤ੍ਰੀ ਸ੍ਵਰਾਂ ਵਾਲਾ ਰੂਪ | 37 |

| | | |
|---|---|---|
| ੪.੩.੧੦ | ਦੁੱਤ (ਸੰਜੋਗੀ) ਅੱਖਰ | 78 |
| ੪.੩.੧੦.੧ | ਦੁੱਤ ਅੱਖਰਾਂ ਦਾ ਉਚਾਰਣ-ਨੇਮ | 79 |
| ੪.੩.੧੦.੨ | ਅਗੜ-ਪਿਛੜ ਦੁੱਤ ਅੱਖਰ | 80 |
| ੪.੩.੧੦.੩ | ਅਰੰਭਕ ਦੁੱਤ ਅੱਖਰਾਂ ਵਾਲੇ ਸੰਸਕ੍ਰਿਤ/ਪ੍ਰਾਕ੍ਰਿਤ ਸ਼ਬਦਾਂ ਦਾ ਪੰਜਾਬੀ ਰੂਪ | 80 |
| ੪.੩.੧੧ | ਨਾਸਿਕਤਾ | 81 |
| ੪.੩.੧੧.੧ | ਮੂਲਕ-ਅੰਗੀ ਨਾਸਕੀ-ਚਿੰਨ੍ਹ | 81 |
| ੪.੩.੧੧.੨ | ਵਿਆਕਰਣਿਕ ਨਾਸਕੀ-ਚਿੰਨ੍ਹ | 81 |
| ੪.੩.੧੨ | ਅੰਤਲੇ ਸ੍ਵਰਾਂ ਦੀ ਨਾਸਿਕਤਾ ਦੇ ਨੇਮ | 82 |
| ੪.੩.੧੨.੧ | ਪੁਲਿੰਗ ਨਾਂਵ | 82 |
| ੪.੩.੧੨.੨ | ਇਸਤ੍ਰੀ-ਲਿੰਗ ਨਾਂਵ | 85 |
| ੪.੩.੧੨.੩ | ਵਿਸ਼ੇਸ਼ਣ | 87 |
| ੪.੩.੧੨.੪ | ਪੜਨਾਂਵ | 88 |
| ੪.੩.੧੨.੫ | ਕਿਰਿਆ—ਕਰਤ੍ਰੀ-ਵਾਚ | 89 |
| | (ੳ) ਵਰਤਮਾਨ ਕਾਲ | 89 |
| | (ਅ) ਭੂਤ ਕਾਲ | 90 |
| | (ੲ) ਭਵਿਖਤ ਕਾਲ | 90 |
| | (ਸ) ਹੁਕਮੀ ਭਵਿਖਤ ਕਾਲ | 92 |
| ੪.੩.੧੨.੬ | ਕਿਰਿਆ-ਕਰਮਨੀ-ਵਾਚ | 93 |
| ੪.੩.੧੨.੭ | ਕਿਰਦੰਤ | 93 |
| ੪.੩.੧੨.੮ | ਕਿਰਿਆ-ਵਿਸ਼ੇਸ਼ਣ | 95 |
| ੫. | ਜੁੜਤ ਪਦਾਂ ਦੇ ਨਿਖੜਵੇਂ ਸ਼ਬਦ-ਜੋੜ | 96 |
| ੬. | ਪਾਠ ਵਿਚ ਅਰਧ-ਬਿਸ੍ਰਾਮ | 98 |
| ੭. | ਨਿਜੀ ਲਾਪਰਵਾਹੀ ਕਾਰਨ ਗ਼ਲਤ ਉਚਾਰਣ | 101 |

# ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਤਮਿਕ ਗਿਆਨ ਦਾ ਅਮੁਲ ਭੰਡਾਰ ਹਨ। ਇਸ ਰੱਬੀ-ਗਿਆਨ ਦਾ ਆਵੇਸ਼, ਸਤਿਗੁਰਾਂ ਅਤੇ ਦਿਵ-ਬਿਰਤੀ ਵਾਲੇ ਭਗਤ-ਜਨਾਂ ਦੇ ਨਿਰਮਲ ਹਿਰਦਿਆਂ ਵਿਚ, ਪਰਮ-ਸਤਿ ਨਾਲ ਅੰਤਰ-ਆਤਮੇ ਇਕ-ਸੁਰ ਹੋਣ ਸਮੇਂ ਹੋਇਆ। ਇਹ ਰੱਬੀ-ਗਿਆਨ ਫਿਰ ਉਹਨਾਂ ਦੀ ਰਸਨਾ ਤੋਂ ਪਾਵਨ ਬਾਣੀ ਦੇ ਰੂਪ ਵਿਚ ਸਾਕਾਰ ਹੋਇਆ। ਸਤਿਗੁਰਾਂ ਅਤੇ ਭਗਤ-ਜਨਾਂ ਦੀ ਪਾਵਨ ਬਾਣੀ ਦਾ ਸੰਕਲਨ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ 'ਪੋਥੀ ਸਾਹਿਬ' ਦੇ ਰੂਪ ਵਿਚ ਸੰਮਤ ੧੬੬੧ ਬਿ: ਵਿਚ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਬਾਣੀ ਇਸ ਦੇ ਰਚੇ ਜਾਣ ਦੇ ਸਮੇਂ ਦੀ ਲੋਕ-ਭਾਸ਼ਾ ਵਿਚ ਹੈ। ਗੁਰੂ ਪਾਤਿਸ਼ਾਹ ਬੇਸ਼ਕ ਪੰਜਾਬ ਦੇ ਜੰਮ-ਪਲ ਸਨ, ਪਰ ਰੱਬੀ-ਗਿਆਨ ਦੇ ਪ੍ਰਗਟਾਅ ਲਈ ਉਹਨਾਂ ਵਲੋਂ ਉਸ ਸਮੇਂ ਧਾਰਮਿਕ ਖੇਤਰ ਵਿਚ ਵਰਤੀਂਦੀ ਸਾਧ-ਭਾਸ਼ਾ ਦਾ ਪ੍ਰਯੋਗ ਕੀਤਾ ਗਿਆ, ਜੋ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਦਾ ਸ੍ਰੇਸ਼ਟ ਮਿਸ਼ਰਨ ਸੀ। ਗੁਰਬਾਣੀ ਵਿਚ ਵਰਤੀ ਗਈ ਸਾਧ-ਭਾਸ਼ਾ ਉਤੇ ਪੰਜਾਬੀ ਦਾ ਰੰਗ ਗੂੜ੍ਹਾ ਅਤੇ ਸਪੱਸ਼ਟ ਨਜ਼ਰੀ ਪੈਂਦਾ ਹੈ। ਸਮੁੱਚੇ ਤੌਰ 'ਤੇ ਗੁਰਬਾਣੀ ਦੀ ਭਾਸ਼ਾ ਵਿਚੋਂ ਕਈ ਭਾਸ਼ਾਵਾਂ [ਬ੍ਰਿਜ, ਹਿੰਦਵੀ, ਭਟ-ਭਾਸ਼ਾ, ਸਹਸਕ੍ਰਿਤੀ, ਗਾਥਾ, ਫ਼ਾਰਸੀ (ਰੇਖਤਾ), ਪੰਜਾਬੀ ਅਥਵਾ ਇਸ ਦੀਆਂ ਵੱਖ ਵੱਖ ਉਪ-ਭਾਖਾਂ—ਲਹਿੰਦੀ, ਡੋਗਰੀ, ਪੋਠੋਹਾਰੀ ਆਦਿ] ਦੀ ਵੰਨਗੀ ਉਪਲਬਧ ਹੈ। ਭਗਤ-ਬਾਣੀ ਵਿਚ ਦੈਵੀ-ਭਗਤਾਂ ਦੀਆਂ ਪ੍ਰਾਂਤਕ ਭਾਸ਼ਾਵਾਂ—ਬ੍ਰਿਜ, ਮਾਰਵਾੜੀ, ਗੁਜਰਾਤੀ, ਬੰਗਲਾ, ਮਰਾਠੀ ਆਦਿ ਦੇ ਸ਼ਬਦ ਵੀ ਬੇਅੰਤ ਹਨ।

ਗੁਰਬਾਣੀ ਦੀ ਭਾਸ਼ਾ ਪੰਜ ਸੌ ਸਾਲ ਤੋਂ ਲੈ ਕੇ ਅਠ ਸੌ ਸਾਲ ਤਕ ਪੁਰਾਣੀ ਹੈ। ਗੁਰਬਾਣੀ ਭਾਵੇਂ ਗੁਰਮੁਖੀ ਲਿੱਪੀ ਵਿਚ ਲਿਖੀ ਹੋਈ ਹੈ, ਪਰ ਇਸ ਦੀ ਲਿਖਣ-ਸ਼ੈਲੀ ਤਕਰੀਬਨ ਚਾਰ ਸੌ ਸਾਲ ਪੁਰਾਣੀ ਹੈ, ਜਿਸ ਉਤੇ ਦੇਵਨਾਗਰੀ ਦੀ ਲਿਖਣ-ਸ਼ੈਲੀ ਦਾ ਪ੍ਰਭਾਵ ਸਪੱਸ਼ਟ ਦਿਸਦਾ ਹੈ। ਗੁਰਬਾਣੀ ਦੀ ਲਿਖਤ ਵਿਚ 'ਯ', ਅਤੇ 'ਵ' ਦੀ ਸੁਰੀ ਵਰਤੋਂ ਅਤੇ ਦੂਹਰੀ ਤੀਹਰੀ ਧੁਨੀ ਵਾਲੇ ਸ੍ਵਰਾਂ ਦੀ ਵਰਤੋਂ ਬੇਅੰਤ ਥਾਈਂ ਮਿਲਦੀ ਹੈ, ਪਰ ਅਜਿਹੀ ਵਰਤੋਂ ਅਜੋਕੀ ਪੰਜਾਬੀ ਲਿਖਤ ਵਿਚ ਲਗ ਪਗ ਬੰਦ ਹੋ ਚੁੱਕੀ ਹੈ।

ਸਕੂਲੀ ਵਿਦਿਆ ਦੀ ਪ੍ਰਾਪਤੀ ਨਾਲ ਅਜੋਕੀ ਲਿਖਤ ਨੂੰ ਪੜ੍ਹ ਸਕਣ ਦੀ ਸਮਰੱਥਾ ਤਾਂ ਅਵੱਸ਼ ਆ ਜਾਂਦੀ ਹੈ, ਪਰ ਗੁਰਬਾਣੀ ਦੀ ਪੁਰਾਤਨ ਭਾਸ਼ਾ, ਜੋ ਪੁਰਾਤਨ ਲਿਖਣ-ਸ਼ੈਲੀ ਅਨੁਸਾਰ ਅਤੇ ਖ਼ਾਸ ਕਰਕੇ ਲੜੀਦਾਰ ਰੂਪ ਵਿਚ ਲਿਖੀ ਹੋਈ ਹੈ, ਇਸ ਨੂੰ ਕੇਵਲ ਸਕੂਲੀ ਵਿਦਿਆ ਦੇ ਬਲ-ਬੋਤੇ ਸ਼ੁੱਧ ਰੂਪ ਵਿਚ ਪੜ੍ਹ ਸਕਣਾ ਸੰਭਵ ਨਹੀਂ। ਇਸ ਲਈ ਤਾਂ ਗੁਰਬਾਣੀ ਦੇ ਸੁਸਿਖਿਅਤ ਪਾਠੀ ਸਿੰਘ ਪਾਸੋਂ ਸੰਥਿਆ ਲੈਣੀ ਲੋੜੀਂਦੀ ਹੈ।

ਪਿਛਲੇ ਸਮੇਂ ਵਿਚ ਪ੍ਰਚਲਤ ਪ੍ਰਥਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਗਣ ਤੋਂ ਪਹਿਲਾਂ ਪੰਜ-ਗ੍ਰੰਥੀ, ਦਸ-ਗ੍ਰੰਥੀ, ਬਾਈ ਵਾਰਾਂ, ਭਗਤ-ਬਾਣੀ ਆਦਿ ਕਠਨ ਬਾਣੀ ਦੇ

ਪਾਠ ਦੀ ਸੰਥਿਆ ਸੁਸਿਖਿਅਤ ਪਾਠੀ ਸਿੰਘਾਂ ਤੋਂ ਲਈ ਜਾਂਦੀ ਸੀ ਤੇ ਇਸ ਤੋਂ ਮਗਰੋਂ ਪਾਠ ਸਰਲ ਕਰਨ ਦਾ ਕਾਫ਼ੀ ਅਭਿਆਸ ਕੀਤਾ ਜਾਂਦਾ ਸੀ। ਸਮੇਂ ਦੇ ਗੇੜ ਨਾਲ ਜਾਂ ਤਾਂ ਸੁਸਿਖਿਅਤ ਪਾਠੀ ਸਿੰਘ ਮਿਲਣੇ ਦੁਰਲਭ ਹੋ ਗਏ ਹਨ, ਜਾਂ ਫਿਰ ਸਿਖ ਜਗਿਆਸੂਆਂ ਪਾਸ ਪਾਠ ਦੀ ਸੰਥਿਆ ਲਾਉਣ ਦੀ ਵਿਹਲ ਅਥਵਾ ਲਗਨ ਹੀ ਨਹੀਂ ਰਹੀ। ਬਹੁਤੇ ਪ੍ਰੇਮੀ ਸੰਥਿਆ ਲਏ ਬਗ਼ੈਰ ਹੀ ਪਾਠ ਕਰਨਾ ਅਰੰਭ ਕਰ ਦੇਂਦੇ ਹਨ। ਗੁਰਬਾਣੀ ਦੇ ਸ਼ੁੱਧ ਪਾਠ ਕਰਨ ਦੀ ਸਮਰੱਥਾ ਲਈ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਤਾਂ ਸਾਰਿਆਂ ਵਲੋਂ ਕੀਤੀ ਜਾਂਦੀ ਹੈ, ਪਰ ਇਸ ਲਈ ਲੋੜੀਂਦਾ ਉਪਰਾਲਾ ਵਿਰਲੇ ਹੀ ਕਰਦੇ ਹਨ।

ਅੱਜ ਕਲ੍ਹ ਤਕਰੀਬਨ ਹਰ ਸ਼ਹਿਰ ਵਿਚ ਅਖੰਡ ਪਾਠ ਸੇਵਾ ਸੁਸਾਇਟੀਆਂ ਬਣੀਆਂ ਹੋਈਆਂ ਹਨ, ਜੋ ਪ੍ਰੇਮੀ-ਪਾਠੀਆਂ ਕੋਲੋਂ ਨਿਸ਼ਕਾਮ ਭਾਵਨਾ ਨਾਲ ਘਰੋ-ਘਰੀ ਪਾਠ ਕਰਾਉਂਦੀਆਂ ਹਨ। ਉਹਨਾਂ ਦੀ ਭਾਵਨਾ ਅਤੇ ਪ੍ਰਯੋਜਨ ਤਾਂ ਬਹੁਤ ਸ਼ਲਾਘਾ-ਯੋਗ ਹੈ, ਪਰ ਵੇਖਣ ਵਿਚ ਆਇਆ ਹੈ ਕਿ ਅਣਸਿਖੇ ਪ੍ਰੇਮੀ ਪਾਠ ਕਰਨ ਵਿਚ ਅਣਗਿਣਤ ਗ਼ਲਤੀਆਂ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਅਖੰਡ ਪਾਠ ਸੇਵਾ ਸੁਸਾਇਟੀਆਂ ਵਲੋਂ ਗੁਰਬਾਣੀ ਦੇ ਸ਼ੁੱਧ ਉਚਾਰਣ ਸੰਬੰਧੀ ਸਿਖਿਆ ਦੇਣ ਦਿਵਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ।

ਗੁਰਬਾਣੀ ਦੇ ਸ਼ੁੱਧ ਉਚਾਰਣ ਦੇ ਮਹੱਤਵ-ਪੂਰਨ ਵਿਸ਼ੇ ਵੱਲ ਪੰਥਕ ਪੱਧਰ 'ਤੇ ਲੋੜੀਂਦਾ ਧਿਆਨ ਅੱਜ ਤਕ ਨਹੀਂ ਦਿੱਤਾ ਗਿਆ। ਕੁਝ ਕੁ ਸੁਭਾਗੇ ਵਿਅਕਤੀਆਂ ਜਾਂ ਸੰਸਥਾਵਾਂ ਵਲੋਂ ਨਿੱਜੀ ਪੱਧਰ 'ਤੇ ਥੋੜ੍ਹਾ ਬਹੁਤ ਧਿਆਨ ਦਿੱਤਾ ਗਿਆ ਹੈ, ਪਰ ਉਚਾਰਣ ਦੀਆਂ ਸਮੱਸਿਆਵਾਂ, ਜਿਨ੍ਹਾਂ ਬਾਰੇ ਵਿਦਵਾਨਾਂ ਵਿਚ ਪਰਸਪਰ ਵਿਚਾਰਾਂ ਦਾ ਵਖੇਵਾਂ ਹੈ, ਉਹਨਾਂ ਦੇ ਸਮਾਧਾਨ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ ਗਿਆ।

ਵੱਖ ਵੱਖ ਥਾਈਂ ਪਾਠ-ਬੋਧ ਸਮਾਗਮ ਕਰਨ ਦਾ ਲਾਭ ਇਹੀ ਹੁੰਦਾ ਹੈ ਕਿ ਇਹਨਾਂ ਵਿਚ ਉਚਾਰਣ ਸੰਬੰਧੀ ਵੱਖ ਵੱਖ ਵਿਚਾਰ-ਧਾਰਾਵਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਪਰ ਕਿਸੇ ਵਿਸ਼ੇਸ਼ ਪੱਧਰ 'ਤੇ ਇਹਨਾਂ ਵੱਖ ਵੱਖ ਵਿਚਾਰ-ਧਾਰਾਵਾਂ ਨੂੰ ਘੋਖਣ ਮਗਰੋਂ ਨਿਰਣੇ ਲਏ ਬਗ਼ੈਰ ਕੰਮ ਅਧੂਰਾ ਹੀ ਰਹਿੰਦਾ ਹੈ। ਦੋ ਕੁ ਸਾਲ ਹੋਏ, ਭਾਈ ਹਰਮੰਦਰ ਸਿੰਘ ਜੀ ਬੰਬਈ ਵਾਲਿਆਂ ਨੇ ਨਿੱਜੀ ਪੱਧਰ 'ਤੇ ਇਕ ਅਜਿਹਾ ਜਤਨ ਕੀਤਾ। ਉਹਨਾਂ ਨੇ ਵੱਖ ਵੱਖ ਵਿਦਵਾਨਾਂ ਨੂੰ ਗੁਰੂ ਕੇ ਫ਼ਾਰਮ ਇਕੱਤਰ ਕਰ ਕੇ ਉਚਾਰਣ ਦੇ ਕੁਝ ਪੱਖਾਂ ਸੰਬੰਧੀ ਕੁਝ ਸਾਰਥਕ ਸਿੱਟੇ ਕੱਢਣ ਦਾ ਜਤਨ ਕੀਤਾ, ਪਰ ਕੁਝ ਕਾਰਨਾਂ ਕਰਕੇ ਇਹ ਜਤਨ ਵੀ ਅਜੇ ਤਕ ਪੂਰੀ ਤਰ੍ਹਾਂ ਸਾਰਥਕ ਨਹੀਂ ਹੋ ਸਕਿਆ।

ਇਸ ਵਿਸ਼ੇ 'ਤੇ ਇਕ ਪੇਪਰ ਪੰਜਾਬੀ ਯੂਨੀਵਰਸਿਟੀ ਵਿਖੇ ਦਾਸ ਵਲੋਂ ਪੜ੍ਹਿਆ ਗਿਆ ਸੀ, ਜੋ ਯੂਨੀਵਰਸਿਟੀ ਨੇ ਟ੍ਰੈਕਟ ਰੂਪ ਵਿਚ ਪ੍ਰਕਾਸ਼ਤ ਕੀਤਾ ਸੀ। ਉਸ ਤੋਂ ਮਗਰੋਂ ਭਾਈ ਹਰਮੰਦਰ ਸਿੰਘ ਜੀ ਦੇ ਉਪਰਾਲੇ ਸਦਕਾ, ਗੁਰੂ ਕੇ ਫ਼ਾਰਮ ਵਿਚ ਗੁਰਮਤਿ ਵਿਦਵਾਨ-ਮੰਡਲੀ ਦੀ ਹੋਈ ਇਕੱਤ੍ਰਤਾ ਵਿਚ ਸ਼ਬਦਾਂ ਦੇ ਅੰਤਲੇ ਹ੍ਰਸੁ ਸੂਰਾਂ ਦੇ ਉਚਾਰਣ ਬਾਰੇ ਵਿਸ਼ੇਸ਼ ਵਿਚਾਰ ਕੀਤੀ ਗਈ ਸੀ, ਪਰ ਕੋਈ ਨਿਸਚਿਤ ਨਿਰਣਾ ਏਥੇ ਵੀ ਨਾ ਲਿਆ ਗਿਆ। ਇਸ ਹੱਥਲੀ ਪੁਸਤਕ ਵਿਚ ਅੰਤਲੇ ਹ੍ਰਸੁ ਸੂਰਾਂ ਦੇ ਉਚਾਰਣ ਕਰਨ ਦੀ ਪੁਸ਼ਟੀ ਵਿਚ ਪੇਸ਼ ਕੀਤੇ ਗਏ ਸਾਰੇ ਵਿਚਾਰ ਸ਼ਾਮਲ ਕਰ ਦਿੱਤੇ ਗਏ ਹਨ ਤੇ ਇਸ ਤਰ੍ਹਾਂ ਇਸ ਦਾ ਅਕਾਰ ਤਕਰੀਬਨ ਦੂਣਾ ਹੋ ਗਿਆ ਹੈ।

ਗੁਰਬਾਣੀ ਦੇ ਸ਼ੁੱਧ ਉਚਾਰਣ ਸੰਬੰਧੀ ਕਈ ਸਮੱਸਿਆਵਾਂ ਹਨ। ਇਹਨਾਂ ਵਿਚੋਂ ਇਕ ਸਮੱਸਿਆ ਇਹ ਹੈ ਕਿ ਗੁਰਬਾਣੀ ਦੀ ਸ਼ੁੱਧ ਛਪਾਈ ਵੱਲ ਯੋਗ ਧਿਆਨ ਨਹੀਂ ਦਿੱਤਾ ਜਾਂਦਾ।

ਪ੍ਰਕਾਸ਼ਕਾਂ ਅਥਵਾ ਪਰੂਫ਼-ਰੀਡਰਾਂ ਦੀ ਅਣਗਹਿਲੀ ਕਾਰਨ ਕਈ ਅਸ਼ੁੱਧੀਆਂ ਛਪ ਜਾਂਦੀਆਂ ਹਨ। ਏਸ ਤਰ੍ਹਾਂ ਵੱਖ ਵੱਖ ਪ੍ਰਕਾਸ਼ਕਾਂ ਵਲੋਂ ਛਾਪੀ ਜਾਣ ਵਾਲੀ ਬੀੜ ਦੀ ਹਰ ਨਵੀਂ ਐਡੀਸ਼ਨ ਸਮੇਂ ਅਸ਼ੁੱਧੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਚਲਿਆ ਆ ਰਿਹਾ ਹੈ। ਇਹ ਇਕ ਤਲਖ਼ ਸਚਾਈ ਹੈ ਕਿ ਵੱਖ ਵੱਖ ਪ੍ਰਕਾਸ਼ਕਾਂ ਦੁਆਰਾ ਛਪੀਆਂ ਬੀੜਾਂ ਵਿਚ ਪਰਸਪਰ ਕਈ ਪਾਠ-ਭੇਦ ਹਨ; ਖ਼ਾਸ ਕਰਕੇ ਪਦ-ਛੇਦ ਛਪਾਈ ਵਾਲੀਆਂ ਬੀੜਾਂ ਵਿਚ। ਬੜੇ ਦੁਖ ਦੀ ਗੱਲ ਹੈ ਕਿ ਇਸ ਪਾਸੇ ਕਿਸੇ ਜ਼ਿੰਮੇਵਾਰ ਸੰਸਥਾ ਵਲੋਂ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ।

ਗੁਰਬਾਣੀ ਦੇ ਸ਼ੁੱਧ ਉਚਾਰਣ ਸੰਬੰਧੀ ਹੇਠ ਲਿਖੇ ਪੱਖਾਂ 'ਤੇ ਹੱਥਲੀ ਪੁਸਤਕ ਵਿਚ ਵਿਚਾਰ ਕੀਤੀ ਗਈ ਹੈ:

1. ਲੜੀਦਾਰ ਬੀੜਾਂ ਤੋਂ ਪਾਠ ਕਰਦੇ ਸਮੇਂ ਜੁੜਤ-ਪਦਾਂ ਦੇ ਨਿਖੜਵੇਂ ਸ਼ਬਦ-ਜੋੜ ਦਰੁਸਤ ਬਣਾਏ ਜਾਣ, ਜੋ ਸੰਬੰਧਤ ਸ਼ਬਦ ਦੇ ਪ੍ਰਸੰਗਕ ਅਰਥ-ਭਾਵ, ਭਾਸ਼ਾ ਅਤੇ ਵਿਆਕਰਣਿਕ ਨੇਮਾਂ ਆਦਿ ਦੀ ਕਸਵੱਟੀ 'ਤੇ ਪੂਰੇ ਉਤਰਦੇ ਹੋਣ।
2. ਲੰਮੀਆਂ ਤੁਕਾਂ ਦਾ ਉਚਾਰਣ ਕਰਦਿਆਂ, ਪਾਠ ਦੀ ਲੈਅ ਕਾਇਮ ਰਖਣ ਲਈ ਅਤੇ ਅਰਥ-ਭਾਵ ਸਪੱਸ਼ਟ ਕਰਨ ਲਈ ਯੋਗ ਥਾਵਾਂ 'ਤੇ ਅਰਧ-ਬਿਸ੍ਰਾਮ ਦੇ ਕੇ ਪਾਠ ਕੀਤਾ ਜਾਵੇ।
3. ਪੰਜਾਬੀ ਲਿੱਪੀ ਦੇ ਅੱਖਰਾਂ, ਲਗਾਂ, ਲਗਾਖਰਾਂ ਦਾ ਉਚਾਰਣ ਉਹਨਾਂ ਦੀ ਨਿਸਚਿਤ ਧੁਨੀ ਅਨੁਸਾਰ ਸਪੱਸ਼ਟ ਹੋਵੇ, ਖ਼ਾਸ ਕਰਕੇ ਸ਼ਬਦਾਂ ਦੇ ਅੰਤਲੇ ਅੱਖਰਾਂ ਨੂੰ ਲਗੇ ਹ੍ਰਸ੍ਵ-ਸ੍ਵਰ, ਔਂਕੜ ਅਤੇ ਸਿਹਾਰੀ ਦਾ ਉਚਾਰਣ ਸੂਖਮ ਰੂਪ ਵਿਚ ਜ਼ਰੂਰ ਕੀਤਾ ਜਾਵੇ।
4. ਕੁਝ ਸ਼ਬਦਾਂ ਦਾ ਅਰਥ-ਭਾਵ ਤਾਂ ਹੀ ਸਪੱਸ਼ਟ ਹੁੰਦਾ ਹੈ ਜੇ ਉਹਨਾਂ ਵਿਚਲੇ ਕਿਸੇ ਖ਼ਾਸ ਅੱਖਰ ਦੀ ਧੁਨੀ ਨੂੰ ਦੁੱਤ ਕਰ ਕੇ ਉਚਾਰਿਆ ਜਾਵੇ। ਅਜਿਹਾ ਉਚਾਰਣ ਹੀ ਸ਼ੁੱਧ ਕਿਹਾ ਜਾ ਸਕਦਾ ਹੈ।
5. ਸ਼ਬਦਾਂ ਦੇ ਅੰਤਲੇ ਸ੍ਵਰਾਂ ਦਾ ਉਚਾਰਣ ਸੰਬੰਧਤ ਸ਼ਬਦ ਦੇ ਅਰਥ-ਭਾਵ ਅਤੇ ਗੁਰਬਾਣੀ ਦੇ ਲਗਮਾਤ੍ਰੀ ਨੇਮਾਂ ਅਧੀਨ ਨਾਸਿਕਤਾ ਦੇ ਪੱਖੋਂ ਸ਼ੁੱਧ ਹੋਵੇ।
6. ਗੁਰਬਾਣੀ ਵਿਚ 'ਯ' ਅੱਖਰ ਕੁਝ ਸ਼ਬਦਾਂ ਦੇ ਵਿਚਕਾਰ ਅਤੇ ਕੁਝ ਸ਼ਬਦਾਂ ਦੇ ਅੰਤ ਵਿਚ ਸ੍ਵਰ ਦੇ ਤੌਰ 'ਤੇ ਵਰਤਿਆ ਹੋਇਆ ਹੈ। ਕਈ ਸ਼ਬਦਾਂ ਵਿਚਲੇ ਕੁਝ ਅੱਖਰਾਂ ਨਾਲ 'ਯ' ਅਤੇ 'ਵ' ਦੁੱਤ ਕਰਕੇ ਵਰਤੇ ਹੋਏ ਹਨ। ਇਹਨਾਂ ਦੋਹਾਂ ਅਰਧ-ਸ੍ਵਰ-ਅੱਖਰਾਂ (ਯ ਅਤੇ ਵ) ਦੀ ਧੁਨੀ ਦਾ ਉਚਾਰਣ ਸਹੀ ਕੀਤਾ ਜਾਵੇ।
7. ਸ਼ਬਦਾਂ ਦੇ ਵਿਚਕਾਰ ਜਾਂ ਇਹਨਾਂ ਦੇ ਅੰਤ ਵਿਚ ਆਏ ਲਗ-ਰਹਿਤ 'ਹ' ਅੱਖਰ ਦਾ ਉਚਾਰਣ ਇਸ ਦੀ ਨਿਸਚਿਤ ਧੁਨੀ ਅਨੁਸਾਰ ਕੀਤਾ ਜਾਵੇ, ਨਾ ਕਿ 'ਹਿ' ਵਾਂਗ।
8. ਸ਼ਬਦਾਂ ਦੇ ਅੰਤ ਵਿਚ ਜਿਥੇ 'ਹ' ਅੱਖਰ ਉਤੋੜੁਤੀ ਦੋ ਵਾਰੀ ਆਵੇ, ਪਹਿਲਾ ਮੁਕਤਾ ਰੂਪ ਵਿਚ ਅਤੇ ਦੂਜਾ ਕਿਸੇ ਲਗ ਸਹਿਤ, ਉਥੇ ਇਹਨਾਂ ਦੋਹਾਂ ਵਿਚੋਂ ਦੂਜਾ 'ਹ' ਅੱਖਰ ਸ੍ਵਰ ਰੂਪ ਵਿਚ ਹੁੰਦਾ ਹੈ।

ਗੁਰਬਾਣੀ ਦੇ ਸ਼ੁੱਧ ਉਚਾਰਣ ਦਾ ਵਿਸ਼ਾ ਬੜਾ ਵਿਸ਼ਾਲ ਅਤੇ ਕਠਿਨ ਹੈ। ਇਸ ਸੰਬੰਧੀ ਕੋਈ ਵੀ ਵਿਅਕਤੀ ਨਿਜੀ ਵਿਚਾਰਾਂ ਦੀ ਨਿਰੋਲਤਾ ਅਥਵਾ ਸ਼ੁੱਧਤਾ ਦਾ ਦਾਅਵਾ ਨਹੀਂ ਬੰਨ੍ਹ ਸਕਦਾ। ਦਾਅਵਾ ਬੰਨ੍ਹਣਾ ਉਂਜ ਵੀ ਹਮਾਕਤ ਜਿਹੀ ਹੁੰਦੀ ਹੈ। ਇਸ ਲਈ ਜੋ ਕੁਝ

ਵੀ ਤੁਛ ਬੁਧੀ ਵਿਚ ਸ਼ੁੱਧ ਜਾਪਿਆ ਹੈ, ਇਕ ਸਿਖਿਆਰਥੀ ਦੀ ਹੈਸੀਅਤ ਵਿਚ ਗੁਰਬਾਣੀ-ਪ੍ਰੇਮੀਆਂ ਦੀ ਸੇਵਾ ਵਿਚ ਸਨਿਮਰ ਭਾਵਨਾ ਸਹਿਤ ਭੇਟਾ ਹੈ। ਇਸ ਵਿਚ ਪ੍ਰਗਟ ਕੀਤੇ ਉਚਾਰਣ ਸੰਬੰਧੀ ਵਿਚਾਰ ਕੇਵਲ ਸੁਝਾਅ ਹਨ, ਕੋਈ ਨਿਰਣੇ ਨਹੀਂ। ਇਹ ਪੁਸਤਕ ਵਾਸਤਵ ਵਿਚ ਇਕ ਖੋਜ-ਪੱਤਰ ਹੈ, ਜਿਸ ਉਤੇ ਪੰਥ ਦੀਆਂ ਜ਼ਿੰਮੇਵਾਰ ਸੰਸਥਾਵਾਂ ਵਲੋਂ ਖੁਲ੍ਹੀ ਵਿਚਾਰ-ਗੋਸ਼ਟੀ ਕਰਵਾ ਕੇ ਪੰਥਕ ਪੱਧਰ 'ਤੇ ਕੋਈ ਸਾਰਥਕ ਨਿਰਣੇ ਲਏ ਜਾਣ ਦੀ ਲੋੜ ਹੈ।

ਪਾਠਕਾਂ ਦੇ ਸੌਖ ਲਈ ਪੁਸਤਕ ਦੇ ਅਰੰਭ ਵਿਚ ਸਵਿਸਥਾਰ ਵਿਸ਼ੈ-ਸੂਚੀ ਦੇ ਦਿੱਤੀ ਗਈ ਹੈ। ਇਸ ਦੇ ਨਾਲ ਹੀ ਇਸ ਵਿਚ ਵਰਤੀ ਵਿਆਕਰਣਿਕ ਸ਼ਬਦਾਵਲੀ ਦੀ ਵਿਆਖਿਆ-ਸੂਚੀ ਵੀ ਦਿੱਤੀ ਗਈ ਹੈ, ਜਿਸ ਨਾਲ ਵਿਚਾਰਾਂ ਨੂੰ ਸਮਝਣ ਵਿਚ ਅਵੱਸ਼ ਸਹਾਇਤਾ ਮਿਲੇਗੀ।

ਇਸ ਪੁਸਤਕ ਨਾਲ *ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ* ਭਾਗ ਦੂਜਾ ਸਤਿਗੁਰਾਂ ਦੀ ਮਿਹਰ ਸਦਕਾ ਸੰਪੂਰਨ ਹੋਇਆ। [ਪੁਸਤਕ ਦੇ ਪਹਿਲੇ ਭਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਦੇ ਲੇਖਾਂ ਤੋਂ ਛੁਟ ਸ਼ਬਦਾਂ ਦੇ ਸਿਰਲੇਖਾਂ ਵਿਚ ਵਰਤੀ ਗਈ ਸਾਹਿਤਕ ਅਥਵਾ ਸੰਗੀਤਕ ਤਕਨੀਕੀ ਸ਼ਬਦਾਵਲੀ ਬਾਰੇ ਵਿਸ਼ੇਸ਼ ਜਾਣਕਾਰੀ ਅਤੇ ਸਮੱਗਰ ਗੁਰਬਾਣੀ ਦਾ ਰਾਗ-ਵਾਰ, ਮਹਲੇ-ਵਾਰ, ਘਰ-ਵਾਰ ਅਤੇ ਅੰਕ-ਵਾਰ ਵੇਰਵਾ ਅੰਕਤ ਸੀ]। ਇਸ ਸਮੁੱਚੀ ਪੁਸਤਕ ਦੇ ਕੁਲ ਚਾਰ ਭਾਗ ਹਨ। ਅਗਲੇ ਦੋ ਭਾਗਾਂ ਦੇ ਵਿਸ਼ੇ ਇਸ ਪ੍ਰਕਾਰ ਹਨ :

**(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ : ਭਾਗ ੩**

ਗੁਰਬਾਣੀ ਵਿਆਕਰਣ ਦੀ ਸਰਲ ਗਾਈਡ

**(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ : ਭਾਗ ੪**

ਗੁਰਬਾਣੀ ਵਿਚ ਆਏ ਜੁੜਤ-ਪਦਾਂ ਦੇ ਨਿਖੜਵੇਂ ਸ਼ਬਦ-ਜੋੜਾਂ ਬਾਰੇ ਵੱਖ ਵੱਖ ਵਿਦਵਾਨਾਂ ਦੇ ਵਿਚਾਰ ਅਤੇ ਸਹੀ ਸ਼ਬਦ-ਜੋੜਾਂ ਬਾਰੇ ਸੁਝਾਅ।

ਬਾਕੀ ਰਹਿੰਦਾ ਕੰਮ ਗੁਰਬਾਣੀ ਨਾਲ ਅੰਦਰੋਂ ਜੁੜੇ ਗੁਰਸਿਖ ਵੀਰਨਾਂ ਦੀਆਂ ਅਰਦਾਸਾਂ ਅਤੇ ਅਸੀਸਾਂ ਨਾਲ ਹੀ ਸੰਪੂਰਨ ਹੋ ਸਕਦਾ ਹੈ। ਰੀਝ ਇਕੋ ਹੀ ਹੈ, ਜਨਮ ਸਫਲ ਹੋਵੇ!

ਤੁਮ ਦਾਤੇ ਤੁਮ ਪੁਰਖ ਬਿਧਾਤੇ॥ ਤੁਮ ਸਮਰਥ ਸਦਾ ਸੁਖਦਾਤੇ॥
ਸਭ ਕੋ ਤੁਮ ਹੀ ਤੇ ਵਰਸਾਵੈ, ਅਉਸਰੁ ਕਰਹੁ ਹਮਾਰਾ ਪੂਰਾ ਜੀਉ॥ *(੧੦੦)*

*ਜਾਚਕ—*
**ਜੋਗਿੰਦਰ ਸਿੰਘ ਤਲਵਾੜਾ**

ਅੰਮ੍ਰਿਤਸਰ
26-3-92

# ਦੂਜੀ ਐਡੀਸ਼ਨ

ਪਹਿਲੀ ਐਡੀਸ਼ਨ ਖ਼ਤਮ ਹੋਣ 'ਤੇ ਦੂਜੀ ਐਡੀਸ਼ਨ ਪੇਸ਼ ਹੈ। ਸਾਵਧਾਨੀ ਦੇ ਬਾਵਜੂਦ ਪਹਿਲੀ ਐਡੀਸ਼ਨ ਵਿਚ ਛਪ ਗਈਆਂ ਲਗ-ਮਾਤ੍ਰੀ ਅਸ਼ੁਧੀਆਂ ਦੀ ਇਸ ਐਡੀਸ਼ਨ ਵਿਚ ਸੁਧਾਈ ਕਰ ਦਿੱਤੀ ਗਈ ਹੈ।

# ਪੁਸਤਕ ਵਿਚ ਵਰਤੀ ਗਈ ਵਿਆਕਰਣਿਕ ਸ਼ਬਦਾਵਲੀ ਦੀ ਵਿਆਖਿਆ-ਸੂਚੀ

## (ੳ) ਵਰਣ-ਬੋਧ (Orthography)

| | |
|---|---|
| 1. ਲਿੱਪੀ | ਭਾਸ਼ਾ ਦੀ ਲਿਖਤ ਲਈ ਵਰਤੀ ਜਾਣ ਵਾਲੀ ਸਮੁੱਚੀ ਧੁਨੀ ਆਤਮਿਕ ਚਿੰਨ੍ਹਾਵਲੀ। |
| 2. ਪੈਂਤੀ-ਅੱਖਰੀ | ਪੈਂਤੀ ਅੱਖਰਾਂ ਵਾਲੀ ਗੁਰਮੁਖੀ ਲਿੱਪੀ, ਜੋ ਪੰਜਾਬੀ ਭਾਸ਼ਾ ਦੀ ਲਿਖਤ ਲਈ ਨਿਰਮਿਤ ਕੀਤੀ ਗਈ। |
| 3. ਵਰਣ (ਅੱਖਰ) | ਭਾਸ਼ਾ ਦੀਆਂ ਵੱਖ ਵੱਖ ਧੁਨੀਆਂ ਦੇ ਲਖਾਇਕ ਮੂਲ-ਚਿੰਨ੍ਹ। |
| 4. ਵਰਣ-ਮਾਲਾ | ਭਾਸ਼ਾ ਦੇ ਸਾਰੇ ਅੱਖਰਾਂ ਦੀ ਲੜੀ। |
| 5. (i) ਧੁਨੀ | ਕਿਸੇ ਅੱਖਰ ਜਾਂ ਸੂਰ ਦੀ ਨਿਸਚਿਤ ਅਵਾਜ਼। |
| (ii) ਸੂਰ ਧੁਨੀ | ਉਹ ਧੁਨੀ, ਜਿਸ ਦੇ ਉਚਾਰਣ ਵਿਚ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਾ ਕਰਨ। |
| (iii) ਵਿਅੰਜਨ-ਧੁਨੀ | ਜਿਸ ਦਾ ਉਚਾਰਣ ਸੂਰ ਦੀ ਸਹਾਇਤਾ ਨਾਲ ਹੋਵੇ ਅਤੇ ਜੋ ਸਾਹ ਦੇ ਰਾਹ ਵਿਚ ਕਿਸੇ ਪ੍ਰਕਾਰ ਦੀ ਰੁਕਾਵਟ ਪਾ ਕੇ ਉਚਾਰੀ ਜਾਵੇ। |
| (iv) ਨਾਸਕੀ ਧੁਨੀ | ਜਿਸ ਦੇ ਉਚਾਰਣ ਵਿਚ ਅਵਾਜ਼ ਨੱਕ ਥਾਣੀਂ ਨਿਕਲੇ ਅਤੇ ਨਾਸਕੀ ਗੂੰਜ ਪੈਦਾ ਹੋਵੇ। ਇਸ ਨੂੰ ਨਾਸਿਕਤਾ ਵੀ ਕਿਹਾ ਜਾਂਦਾ ਹੈ। |
| 6. (i) ਲਗਾਂ-ਮਾਤ੍ਰਾਂ | ਸੂਰਾਂ ਨਾਲ ਲੱਗਣ ਵਾਲੇ ਅਥਵਾ ਸੂਰਾਂ ਦੇ ਉਚਾਰਣ ਵਿਚ ਲੱਗਣ ਵਾਲਾ ਸਮਾਂ ਦੱਸਣ ਵਾਲੇ ਚਿੰਨ੍ਹ। |
| (ii) ਮੂਲਕ-ਅੰਗੀ ਚਿੰਨ੍ਹ | ਉਹ ਚਿੰਨ੍ਹ, ਜੋ ਕਿਸੇ ਸ਼ਬਦ ਦੇ ਮੂਲ-ਰੂਪ ਦਾ ਹਿੱਸਾ ਹੋਣ। |
| (iii) ਅਗੇਤਰ | ਕਿਸੇ ਸ਼ਬਦ ਦੇ ਅਰੰਭ ਵਿਚ ਲੱਗਣ ਵਾਲਾ ਚਿੰਨ੍ਹ। |
| (iv) ਪਿਛੇਤਰ | ਕਿਸੇ ਸ਼ਬਦ ਦੇ ਅੰਤ ਵਿਚ ਲੱਗਣ ਵਾਲਾ ਚਿੰਨ੍ਹ। |
| (v) ਦੋ-ਸੰਧੀ ਸੂਰ | ਅੱਗੜ-ਪਿੱਛੜ ਆਏ ਦੋ ਸੂਰ। |
| 7. ਲਗਾਖਰ | ਲਗਾਂ ਦੇ ਅੰਤ ਵਿਚ ਲੱਗਣ ਅਤੇ ਬੋਲਣ ਵਾਲੇ ਚਿੰਨ੍ਹ (ਟਿੱਪੀ, ਬਿੰਦੀ, ਅੱਧਕ)। |
| 8. ਦੁੱਤ ਅੱਖਰ | ਉੱਪਰ-ਥੱਲੀ ਲਿਖੇ ਦੋ ਅੱਖਰਾਂ ਦੇ ਮੇਲ ਨਾਲ ਬਣੇ ਸੰਜੋਗੀ ਅੱਖਰ। |

9. ਦੁੱਤ ਉਚਾਰਣ/ ਬਲ-ਧੁਨੀ — ਕਿਸੇ ਅੱਖਰ ਦੀ ਧੁਨੀ 'ਤੇ ਵਿਸ਼ੇਸ਼ ਬਲ (ਦਬਾਅ) ਦੇ ਕੇ ਕੀਤਾ ਉਚਾਰਣ।

10. ਸ਼ਬਦ (Word) — ਕੁਝ ਸੂਰ-ਸੰਜੁਕਤ ਜਾਂ ਸੂਰ-ਰਹਿਤ ਅੱਖਰਾਂ ਦਾ ਸਾਰਥਕ (ਅਰਥਾਂ ਵਾਲਾ) ਸੰਗ੍ਰਹਿ।

## (ਅ) ਸ਼ਬਦ-ਬੋਧ (Etymology)

1. ਨਾਂਵ — ਕਿਸੇ ਵਿਅਕਤੀ, ਵਸਤੂ, ਅਸਥਾਨ ਆਦਿ ਦਾ ਜਾਂ ਇਹਨਾਂ ਦੇ ਗੁਣ, ਹਾਲਤ, ਕਰਮ ਦਾ ਲਖਾਇਕ ਸ਼ਬਦ।
   - (i) ਸਾਧਾਰਨ ਰੂਪ — ਨਾਂਵ ਦਾ ਉਹ ਰੂਪ, ਜਦੋਂ ਇਸ ਨਾਲ ਕੋਈ ਵਿਭਕਤੀ (ਕਾਰਕ-ਚਿੰਨ੍ਹ) ਨਾ ਹੋਵੇ।
   - (ii) ਸੰਬੰਧਕੀ ਰੂਪ — ਨਾਂਵ ਦਾ ਉਹ ਰੂਪ, ਜਦੋਂ ਇਸ ਨਾਲ ਕੋਈ ਵਿਭਕਤੀ (ਕਾਰਕ-ਚਿੰਨ੍ਹ) ਪ੍ਰਗਟ ਜਾਂ ਲੁਪਤ ਹੋਵੇ।
2. ਪੜਨਾਂਵ — ਕਿਸੇ ਨਾਂਵ ਦੀ ਥਾਵੇਂ ਵਰਤੇ ਜਾਣ ਵਾਲਾ ਸ਼ਬਦ।
3. ਵਿਸ਼ੇਸ਼ਣ — ਕਿਸੇ ਨਾਂਵ, ਪੜਨਾਂਵ ਦੀ ਵਿਸ਼ੇਸ਼ਤਾ ਦਰਸਾਉਣ ਵਾਲਾ ਸ਼ਬਦ।
4. ਕਿਰਿਆ — ਕਿਸੇ ਕੰਮ ਦੇ ਕਰਨ ਅਥਵਾ ਹੋਣ ਬਾਰੇ ਸਮੇਂ ਦੇ ਵੇਰਵੇ ਸਹਿਤ ਜਾਣਕਾਰੀ ਦੇਣ ਵਾਲਾ ਸ਼ਬਦ।
5. ਕਿਰਿਆ-ਵਿਸ਼ੇਸ਼ਣ — ਕਿਸੇ ਕਿਰਿਆ, ਵਿਸ਼ੇਸ਼ਣ ਜਾਂ ਕਿਰਿਆ-ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦਰਸਾਉਣ ਵਾਲਾ ਸ਼ਬਦ।
6. ਸੰਬੰਧਕ — ਵਾਕ ਦੇ ਵੱਖ ਵੱਖ ਅੰਗਾਂ ਦਾ ਪਰਸਪਰ ਸੰਬੰਧ ਦਰਸਾਉਣ ਵਾਲਾ ਸ਼ਬਦ।
7. ਯੋਜਕ — ਦੋ ਸ਼ਬਦਾਂ, ਵਾਕੰਸ਼ਾਂ ਜਾਂ ਵਾਕਾਂ ਨੂੰ ਜੋੜਨ ਵਾਲਾ ਸ਼ਬਦ।
8. ਵਿਸਮਿਕ — ਕਿਸੇ ਅਚਾਨਕ ਘਟਨਾ ਦੇ ਵਰਤਣ 'ਤੇ ਮਨ ਵਿਚੋਂ ਖ਼ੁਸ਼ੀ, ਗ਼ਮੀ, ਅਸਚਰਜਤਾ, ਘਿਰਣਾ ਆਦਿ ਦੇ ਤੀਬਰ ਜਜ਼ਬੇ ਨੂੰ ਪ੍ਰਗਟਾਉਣ ਵਾਲਾ ਸ਼ਬਦ।
9. ਲਿੰਗ — ਜ਼ਨਾਨੇ, ਮਰਦਾਵੇਂ ਜਿਨਸੀ ਭੇਦ ਦਾ ਰੂਪਾਂਤਰ।
   - (i) ਪੁਲਿੰਗ — ਮਰਦਾਵੇਂ ਰੂਪ ਨੂੰ ਦਰਸਾਉਣ ਵਾਲਾ।
   - (ii) ਇਸਤ੍ਰੀ ਲਿੰਗ — ਜ਼ਨਾਨੇ ਰੂਪ ਨੂੰ ਦਰਸਾਉਣ ਵਾਲਾ।
10. ਵਚਨ — ਗਿਣਤੀ ਦੇ ਭੇਦ ਦਾ ਰੂਪਾਂਤਰ।
    - (i) ਇਕ-ਵਚਨ — ਗਿਣਤੀ ਵਿਚ ਇਕ ਦਾ ਵਾਚਕ।
    - (ii) ਬਹੁ-ਵਚਨ — ਗਿਣਤੀ ਵਿਚ ਇਕ ਤੋਂ ਵੱਧ ਦਾ ਵਾਚਕ।
11. ਸਮਾਸ — ਦੋ ਸ਼ਬਦਾਂ ਦਾ, ਉਹਨਾਂ ਦੇ ਰੂਪ ਵਿਚ ਘਟਾਅ-ਵਧਾਅ ਕੀਤੇ ਬਗ਼ੈਰ, ਪਰਸਪਰ ਸੁਮੇਲ।
12. ਸੰਧੀ — ਦੋ ਸ਼ਬਦਾਂ ਦਾ, ਪਿਛਲਾ ਅਗਲਾ ਹਿੱਸਾ ਜੋੜ ਕੇ, ਸਾਂਝਾ ਸ਼ਬਦ ਬਣਾਉਣ ਦੀ ਜੁਗਤੀ।

| | |
|---|---|
| 13. ਕਾਰਕ | ਵਾਕ ਵਿਚ ਨਾਂਵ ਦਾ ਕਿਰਿਆ ਨਾਲ ਜਾਂ ਕਿਸੇ ਹੋਰ ਨਾਂਵ ਨਾਲ ਸੰਬੰਧ। |
| (i) ਕਰਤਾ ਕਾਰਕ | ਵਾਕ ਦਾ ਉਦੇਸ਼ ਅਥਵਾ ਕਿਸੇ ਕੰਮ ਨੂੰ ਕਰਨ ਵਾਲੇ (ਕਰਤਾ) ਦੇ ਵਾਚਕ ਨਾਂਵ ਦਾ ਕਿਰਿਆ ਨਾਲ ਸੰਬੰਧ। |
| (ii) ਕਰਮ ਕਾਰਕ | ਜਿਸ ਉਤੇ ਕਿਰਿਆ ਵਾਪਰੇ, ਉਸ ਦੇ ਵਾਚਕ ਨਾਂਵ ਦਾ ਕਿਰਿਆ ਨਾਲ ਸੰਬੰਧ। |
| (iii) ਕਰਣ ਕਾਰਕ | ਜਿਸ ਸਾਧਨ (ਵਸੀਲੇ) ਦੁਆਰਾ ਕੋਈ ਕੰਮ ਕੀਤਾ ਜਾਵੇ, ਉਸ ਦੇ ਵਾਚਕ ਨਾਂਵ ਦਾ ਕਿਰਿਆ ਨਾਲ ਸੰਬੰਧ। |
| (iv) ਸੰਪ੍ਰਦਾਨ ਕਾਰਕ | ਜਿਸ ਲਈ ਕੰਮ ਕੀਤਾ ਜਾਵੇ ਜਾਂ ਜਿਸ ਨੂੰ ਕੁਝ ਸਮਰਪਣ ਕੀਤਾ ਜਾਵੇ, ਉਸ ਦੇ ਵਾਚਕ ਨਾਂਵ ਦਾ ਕਿਰਿਆ ਨਾਲ ਸੰਬੰਧ। |
| (v) ਅਪਾਦਾਨ ਕਾਰਕ | ਜਿਸ ਤੋਂ ਕੁਝ ਵੱਖ ਕੀਤਾ ਜਾਵੇ ਜਾਂ ਜਿਸ ਤੋਂ ਕਿਰਿਆ ਅਰੰਭ ਹੋਵੇ, ਉਸ ਦੇ ਵਾਚਕ ਨਾਂਵ ਦਾ ਕਿਰਿਆ ਨਾਲ ਸੰਬੰਧ। |
| (vi) ਅਧਿਕਰਣ ਕਾਰਕ | ਕਿਰਿਆ ਦਾ ਕੰਮ ਜਿਸ ਵਿਅਕਤੀ ਜਾਂ ਵਸਤੂ ਦੇ ਆਸਰੇ ਹੋਵੇ ਜਾਂ ਜਿਸ ਥਾਂ 'ਤੇ ਹੋਵੇ, ਉਸ ਦਾ ਵਾਚਕ ਨਾਂਵ। |
| (vii) ਸੰਬੰਧ ਕਾਰਕ | ਜਿਸ ਵਿਅਕਤੀ, ਵਸਤੂ, ਅਸਥਾਨ ਆਦਿ ਦਾ ਕਿਸੇ ਹੋਰ ਵਿਅਕਤੀ, ਵਸਤੂ, ਅਸਥਾਨ ਨਾਲ ਮਾਲਕੀ ਦਾ ਸੰਬੰਧ ਪ੍ਰਗਟ ਹੋਵੇ, ਉਸ ਦਾ ਵਾਚਕ ਨਾਂਵ। |
| (viii) ਸੰਬੋਧਨ ਕਾਰਕ | ਨਾਂਵ ਦਾ ਉਹ ਰੂਪ, ਜੋ ਕਿਸੇ ਨੂੰ ਸੰਬੋਧਨ ਕਰਨ ਲੱਗਿਆਂ ਵਰਤਿਆ ਜਾਵੇ। |
| 14. ਪੁਰਖ | ਵਿਅਕਤੀ। |
| (i) ਉਤਮ ਪੁਰਖ | ਕਥਨ ਕਰਨ ਵਾਲਾ ਵਿਅਕਤੀ। |
| (ii) ਮਧਮ ਪੁਰਖ | ਜਿਸ ਵਿਅਕਤੀ ਨਾਲ ਗੱਲ ਕੀਤੀ ਜਾਵੇ। |
| (iii) ਅਨ ਪੁਰਖ | ਜਿਸ ਵਿਅਕਤੀ ਬਾਬਤ ਗੱਲ ਕੀਤੀ ਜਾਵੇ। |
| 15. ਧਾਤੂ/ਕਿਰਿਆ-ਮੂਲ | ਮੂਲ ਸ਼ਬਦ, ਜਿਨ੍ਹਾਂ ਤੋਂ ਕਿਰਿਆ ਬਣਦੀਆਂ ਹਨ। |
| 16. ਕਿਰਦੰਤ | ਜੋ ਸ਼ਬਦ ਧਾਤੂ ਤੋਂ ਬਣੇ, ਪਰ ਕਿਰਿਆ ਨਾ ਹੋਵੇ। |
| 17. ਕਰਤ੍ਰੀ ਵਾਚ ਕਿਰਿਆ | ਕਿਰਿਆ ਦਾ ਉਹ ਰੂਪ, ਜਿਸ ਤੋਂ ਇਸ ਦਾ ਕਰਤਾ ਅਥਵਾ ਉਦੇਸ਼ (Subject) ਵਾਕ ਦਾ ਪ੍ਰਧਾਨ ਵਿਸ਼ਾ ਪ੍ਰਗਟ ਹੋਵੇ। |
| 18. ਕਰਮਨੀ ਵਾਚ ਕਿਰਿਆ | ਕਿਰਿਆ ਦਾ ਉਹ ਰੂਪ, ਜਿਸ ਤੋਂ ਇਸ ਦਾ ਕਰਮ ਅਥਵਾ ਵਿਧੇਯ (Object) ਵਾਕ ਦਾ ਪ੍ਰਧਾਨ-ਵਿਸ਼ਾ ਪ੍ਰਗਟ ਹੋਵੇ। |

| | |
|---|---|
| 19. ਕਾਲ | ਸਮਾਂ (Tense)। |
| (i) ਭੂਤ ਕਾਲ ਕਿਰਿਆ | ਬੀਤੇ ਸਮੇਂ ਵਿਚ ਕੰਮ ਦਾ ਹੋਣਾ ਦੱਸਣ ਵਾਲੀ ਕਿਰਿਆ। |
| (ii) ਵਰਤਮਾਨ ਕਾਲ ਕਿਰਿਆ | ਹੁਣ ਦੇ ਸਮੇਂ ਵਿਚ ਕੰਮ ਦਾ ਹੋਣਾ ਦੱਸਣ ਵਾਲੀ ਕਿਰਿਆ। |
| (iii) ਭਵਿੱਖਤ ਕਾਲ ਕਿਰਿਆ | ਆਉਣ ਵਾਲੇ ਸਮੇਂ ਵਿਚ ਕੰਮ ਦਾ ਹੋਣਾ ਦੱਸਣ ਵਾਲੀ ਕਿਰਿਆ। |
| (iv) ਸੰਭਾਵੀ ਭਵਿੱਖਤ ਕਾਲ ਕਿਰਿਆ | ਕਿਰਿਆ ਦੇ ਜਿਸ ਰੂਪ ਤੋਂ ਆਉਣ ਵਾਲੇ ਸਮੇਂ ਵਿਚ ਕਿਸੇ ਕੰਮ ਦੇ ਹੋਣ ਦੀ ਸੰਭਾਵਨਾ ਪ੍ਰਗਟ ਹੋਵੇ। |
| (v) ਹੁਕਮੀ ਭਵਿੱਖਤ ਕਾਲ ਕਿਰਿਆ | ਕਿਰਿਆ ਦੇ ਜਿਸ ਰੂਪ ਤੋਂ ਆਉਣ ਵਾਲੇ ਸਮੇਂ ਵਿਚ ਕਿਸੇ ਕੰਮ ਦੇ ਹੋਣ ਦੀ ਇੱਛਾ, ਬੇਨਤੀ, ਉਪਦੇਸ਼, ਆਗਿਆ ਜਾਂ ਹੁਕਮ ਪ੍ਰਗਟ ਹੋਵੇ। |

# ਗੁਰਬਾਣੀ

## ੧. ਗੁਰਬਾਣੀ—ਸ਼ੁੱਧ ਰੂਪ ਵਿਚ ਸ਼ੁੱਧ ਗਿਆਨ

ਗੁਰਬਾਣੀ ਵਿਸ਼ਵ ਸੰਸਾਰ ਦੇ ਕਲਿਆਣ ਹਿਤ ਧੁਰੋਂ ਬਖ਼ਸ਼ਿਆ ਸ਼ੁੱਧ ਗਿਆਨ ਹੈ, ਜੋ ਮਨੁੱਖ ਮਾਤ੍ਰ ਦੀ, ਜੀਵਨ ਦੇ ਹਰ ਪੱਖ ਵਿਚ, ਅਗਵਾਈ ਕਰਦਾ ਹੈ। ਸਤਿਗੁਰਾਂ ਨੇ ਇਸ ਨੂੰ 'ਰੱਬੀ ਬਾਣੀ', 'ਧੁਰ ਕੀ ਬਾਣੀ' ਅਤੇ 'ਖਸਮ ਕੀ ਬਾਣੀ' ਆਦਿ ਸ਼ਬਦਾਂ ਨਾਲ ਸਤਿਕਾਰਿਆ ਹੈ। ਗੁਰੂ ਬਾਬੇ ਨੇ 'ਸੰਗਤਿ' ਅਤੇ 'ਬਾਣੀ' ਨੂੰ ਕਰਾਮਾਤਿ ਦੱਸਿਆ ਅਤੇ ਇਸ ਕਰਾਮਾਤਿ ਦੁਆਰਾ ਸੰਸਾਰ ਦੇ ਕਲਿਆਣ ਦਾ ਬਾਨ੍ਹਣੂ ਬੱਧਾ। ਇਸ ਅਮੋਲਕ ਖ਼ਜ਼ਾਨੇ ਨੂੰ ਸਤਿਗੁਰਾਂ ਨੇ ਆਪਣੀ ਹੀਣ ਹਯਾਤ ਵਿਚ ਖ਼ੁਦ ਸੰਚਿਤ ਕੀਤਾ ਤੇ ਇਸ ਤਰ੍ਹਾਂ ਇਹ ਸ਼ੁੱਧ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਵਿਦਮਾਨ ਹੈ। ਬਾਣੀ ਨੂੰ ਗੁਰੂ ਕਰਕੇ ਦਰਸਾਇਆ ਗਿਆ ਹੈ। ਇਹ ਬਾਣੀ ਪਾਰਸ-ਰਸਾਇਣੀ-ਕਲਾ ਸੰਪੰਨ ਹੈ। ਇਸ ਪਾਵਨ ਬਾਣੀ ਨਾਲ ਗੁਰੂ ਬਾਬੇ ਨੇ ਕੌੜੇ ਰੇਠੇ ਮਿੱਠੇ ਕਰ ਦਿੱਤੇ, ਪੱਥਰ ਮੋਮ ਕਰ ਦਿੱਤੇ ਅਤੇ ਚੋਰਾਂ, ਠੱਗਾਂ ਤੇ ਰਾਖਸ਼ਾਂ ਦਾ ਉਧਾਰ ਕੀਤਾ। ਇਹ ਪਾਰਸ ਕਲਾ ਅੱਜ ਵੀ ਵਰਤ ਸਕਦੀ ਹੈ ਅਤੇ ਵਰਤਦੀ ਹੈ, ਸ਼ਰਤ ਕੇਵਲ ਇਹ ਹੈ ਕਿ ਗੁਰਬਾਣੀ ਦਾ ਪਾਠ/ਕੀਰਤਨ ਸਤਿਗੁਰਾਂ ਦੀ ਦੱਸੀ ਵਿਧੀ 'ਦਿਲਿ ਹਛੈ ਮੁਖਿ ਲੇਹੁ' ਅਨੁਸਾਰ ਕੀਤਾ ਜਾਵੇ।

ਗੁਰਬਾਣੀ ਦੀ ਮਹੱਤਤਾ ਬਹੁ-ਪੱਖੀ ਹੈ। ਗੁਰਬਾਣੀ 'ਉਪਦੇਸ਼ ਰੂਪ' ਹੈ, 'ਪ੍ਰਕਾਸ਼ ਰੂਪ' ਹੈ, 'ਰਸ ਰੂਪ' ਹੈ, 'ਮੰਤ੍ਰ ਰੂਪ' ਹੈ ਅਤੇ ਇਹਨਾਂ ਸਾਰੇ ਗੁਣਾਂ ਤੋਂ ਉਤੇ ਗੁਰਬਾਣੀ 'ਗੁਰੂ' ਹੈ।

## ੨. ਗੁਰਬਾਣੀ ਦੇ ਸ਼ੁੱਧ ਉਚਾਰਣ ਦੀ ਮਹੱਤਤਾ

ਇਸ ਲੇਖ ਦਾ ਸੰਬੰਧ ਗੁਰਬਾਣੀ ਦੇ ਸ਼ੁੱਧ ਉਚਾਰਣ ਨਾਲ ਹੈ। ਸ਼ੁੱਧ ਉਚਾਰਣ ਦੀ ਵਿਸ਼ੇਸ਼ ਮਹੱਤਤਾ ਹੈ ਅਤੇ ਗੁਰ-ਇਤਿਹਾਸ ਨਾਲ ਸੰਬੰਧਤ ਘਟਨਾਵਾਂ ਵਿਚੋਂ ਦੋ, ਇਸ ਮਹੱਤਤਾ ਨੂੰ ਗਹਿ ਕਰਕੇ ਦ੍ਰਿੜ੍ਹ ਕਰਾਉਂਦੀਆਂ ਹਨ। ਪਹਿਲੀ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਵਲੋਂ ਸ੍ਰੀ ਜਪੁਜੀ ਸਾਹਿਬ ਦੇ ਇਕਾਗਰ-ਚਿਤ ਸ਼ੁੱਧ ਪਾਠ ਕਰਨ ਵਾਲੇ ਤੋਂ ਆਪਾ ਨਿਛਾਵਰ ਕਰਨ ਵਾਲੀ ਅਤੇ ਦੂਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਇਕ ਗੁਰਸਿਖ ਨੂੰ ਗੁਰਬਾਣੀ ਦੀ ਤੁਕ ਵਿਚ 'ਕੈ' ਪਦ ਦੀ ਥਾਵੇਂ 'ਕੇ' ਦੇ ਅਸ਼ੁੱਧ ਉਚਾਰਣ ਵਜੋਂ ਖ਼ਬਰਦਾਰ ਕਰਨ ਦੀ ਘਟਨਾ।

## ੩. ਸ਼ੁੱਧ ਉਚਾਰਣ ਦੇ ਵੱਖ ਵੱਖ ਪੱਖ

ਗੁਰਬਾਣੀ ਦਾ ਸ਼ੁੱਧ ਉਚਾਰਣ ਆਪਣੇ ਆਪ ਵਿਚ ਇਕ ਗੰਭੀਰ ਵਿਸ਼ਾ ਹੈ। ਇਹ ਸਾਧਾਰਨ ਗੱਲ ਨਹੀਂ, ਜਿਹਾ ਕਿ ਆਮ ਸੋਚਿਆ ਜਾਂਦਾ ਹੈ। ਅਸੀਂ ਦੇਖਦੇ ਹਾਂ ਕਿ ਕਈ ਉਚੇਰੀ ਵਿੱਦਿਆ ਨੂੰ ਪ੍ਰਾਪਤ ਸੱਜਣ ਵੀ ਗੁਰਬਾਣੀ ਦੇ ਸ਼ੁੱਧ ਉਚਾਰਣ ਦੀ ਸਮਰੱਥਾ ਨਹੀਂ ਰੱਖਦੇ। ਗੁਰਬਾਣੀ ਦੀ ਬੋਲੀ ਪ੍ਰਮੁਖ ਰੂਪ ਵਿਚ ਭਾਵੇਂ ਸਾਧ-ਭਾਸ਼ਾ ਹੈ, ਪਰ ਇਸ ਵਿਚ ਕਈ

ਭਾਸ਼ਾਵਾਂ ਦੀ ਵੰਨਗੀ ਮਿਲਦੀ ਹੈ, ਜਿਵੇਂ ਬ੍ਰਜ ਭਾਸ਼ਾ, ਹਿੰਦਵੀ ਸਹਸਕ੍ਰਿਤੀ, ਗਾਥਾ, ਅਪਭ੍ਰੰਸ਼, ਰੇਖਤਾ (ਫ਼ਾਰਸੀ), ਪੰਜਾਬੀ ਅਤੇ ਲਹਿੰਦੀ ਆਦਿ। ਫਿਰ ਗੁਰਬਾਣੀ ਦੀ ਲਿਖਾਈ ਨੇਮ-ਬੱਧ ਰੂਪ ਵਿਚ ਕੀਤੀ ਹੋਈ ਹੈ। ਸੋ ਗੁਰਬਾਣੀ ਦੇ ਸ਼ੁੱਧ ਉਚਾਰਣ ਵਿਚ ਪੁਰਾਤਨ ਭਾਸ਼ਾਵਾਂ ਦਾ ਬੋਧ ਹੋਣਾ ਅਤੇ ਲਿਖਤ ਦੇ ਲਗ-ਮਾਤ੍ਰੀ ਨੇਮਾਂ ਦਾ ਬੋਧ ਹੋਣਾ ਇਕ ਲਾਜ਼ਮੀ ਲੋੜ ਹੈ। ਇਸ ਸਭ ਕੁਝ ਦੇ ਬਾਵਜੂਦ ਗੁਰਬਾਣੀ ਦੇ ਸੁਸਿਖਿਅਤ ਪਾਠ-ਗਿਆਨੀਆਂ ਪਾਸੋਂ ਇਸ ਦੀ ਸੰਥਿਆ ਲਏ ਜਾਣ ਦੀ ਵਿਸ਼ੇਸ਼ ਲੋੜ ਹੈ।

ਗੁਰਬਾਣੀ ਦੇ ਸ਼ੁੱਧ ਪਾਠ ਤੋਂ ਭਾਵ ਅਜਿਹੇ ਉਚਾਰਣ ਤੋਂ ਹੈ ਜੋ ਹੇਠ ਲਿਖੇ ਹਰੇਕ ਪੱਖ ਤੋਂ ਪੂਰਣ ਹੋਵੇ :

(ੳ) (i) ਪੰਜਾਬੀ ਲਿੱਪੀ ਦੇ ਅੱਖਰਾਂ, ਲਗਾਂ, ਲਗਾਖਰਾਂ ਦਾ ਉਚਾਰਣ ਉਹਨਾਂ ਦੀ ਨਿਸਚਿਤ ਧੁਨੀ ਅਨੁਸਾਰ ਹੋਵੇ, ਖ਼ਾਸ ਕਰਕੇ ਸ਼ਬਦਾਂਤਿਕ ਲਗਾਂ ਦਾ ਉਚਾਰਣ ਸ਼ੁੱਧ ਰੂਪ ਵਿਚ ਉਠਾਇਆ ਜਾਵੇ।

(ii) ਸ਼ਬਦਾਂ ਦੇ ਪਿਛੇਤਰ-ਸ੍ਵਰਾਂ ਦਾ ਉਚਾਰਣ ਸੰਬੰਧਤ ਸ਼ਬਦ ਦੇ ਅਰਥ-ਭਾਵ ਅਤੇ ਗੁਰਬਾਣੀ ਦੇ ਲਗ-ਮਾਤ੍ਰੀ ਨੇਮਾਂ ਅਧੀਨ ਨਾਸਿਕਤਾ ਦੇ ਪੱਖੋਂ ਸ਼ੁੱਧ ਹੋਵੇ।

(ਅ) ਪਾਠ ਕਰਨ ਸਮੇਂ ਜੁੜਤ-ਪਦਾਂ ਦੇ ਨਿਖੜਵੇਂ ਸ਼ਬਦ-ਜੋੜ ਠੀਕ ਠੀਕ ਬਣਾਏ ਜਾਣ।

(ੲ) ਲੰਮੀਆਂ ਤੁਕਾਂ ਦਾ ਉਚਾਰਣ, ਉਹਨਾਂ ਨੂੰ ਸ੍ਰੋਤਿਆਂ ਦੇ ਸਹਿਲੇ ਸਮਝ ਗੋਚਰੇ ਕਰਨ ਲਈ ਅਤੇ ਅਰਥ-ਭਾਵ ਨਿਖੇੜਨ ਲਈ ਕੁਝ ਭਾਗਾਂ ਵਿਚ ਵੰਡ ਕੇ ਅਤੇ ਯੋਗ ਥਾਵੇਂ ਅਰਧ-ਬਿਸ੍ਰਾਮ ਦੇ ਕੇ ਕੀਤਾ ਜਾਵੇ।

ਉਪ੍ਰੋਕਤ ਪੱਖਾਂ ਸੰਬੰਧੀ ਇਕ-ਇਕ ਕਰਕੇ ਵਿਚਾਰ ਕਰਦੇ ਹਾਂ।

## ੪. ਪੰਜਾਬੀ ਭਾਸ਼ਾ ਤੇ ਇਸ ਦੀ ਲਿੱਪੀ

### ੪.੧ ਪੰਜਾਬੀ ਦੀਆਂ ਧੁਨੀਆਂ ਤੇ ਉਨ੍ਹਾਂ ਦਾ ਉਚਾਰਣ-ਅਸਥਾਨ

ਪੰਜਾਬੀ ਭਾਸ਼ਾ ਦੇ ਲਿਖਣ ਲਈ ਨਿਰਮਿਤ ਕੀਤੀ ਗਈ ਗੁਰਮੁਖੀ ਲਿੱਪੀ ਦੇ ੩੫ ਅੱਖਰ ਹਨ, ਜਿਨ੍ਹਾਂ ਵਿਚੋਂ ਤਿੰਨ (ੳ, ਅ, ੲ) ਸ੍ਵਰੀ ਧੁਨੀਆਂ[੧] ਦੇ ਲਿਖਣ ਲਈ ਵਰਤੇ ਜਾਂਦੇ ਹਨ, ਦੋ ਅੱਖਰ 'ਯ' ਅਤੇ 'ਵ' ਅਰਧ-ਸ੍ਵਰੀ ਧੁਨੀਆਂ ਨੂੰ ਨਿਰੂਪਣ ਕਰਦੇ ਹਨ ਤੇ ਬਾਕੀ ਦੇ ੩੦ ਅੱਖਰ ਵਿਅੰਜਨ[੨] ਧੁਨੀਆਂ ਲਈ ਵਰਤੇ ਜਾਂਦੇ ਹਨ। ਵਿਅੰਜਨੀ ਅਥਵਾ ਅਰਧ-ਸ੍ਵਰੀ ਧੁਨੀਆਂ ਦੇ ਉਚਾਰਣ-ਅਸਥਾਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

| *ਉਚਾਰਣ ਅਸਥਾਨ* | *ਮੂਲ-ਧੁਨੀਆਂ ਵਾਲੇ ਅੱਖਰ* | *[੩]ਵਿਸ਼ੇਸ਼-ਧੁਨੀਆਂ ਵਾਲੇ ਅੱਖਰ* |
|---|---|---|
| ਕੋਮਲ ਤਾਲੂ | ਕ, ਖ, ਗ, ਘ, ਙ | ਗ(ਗ਼), ਖ(ਖ਼) |

---

੧. ਸ੍ਵਰ—ਜੋ ਆਪਣੇ ਆਪ ਤੋਂ ਬੋਲੇ ਤੇ ਜਿਸ ਦੇ ਉਚਾਰਣ ਵਿਚ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਾ ਕਰਨ।

੨. ਵਿਅੰਜਨ—ਜਿਸ ਦਾ ਉਚਾਰਣ ਸ੍ਵਰ ਦੀ ਸਹਾਇਤਾ ਨਾਲ ਹੁੰਦਾ ਹੈ।

੩. ਵਿਸ਼ੇਸ਼ ਧੁਨੀਆਂ—ਫ਼ਾਰਸੀ ਬੋਲੀ ਦੇ ਅੱਖਰ 'ਸ਼ੀਨ', 'ਗ਼ੈਨ', 'ਜ਼ੇ, ਜ਼ਾਲ, ਜ਼ੁਆਦ', 'ਫ਼ੇ' ਅਤੇ 'ਖ਼ੇ' ਦੀਆਂ ਧੁਨੀਆਂ ਨੂੰ ਪ੍ਰਗਟਾਉਣ ਵਾਲੇ ਪੰਜਾਬੀ ਲਿੱਪੀ ਦੇ ਅੱਖਰ ਸ, ਗ, ਜ, ਫ ਅਤੇ ਖ ਹੀ ਹਨ। ਇਹਨਾਂ ਦੀਆਂ ਦੋ-ਦੋ ਧੁਨੀਆਂ ਹਨ, ਇਕ ਮੂਲ-ਧੁਨੀ ਅਤੇ ਦੂਜੀ ਵਿਸ਼ੇਸ਼-ਧੁਨੀ, ਜਿਸ ਦੇ ਪ੍ਰਗਟਾਅ ਲਈ ਮੂਲ ਅੱਖਰਾਂ ਥੱਲੇ ਅੱਜ-ਕਲ੍ਹ ਬਿੰਦੀ ਲਾ ਲਈ ਜਾਂਦੀ ਹੈ।

| | | |
|---|---|---|
| ਤਾਲੂ-ਬੁਟ | ਚ, ਛ, ਜ, ਝ, ਞ | ਸ(ਸ਼) |
| ਕੰਠ-ਦੁਆਰ (ਸੁਰਯੰਤਰ) | ਹ | |
| ਖਰ੍ਹਵਾ ਤਾਲੂ (ਉਲਟਵੀਂ ਜੀਭ ਨਾਲ) | ਟ, ਠ, ਡ, ਢ, ਣ, ੜ | ਲ(ਲ਼) |
| ਦੰਦ | ਤ, ਥ, ਦ, ਧ | |
| ਬੁੱਟ | ਨ, ਰ, ਸ, ਲ | ਜ(ਜ਼) |
| ਬੁੱਲ੍ਹ | ਪ, ਫ, ਬ, ਭ, ਮ | |
| ਹੋਠ-ਦੰਦ | ਵ | ਫ(ਫ਼) |
| ਤਾਲੂ | ਯ | |

***ਨੋਟ:*** (ੳ) ਵਿਅੰਜਨ-ਧੁਨੀਆਂ ਸਾਹ ਦੇ ਰਸਤੇ ਵਿਚ ਸੰਘ ਜਾਂ ਮੂੰਹ ਵਿਚਲੇ ਕਿਸੇ ਅੰਗ ਦੁਆਰਾ ਕਿਸੇ ਪ੍ਰਕਾਰ ਦੀ ਰੁਕਾਵਟ ਪਾਉਣ ਨਾਲ ਜਾਂ ਰਾਹ ਤੰਗ ਕਰਨ ਨਾਲ ਉਤਪੰਨ ਹੁੰਦੀਆਂ ਹਨ, ਜਦ ਕਿ ਸੁਰ-ਧੁਨੀਆਂ ਦੇ ਉਚਾਰਣ ਵਿਚ ਸਾਹ ਕਿਸੇ ਰੁਕਾਵਟ ਬਗ਼ੈਰ ਹੀ ਮੂੰਹ ਥਾਣੀਂ ਪ੍ਰਵਾਹ ਸਹਿਤ ਲੰਘ ਜਾਂਦਾ ਹੈ ਅਤੇ ਇਨ੍ਹਾਂ ਦੇ ਉਚਾਰਣ ਵਿਚ ਮੂੰਹ ਵਿਚਲੇ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਹੀਂ ਕਰਦੇ।

(ਅ) ਕੰਠ-ਦੁਆਰੀ ਵਿਅੰਜਨ 'ਹ' ਦੇ ਉਚਾਰਣ ਵਿਚ ਵੀ ਮੂੰਹ ਵਿਚਲੇ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਹੀਂ ਕਰਦੇ, ਸਗੋਂ ਇਕ-ਦੂਜੇ ਦੇ ਏਨੇ ਨੇੜੇ ਆ ਜਾਂਦੇ ਹਨ ਕਿ ਉਹਨਾਂ ਵਿਚਾਲੇ ਤੰਗ ਜਿਹੀ ਝੀਤ ਹੀ ਰਹਿ ਜਾਂਦੀ ਹੈ ਤੇ ਸਾਹ ਇਸ ਝੀਤ ਵਿਚ ਰਗੜ ਖਾ ਕੇ ਲੰਘਦਾ ਹੈ। ਇਸ ਲਈ ਵਿਅੰਜਨ ਹੁੰਦਿਆਂ ਹੋਇਆਂ 'ਹ' ਵਿਚ ਸੁਰੀ ਗੁਣ ਵੀ ਮੌਜੂਦ ਹਨ।

(ੲ) ਙ, ਞ, ਣ, ਨ, ਮ ਦਾ ਉਚਾਰਣ ਆਪੋ ਆਪਣੇ ਉਪ੍ਰੋਕਤ ਵਰਣਿਤ ਅਸਥਾਨਾਂ ਉਤੇ ਹੀ ਹੁੰਦਾ ਹੈ, ਪਰ ਇਹਨਾਂ ਦੀ ਆਵਾਜ਼ ਨੱਕ ਥਾਣੀਂ ਵੀ ਨਿਕਲਦੀ ਹੈ, ਜਿਸ ਨਾਲ ਨਾਸਕੀ ਗੂੰਜ ਪੈਦਾ ਹੁੰਦੀ ਹੈ। ਇਸ ਲਈ ਇਹਨਾਂ ਨੂੰ ਨਾਸਕੀ ਅੱਖਰ ਆਖੀਦਾ ਹੈ।

## ੪.੨ ਸੁਰ (Vowels)

### ੪.੨.੧ ਸੁਰਾਂ ਦੇ ਸਰੂਪ

ਲਿੱਪੀ ਦੇ ਉਹ ਚਿੰਨ੍ਹ, ਜੋ ਆਪਣੇ ਆਪ ਤੋਂ ਬੋਲਦੇ ਹਨ, 'ਸੁਰ' ਆਖੀਦੇ ਹਨ। ਪੰਜਾਬੀ ਵਰਣਮਾਲਾ ਦੇ ੳ, ਅ, ੲ, ਇਹ ਤਿੰਨ ਸੁਰੀ-ਅੱਖਰ ਹਨ। ਇਨ੍ਹਾਂ ਸੁਰੀ-ਅੱਖਰਾਂ ਅਤੇ ਪੰਜਾਬੀ ਲਿੱਪੀ ਦੀਆਂ ਲਗਾਂ-ਮਾਤ੍ਰਾਂ ਦੇ ਸੁਮੇਲ ਤੋਂ ਦਸ ਸੁਰ ਬਣਦੇ ਹਨ। ਪੰਜਾਬੀ ਲਿੱਪੀ ਦੀਆਂ ਹੇਠ ਲਿਖੀਆਂ ਦਸ ਲਗਾਂ-ਮਾਤ੍ਰਾਂ ਹਨ:

ਮੁਕਤਾ (ਚਿੰਨ੍ਹ ਰਹਿਤ), ਕੰਨਾ (ਾ), ਸਿਹਾਰੀ (ਿ), ਬਿਹਾਰੀ (ੀ), ਔਂਕੜ (ੁ), ਦੁਲੈਂਕੜੇ (ੂ), ਲਾਂ (ੇ), ਦੋਲਾਵਾਂ (ੈ), ਹੋੜਾ (ੋ), ਕਨੌੜਾ (ੌ)।

***ਨੋਟ:*** ਉਪ੍ਰੋਕਤ ਚਿੰਨ੍ਹਾਂ ਨੂੰ 'ਲਗਾਂ' ਇਸ ਲਈ ਆਖਦੇ ਹਨ ਕਿ ਇਹਨਾਂ ਦੇ ੳ, ਅ, ੲ, ਅੱਖਰਾਂ ਨਾਲ ਲਗਣ ਕਰਕੇ ਸੁਰ ਬਣਦੇ ਹਨ ਅਤੇ 'ਮਾਤ੍ਰਾਂ' ਇਸ ਲਈ ਕਿ ਇਹ ਚਿੰਨ੍ਹ ਸੁਰਾਂ ਦੇ ਉਚਾਰਣ ਵਿਚ ਲਗਣ ਵਾਲੇ ਸਮੇਂ ਦਾ ਮਾਪ ਦੱਸਦੇ ਹਨ।

ਸੁਰੀ-ਅੱਖਰਾਂ (ੳ, ਅ, ੲ) ਨਾਲ ਇਹਨਾਂ ਦੀਆਂ ਅਨੁਸਾਰੀ ਲਗਾਂ ਮਿਲਾ ਕੇ ਹੇਠ ਲਿਖੇ ਦਸ ਸੁਰ ਬਣਦੇ ਹਨ :

ਅ, ਆ, ਇ, ਈ, ਉ, ਊ, ਏ, ਐ, ਓ, ਔ।

ਉਪ੍ਰੋਕਤ ਦਸਾਂ ਵਿਚ ਨੌਂ ਸੁਰਾਂ ਦੇ ਦੋ-ਦੋ ਮਿਲਵੇਂ ਚਿੰਨ੍ਹ ਹਨ (ਇਕ-ਇਕ ਅੱਖਰ ਅਤੇ ਇਕ-ਇਕ ਲਗ)। ਸ਼ਬਦਾਂ ਦੀ ਬਣਤਰ ਵਿਚ ਜਦੋਂ ਇਹ ਸੁਰ ਇਕੱਲੇ, ਭਾਵ ਕਿਸੇ ਵਿਅੰਜਨ ਨੂੰ ਲਗਣ ਤੋਂ ਬਗ਼ੈਰ ਆਉਂਦੇ ਹਨ ਤਾਂ ਇਹਨਾਂ ਦਾ ਉਪ੍ਰੋਕਤ ਸਗਵਾਂ (Original) ਰੂਪ ਹੀ ਕਾਇਮ ਰਹਿੰਦਾ ਹੈ, ਪਰ ਜਦੋਂ ਇਹ ਵਿਅੰਜਨ ਅੱਖਰਾਂ ਨੂੰ ਲੱਗਦੇ ਹਨ ਤਾਂ ਸੁਰੀ ਅੱਖਰਾਂ (ੳ, ਅ, ੲ) ਦਾ ਅਭਾਵ ਹੋ ਜਾਂਦਾ ਹੈ ਅਤੇ ਕੇਵਲ ਲਗਾਂ ਹੀ ਵਿਅੰਜਨ ਅੱਖਰਾਂ ਨੂੰ ਲਗਦੀਆਂ ਹਨ; ਜਿਵੇਂ :

(i) ਸਗਵੇਂ ਰੂਪ ਵਿਚ : ਆਸ, ਇਸ਼ਟ, ਈਸ਼ਰ, ਉਪਮਾ, ਊਂਘ, ਏਕਲ, ਐਬ, ਓਟ, ਔਖ।

(ii) ਵਿਅੰਜਨਾਂ ਨਾਲ ਸੰਮਿਲਤ ਰੂਪ ਵਿਚ : ਮਾਸ, ਪਿਤਰ, ਖੀਰ, ਹੁਕਮ, ਤੂਰ, ਕੇਸਰ, ਮੈਗਲ, ਲੋਕ, ਧੌਲ।

*ਨੋਟ :* (ੳ) ਉਪ੍ਰੋਕਤ ਸੁਰਾਂ ਵਿਚੋਂ 'ਔ' ਸੁਰ ਦੀ ਵਰਤੋਂ ਗੁਰਬਾਣੀ ਵਿਚ ਬਹੁਤ ਸੰਕੋਚਵੀਂ ਮਿਲਦੀ ਹੈ। ਕਿਸੇ ਸ਼ਬਦ ਦੇ ਅਰੰਭ ਵਿਚ ਆਉਂਦੀ ਸਗਵੀਂ 'ਔ' ਧੁਨੀ ਲਈ ਗੁਰਬਾਣੀ ਵਿਚ 'ਅਉ' ਦੀ ਵਰਤੋਂ ਕੀਤੀ ਹੋਈ ਮਿਲਦੀ ਹੈ ਅਤੇ ਕਿਸੇ ਵਿਅੰਜਨ ਅੱਖਰ ਨਾਲ ਸੰਮਿਲਤ ਹੋ ਕੇ ਇਸ ਧੁਨੀ ਦੇ ਆਉਣ ਦੀ ਸੂਰਤ ਵਿਚ ਸੰਬੰਧਤ ਵਿਅੰਜਨ ਅੱਖਰ ਨਾਲ 'ਉ' ਵਰਤਿਆ ਹੋਇਆ ਹੈ; ਜਿਵੇਂ :

ਔਰ ਦੀ ਥਾਵੇਂ ਅਉਰ
ਔਰਤਿ ਦੀ ਥਾਵੇਂ ਅਉਰਤਿ
ਔਸਰੁ ਦੀ ਥਾਵੇਂ ਅਉਸਰੁ
ਪੌਣ ਦੀ ਥਾਵੇਂ ਪਉਣ
ਕੌਣ ਦੀ ਥਾਵੇਂ ਕਉਣ
ਧੌਲ ਦੀ ਥਾਵੇਂ ਧਉਲ
ਕੌ ਦੀ ਥਾਵੇਂ ਕਉ
ਭੌ ਦੀ ਥਾਵੇਂ ਭਉ

(ਅ) ਉਂਜ ਇਹਨਾਂ ਦੋਹਾਂ ਸੁਰ-ਚਿੰਨ੍ਹਾਂ (ਔ ਅਤੇ ਅਉ) ਦੀ ਧੁਨੀ ਵਿਚ ਕੋਈ ਫ਼ਰਕ ਨਹੀਂ।

### ੪.੨.੨ ਸੁਰਾਂ ਦੀਆਂ ਕਿਸਮਾਂ ਤੇ ਉਨ੍ਹਾਂ ਦੀ ਉਚਾਰਣ-ਵਿਧੀ

ਉਪ੍ਰੋਕਤ ਦਸਾਂ ਵਿਚੋਂ ਤਿੰਨ ਸੁਰ (ਅ, ਇ ਅਤੇ ਉ) ਹ੍ਰਸ੍ਵ ਸੁਰ ਹਨ ਅਤੇ ਬਾਕੀ ਦੇ ਸੱਤ ਦੀਰਘ ਸੁਰ। ਸੁਰਾਂ ਦੇ ਉਚਾਰਣ ਵਿਚ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਹੀਂ ਕਰਦੇ। ਵੱਖ ਵੱਖ ਸੁਰਾਂ ਦੇ ਉਚਾਰਣ ਵਿਚ ਕੇਵਲ ਜੀਭ ਦੇ ਵੱਖ ਵੱਖ ਭਾਗ (ਪਿਛਲਾ, ਵਿਚਲਾ ਅਤੇ ਮੂਹਰਲਾ) ਉਚੇ ਉਠਦੇ ਹਨ; ਹ੍ਰਸ੍ਵ ਸੁਰਾਂ ਦੇ ਉਚਾਰਣ ਵਿਚ ਕੁਝ ਥੋੜਾ ਅਤੇ ਦੀਰਘ ਸੁਰਾਂ ਦੇ ਉਚਾਰਣ ਵਿਚ ਕੁਝ ਵਧੇਰੇ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

(i) 'ਅ' ਅਤੇ 'ਆ', ਇਹਨਾਂ ਦੋਹਾਂ ਸ੍ਵਰਾਂ ਦੇ ਉਚਾਰਣ ਵਿਚ ਜੀਭ ਦਾ ਵਿਚਕਾਰਲਾ ਭਾਗ ਉਚਾ ਉਠਦਾ ਹੈ, 'ਅ' ਦੇ ਉਚਾਰਣ ਵਿਚ ਕੁਝ ਥੋੜਾ ਅਤੇ 'ਆ' ਦੇ ਉਚਾਰਣ ਵਿਚ ਕੁਝ ਵਧੇਰੇ।

(ii) 'ਇ' ਅਤੇ 'ਈ', ਇਹਨਾਂ ਦੋਹਾਂ ਦੇ ਉਚਾਰਣ ਵਿਚ ਜੀਭ ਦਾ ਮੂਹਰਲਾ ਭਾਗ ਉਚਾ ਉਠਦਾ ਹੈ, 'ਇ' ਦੇ ਉਚਾਰਣ ਵਿਚ ਕੁਝ ਥੋੜਾ ਅਤੇ 'ਈ' ਦੇ ਉਚਾਰਣ ਵਿਚ ਕੁਝ ਵਧੇਰੇ।

(iii) 'ਉ' ਅਤੇ 'ਊ', ਇਹਨਾਂ ਦੋਹਾਂ ਸ੍ਵਰਾਂ ਦੇ ਉਚਾਰਣ ਵਿਚ ਜੀਭ ਦਾ ਪਿਛਲਾ ਭਾਗ ਉਚਾ ਉਠਦਾ ਹੈ, 'ਉ' ਦੇ ਉਚਾਰਣ ਵਿਚ ਕੁਝ ਥੋੜਾ ਅਤੇ 'ਊ' ਦੇ ਉਚਾਰਣ ਵਿਚ ਕੁਝ ਵਧੇਰੇ।

(iv) ਏ ਅਤੇ ਐ ਉਪ੍ਰੋਕਤ (ii) ਵਾਂਗ

(v) ਓ ਅਤੇ ਔ ਉਪ੍ਰੋਕਤ (iii) ਵਾਂਗ

***ਨੋਟ:*** ਉ, ਊ, ਓ, ਔ, ਇਹਨਾਂ ਸ੍ਵਰਾਂ ਦੇ ਉਚਾਰਣ ਵੇਲੇ ਬੁੱਲ੍ਹ ਗੋਲ ਕਰਨੇ ਪੈਂਦੇ ਹਨ ਅਤੇ ਇਸ ਹਾਲਤ ਵਿਚ ਇਹਨਾਂ ਦਾ ਉਚਾਰਣ-ਅਸਥਾਨ ਬੁੱਲ੍ਹ ਵੀ ਬਣ ਜਾਂਦੇ ਹਨ।

### ੪.੨.੩ ਹ੍ਰਸ੍ਵ ਸ੍ਵਰਾਂ ਦੀਆਂ ਧੁਨੀਆਂ

#### ੪.੨.੩.੧ ਹ੍ਰਸ੍ਵ ਸ੍ਵਰਾਂ ਦੀ ਸਗਵੇਂ-ਰੂਪ ਅਤੇ ਲਗ-ਰੂਪ ਵਿਚ ਵਰਤੋਂ

'ਅ', 'ਉ' ਅਤੇ 'ਇ', ਪੰਜਾਬੀ ਦੇ ਇਹ ਤਿੰਨ ਹ੍ਰਸ੍ਵ ਸ੍ਵਰ ਹਨ। ਸ਼ਬਦਾਂ ਦੀ ਬਣਤਰ ਵਿਚ, ਸ੍ਵਰ ਵਜੋਂ, ਇਹ ਤਿੰਨੇ ਹ੍ਰਸ੍ਵ ਸ੍ਵਰ ਆਪਣੇ ਨਿਖੜਵੇਂ ਅਤੇ ਸਗਵੇਂ ਰੂਪ ਵਿਚ ਹੀ ਵਰਤੇ ਜਾਂਦੇ ਹਨ, ਪਰ ਵਿਅੰਜਨ ਅੱਖਰਾਂ ਨੂੰ ਕੇਵਲ ਲਗ-ਰੂਪ ਵਿਚ ਲਗਦੇ ਹਨ।

#### ੪.੨.੩.੨ ਗੁਰਬਾਣੀ ਵਿਚ ਦੋ-ਸੰਧੀ ਸ੍ਵਰਾਂ ਦੀ ਵਰਤੋਂ

ਪੁਰਾਣੀ ਪੰਜਾਬੀ ਅਥਵਾ ਗੁਰਬਾਣੀ ਵਿਚ ਕੁਝ ਅਜਿਹੇ ਸ਼ਬਦ ਮਿਲਦੇ ਹਨ ਜਿਨ੍ਹਾਂ ਵਿਚ ਹ੍ਰਸ੍ਵ ਸ੍ਵਰ 'ਉ' ਅਤੇ 'ਇ' ਵਿਅੰਜਨ ਅੱਖਰਾਂ ਨੂੰ ਲਗ-ਰੂਪ ਵਿਚ ਲੱਗਣ ਦੀ ਬਜਾਏ ਇਹਨਾਂ ਤੋਂ ਮਗਰੋਂ ਸਗਵੇਂ ਨਿਖੜਵੇਂ ਰੂਪ ਵਿਚ ਵਰਤੇ ਹੋਏ ਹਨ; ਜਿਵੇਂ:

ਉ—ਧਉਲ, ਪਉਣ, ਕਉਤਕ, ਕਉਣ, ਭਉ, ਸਉ, ਕਉ, ਆਦਿ।

ਇ—ਬਸਇ, ਸਇ, ਪਇ, ਜਇ, ਖਇ, ਆਦਿ।

ਗੁਰਬਾਣੀ ਵਿਚ 'ਯ' ਅੱਖਰ ਦੀ ਸ੍ਵਰ ਵਜੋਂ ਵਰਤੋਂ ਵੀ ਕਾਫ਼ੀ ਮਿਲਦੀ ਹੈ। ਕੁਝ ਸ਼ਬਦਾਂ ਵਿਚ ਸ੍ਵਰ 'ਯ' ਦੀ ਧੁਨੀ ਹ੍ਰਸ੍ਵ ਸ੍ਵਰ 'ਇ' ਦੇ ਬਰਾਬਰ ਬਣਦੀ ਹੈ; ਜਿਵੇਂ:

ਜਯ — ਜਇ
ਭਯ — ਭਇ
ਰਯਣਿ — ਰਇਣਿ
ਬਯਣ — ਬਇਣ
ਨਯਣ — ਨਇਣ

ਉਪ੍ਰੋਕਤ ਵਰਣਤ ਸ਼ਬਦਾਂ ਵਿਚ ਹ੍ਰਸ੍ਵ ਸ੍ਵਰ 'ਉ' ਅਤੇ 'ਇ' ਦੀ ਵਰਤੋਂ ਦੋ-ਸੰਧੀ ਸ੍ਵਰ ਦੇ ਇਕ ਅੰਗ ਵਜੋਂ ਹੀ ਹੈ, ਜਿਹਾ ਕਿ ਥੱਲੇ ਦਿੱਤੇ ਧੁਨੀ-ਚਿੱਤਰਾਂ ਤੋਂ ਪ੍ਰਗਟ ਹੁੰਦਾ ਹੈ:

| *ਪੁਰਾਤਨ ਪੰਜਾਬੀ ਦਾ ਮੂਲ-ਸ਼ਬਦ* | *ਸ਼ਬਦ ਦਾ ਧੁਨੀ-ਚਿੱਤਰ* | *ਦੋ-ਸੰਧੀ ਸੁਰ* |
|---|---|---|
| ਧਉਲ | /ਧਅਉਲ/ | /ਅਉ/ |
| ਪਉਣ | /ਪਅਉਣ/ | /ਅਉ/ |
| ਭਉ | /ਭਅਉ/ | /ਅਉ/ |
| ਸਉ | /ਸਅਉ/ | /ਅਉ/ |
| ਸਇ | /ਸਅਇ/ | /ਅਇ/ |
| ਜਇ | /ਜਅਇ/ | /ਅਇ/ |
| ਭਇ | /ਭਅਇ/ | /ਅਇ/ |
| ਨਯਣ | /ਨਅਇਣ/ | /ਅਇ/ |
| ਬਯਣ | /ਬਅਇਣ/ | /ਅਇ/ |

### ੪.੨.੩.੩ ਦੋ-ਸੰਧੀ ਸੁਰਾਂ ਦੀ ਥਾਵੇਂ ਇਕਹਿਰੇ ਸੁਰਾਂ ਦੀ ਪ੍ਰਪਾਟੀ

ਪੁਰਾਣੀ ਸੰਸਕ੍ਰਿਤ ਭਾਸ਼ਾ ਅਤੇ ਕੁਝ ਹੋਰ ਪੁਰਾਤਨ ਭਾਸ਼ਾਵਾਂ ਵਿਚ ਸੰਜੁਕਤ-ਸੁਰਾਂ ਦੀ ਵਰਤੋਂ ਆਮ ਸੀ, ਜਿਨ੍ਹਾਂ ਦਾ ਉਚਾਰਣ ਦੋ-ਸੰਧੀ ਸੁਰਾਂ ਵਾਲਾ ਸੀ। ਸਮੇਂ ਦੇ ਗੇੜ ਨਾਲ ਇਹਨਾਂ ਦੇ ਉਚਾਰਣ ਵਿਚ ਫ਼ਰਕ ਪੈਂਦਾ ਗਿਆ ਤੇ ਅੰਤ ਵਿਚ ਇਹਨਾਂ ਦੀ ਥਾਵੇਂ ਇਕਹਿਰੀ ਧੁਨੀ ਵਾਲੇ ਸਾਧਾਰਨ ਸੁਰ ਹੀ ਪ੍ਰਚੱਲਤ ਹੋ ਗਏ। ਪੁਰਾਣੀ ਪੰਜਾਬੀ ਅਥਵਾ ਗੁਰਬਾਣੀ ਦੇ ਕੁਝ ਸ਼ਬਦਾਂ ਵਿਚ ਕਿਸੇ ਲਗ-ਰਹਿਤ ਵਿਅੰਜਨ ਤੋਂ ਮਗਰੋਂ ਵਰਤੇ ਗਏ ਹ੍ਰਸ੍ਵ ਸੁਰ 'ਉ' ਅਤੇ 'ਇ' ਵੀ ਦੋ-ਸੰਧੀ ਸੁਰਾਂ ਵਾਲੀ ਧੁਨੀ ਦੇ ਲਖਾਇਕ ਹਨ। ਸਮਾਂ ਬੀਤਣ ਨਾਲ ਇਹਨਾਂ ਦੀਆਂ ਧੁਨੀਆਂ ਦੇ ਉਚਾਰਣ ਵਿਚ ਵੀ ਫ਼ਰਕ ਪੈ ਗਿਆ ਅਤੇ ਇਹਨਾਂ ਦੀ ਥਾਵੇਂ ਇਕਹਿਰੀ ਧੁਨੀ ਵਾਲੇ ਇਹ ਸਾਧਾਰਨ ਸੁਰ ਹੀ ਵਰਤੇ ਜਾਣ ਲਗੇ। ਗੁਰਬਾਣੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਗੁਰਬਾਣੀ ਦੇ ਲਿਖਣ-ਕਾਲ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ-ਕਾਲ ਤਕ ਉਪ੍ਰੋਕਤ ਕਿਸਮ ਦੇ ਸ਼ਬਦ ਇਕਹਿਰੀ ਧੁਨੀ ਵਾਲੇ ਸਾਧਾਰਨ ਸੁਰਾਂ ਨਾਲ ਲਿਖੇ ਜਾਣੇ ਵੀ ਪ੍ਰਚਲਤ ਹੋ ਚੁੱਕੇ ਸਨ। ਇਸ ਕਥਨ ਦੀ ਪੁਸ਼ਟੀ ਇਸ ਤੱਥ ਤੋਂ ਮਿਲਦੀ ਹੈ ਕਿ ਉਪ੍ਰੋਕਤ ਸ਼੍ਰੇਣੀ ਦੇ ਕੁਝ ਸ਼ਬਦ ਗੁਰਬਾਣੀ ਵਿਚ ਦੋਹਾਂ ਰੂਪਾਂ ਵਿਚ (ਸੰਜੁਕਤ ਸੁਰਾਂ ਸਹਿਤ ਵੀ ਅਤੇ ਇਕਹਿਰੇ ਸੁਰਾਂ ਸਹਿਤ ਵੀ) ਅੰਕਤ ਮਿਲਦੇ ਹਨ:

| | |
|---|---|
| ਕਉ (ਬੇਅੰਤ ਵਾਰੀ) | ਕੌ (੧੦-੧੫ ਵਾਰੀ) |
| ਸਉ (ਬੇਅੰਤ ਵਾਰੀ) | ਸੌ (ਸ਼ਬਦਾਰਥ ਦੀ ਕਿਸੇ ਐਡੀਸ਼ਨ ਵਿਚ ਇਹ ਰੂਪ ਉਪਲਬਧ ਹੈ। —ਦੇਖੋ 'ਅਨੁਕ੍ਰਮਣਿਕਾ', ਪੰਨਾ ੪੬੭) |
| ਧਉਲ (ਕਈ ਵਾਰੀ) | ਧੌਲ (ਪੰਨਾ ੩) |
| ਕਉਣ (ਬੇਅੰਤ ਵਾਰੀ) | ਕੌਣ (ਪੰਨਾ ੩) |
| ਜਉ (ਬੇਅੰਤ ਵਾਰੀ) | ਜੌ (ਪੰਨਾ ੩੨੪) |
| ਤਉ (ਬੇਅੰਤ ਵਾਰੀ) | ਤੌ (ਪੰਨਾ ੩੨੮) |
| ਦਇਆਲ (ਬੇਅੰਤ ਵਾਰੀ) | ਦੈਆਲ (ਦੋ ਵਾਰੀ) |
| | ਦੈਆਲੁ, ਦੈਆਲਾ, ਦੈਆਰ (ਇਕ ਵਾਰੀ) |

| | |
|---|---|
| ਗਇ (੧੩੭੦) | ਗੈ (੧੩੭੨) |
| ਪਇ (੮੫) | ਪੈ (੨੦-੨੫ ਵਾਰੀ) |
| ਬਸਇ (੭੫੯) | ਬਸੈ (੪੦-੫੦ ਵਾਰੀ) |
| ਭਇ (੧੫੭, ੪੨੪, ੮੧੭) | ਭੈ (ਬੇਅੰਤ ਵਾਰੀ) |
| ਮਇ (੬੫੭) | (ਕਰੁਣਾ) ਮੈ (੧੩ ਵਾਰੀ) |

### ੪.੨.੩.੪ ਦੋ-ਸੰਧੀ ਸੁਰਾਂ ਦਾ ਉਚਾਰਣ

ਉਪ੍ਰੋਕਤ ਵੇਰਵੇ ਤੋਂ ਵਿਦਤ ਹੁੰਦਾ ਹੈ ਕਿ ਦੋ-ਸੰਧੀ ਸੁਰ 'ਅਉ' ਦਾ ਉਚਾਰਣ ਸਮੇਂ ਦੇ ਬੀਤਣ ਨਾਲ ਅਤੇ ਸੁਗਮਤਾ ਵਲ ਰੁਚਿਤ ਮਨੁੱਖੀ ਸੁਭਾਅ ਦੇ ਕਾਰਨ ਬਦਲ ਕੇ ਇਕਹਿਰੇ ਸਾਧਾਰਨ ਸੁਰ 'ਔ' ਵਾਲਾ ਹੋ ਗਿਆ ਅਤੇ ਏਸੇ ਤਰ੍ਹਾਂ ਦੋ-ਸੰਧੀ ਸੁਰ 'ਅਇ' ਦਾ ਉਚਾਰਣ ਬਦਲ ਕੇ ਇਕਹਿਰੇ ਸਾਧਾਰਨ ਸੁਰ 'ਐ' ਵਾਲਾ ਹੋ ਗਿਆ। ਅਜੋਕੀ ਪੰਜਾਬੀ ਵਿਚ ਦੋ-ਸੰਧੀ ਸੁਰਾਂ ਵਾਲੇ ਸ਼ਬਦ ਮੌਜੂਦ ਤਾਂ ਹਨ ਪਰ ਅਜੋਕੇ ਦੋ-ਸੰਧੀ ਸੁਰਾਂ ਦੇ ਦੋ ਅੰਗਾਂ ਵਿਚੋਂ ਪਹਿਲਾ ਭਾਵੇਂ ਹ੍ਰਸ੍ਵ ਹੋਵੇ, ਦੂਜਾ ਅੰਗ ਕਦੀ ਹ੍ਰਸ੍ਵ ਨਹੀਂ ਹੁੰਦਾ, ਜਿਵੇਂ :

| *ਸ਼ਬਦ* | *ਧੁਨੀ ਚਿਤਰ* | *ਦੋ-ਸੰਧੀ ਸੁਰ* |
|---|---|---|
| ਪਏ | / ਪਅਏ/ | / ਅਏ/ |
| ਲਈ | / ਲਅਈ/ | / ਅਈ/ |
| ਦੁਆ | / ਦਉਆ/ | / ਉਆ/ |
| ਲਿਆ | / ਲਇਆ/ | / ਇਆ/ |

ਅਜੋਕੇ ਪੰਜਾਬੀ ਉਚਾਰਣ ਅਤੇ ਪੰਜਾਬੀ ਲਿਖਤ ਵਿਚ ਕੋਈ ਹ੍ਰਸ੍ਵ ਸੁਰ ਸ਼ਬਦਾਂ ਦੇ ਅੰਤ ਵਿਚ ਨਹੀਂ ਆਉਂਦਾ। ਪਰ ਗੁਰਬਾਣੀ ਦੀ ਲਿਖਤ ਵਿਚ ਹ੍ਰਸ੍ਵ ਸੁਰਾਂ ਦੀ ਵਰਤੋਂ ਸ਼ਬਦ ਦੇ ਅੰਤ ਵਿਚ ਵੀ ਕੀਤੀ ਮਿਲ਼ਦੀ ਹੈ। ਇਸ ਤੋਂ ਇਲਾਵਾ ਦੋ-ਸੰਧੀ ਸੁਰਾਂ ਦਾ ਮਗਰਲਾ ਅੰਗ ਦੀਰਘ ਵੀ ਮਿਲਦਾ ਹੈ ਅਤੇ ਹ੍ਰਸ੍ਵ ਵੀ। ਸੋ ਗੁਰਬਾਣੀ ਦੇ ਪਠਨ ਪਾਠਨ ਕਰਨ ਵਾਲੇ ਸ਼ਰਧਾਵਾਨ ਸਜਣਾਂ ਲਈ ਹ੍ਰਸ੍ਵ ਸੁਰ-ਅੰਤਿਕ ਦੋ-ਸੰਧੀ ਸੁਰਾਂ ਦੇ ਉਚਾਰਣ ਵਿਚ ਸੁਸਿਖਿਅਤ ਹੋਣਾ ਜ਼ਰੂਰੀ ਹੈ। ਦੋ-ਸੰਧੀ ਸੁਰ 'ਅਉ' ਅਤੇ ਇਕਹਿਰੇ ਸੁਰ 'ਔ' ਦੀ ਧੁਨੀ ਵਿਚ ਤਾਂ ਕੋਈ ਫ਼ਰਕ ਨਹੀਂ ਜਾਪਦਾ, ਪਰ ਦੋ-ਸੰਧੀ ਸੁਰ 'ਅਇ' ਅਤੇ 'ਐ' ਦੀ ਧੁਨੀ ਵਿਚ ਫ਼ਰਕ ਹੈ। ਇਸ ਫ਼ਰਕ ਨੂੰ ਸਮਝਣ ਅਤੇ ਇਸ ਦੇ ਠੀਕ ਠੀਕ ਉਚਾਰਣ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ।

***ਨੋਟ :*** ਕਿਸੇ ਸ਼ਬਦ ਵਿਚ ਹ੍ਰਸ੍ਵ ਸੁਰ 'ਇ' ਤੋਂ ਪਹਿਲਾਂ ਜਾਂ ਮਗਰੋਂ ਜੇ ਕੋਈ ਦੀਰਘ ਸੁਰ ਹੋਵੇ ਤਾਂ ਇਹ ਆਪਣੀ ਨਿਸਚਿਤ ਧੁਨੀ ਹੀ ਪ੍ਰਗਟ ਕਰਦਾ ਹੈ, ਜਿਵੇਂ :

(i) 'ਇ' ਤੋਂ ਪਹਿਲਾਂ ਦੀਰਘ ਸੁਰ : ਪਾਇਕ, ਦਾਇਕ, ਲਾਇਕ, ਮਾਇਕ, ਖਾਇਕ, ਗਾਇਕ, ਆਦਿ।

(ii) 'ਇ' ਤੋਂ ਮਗਰੋਂ ਦੀਰਘ ਸੁਰ : ਦਇਆ, ਮਇਆ, ਖਇਆ, ਗਇਆ, ਜਇਆ, ਭਇਆ, ਆਦਿ।

#### ੪.੨.੩.੫ ਸ਼ਬਦਾਂ ਦੇ ਅੰਤਲੇ ਹ੍ਰਸ੍ਵ ਸ੍ਵਰਾਂ ਦਾ ਉਚਾਰਣ

ਸ਼ਬਦ-ਬਣਤਰ ਵਿਚ ਕਿਸੇ ਸ੍ਵਰ ਜਾਂ ਸ੍ਵਰ-ਸੰਮਿਲਤ ਵਿਅੰਜਨ, ਜਾਂ ਲਗ-ਰਹਿਤ ਵਿਅੰਜਨ ਦੇ ਮਗਰੋਂ ਸ਼ਬਦ ਦੇ ਅੰਤ ਵਿਚ ਆਏ ਹ੍ਰਸ੍ਵ ਸ੍ਵਰ 'ਉ' ਅਤੇ 'ਇ' ਦੀ ਧੁਨੀ-ਉਚਾਰਣ ਵਿਚ ਕੁਦਰਤੀ ਤੌਰ 'ਤੇ ਹੀ ਸਾਧਾਰਨ ਨਾਲੋਂ ਲੰਮੇਰੀ ਹੋ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਸ੍ਵਰਾਂ ਦੇ ਉਚਾਰਣ ਵਿਚ ਕੰਠ ਅਤੇ ਮੂੰਹ ਵਿਚਲੇ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਹੀਂ ਕਰਦੇ ਅਤੇ ਸਾਹ ਬਗ਼ੈਰ ਕਿਸੇ ਰੋਕ ਦੇ ਸੰਘ ਅਤੇ ਮੂੰਹ ਵਿਚੋਂ ਪੂਰੇ ਪ੍ਰਵਾਹ ਸਹਿਤ ਲੰਘਦਾ ਹੈ। ਇਸ ਦੇ ਫਲ-ਸਰੂਪ ਅੰਤਲੇ ਸ੍ਵਰ ਦੀ ਧੁਨੀ ਸਾਧਾਰਨ ਨਾਲੋਂ ਲੰਮੇਰੀ ਹੋ ਜਾਣੀ ਕੁਦਰਤੀ ਹੈ। ਇਸ ਪੱਖੋਂ ਅਜਿਹੇ ਸ਼ਬਦਾਂ ਦੇ ਉਚਾਰਣ ਵਿਚ ਬੜੀ ਸਾਵਧਾਨੀ ਅਤੇ ਸਿਖਲਾਈ ਦੀ ਲੋੜ ਹੈ। ਅਜਿਹੇ ਸ਼ਬਦਾਂ ਦੀ ਵੰਨਗੀ ਥੱਲੇ ਦਿੱਤੀ ਜਾਂਦੀ ਹੈ:

| | |
|---|---|
| ਸ੍ਵਰ ਮਗਰੋਂ : | ਇਉ, ਆਉ, ਏਉ, ਆਦਿ।<br>ਉਇ, ਆਇ, ਆਦਿ। |
| ਲਗ-ਸੰਮਿਲਤ ਵਿਅੰਜਨ ਮਗਰੋਂ : | ਕਿਉ, ਦੀਉ, ਕਾਉਂ, ਦੇਉ, ਆਦਿ।<br>ਸੁਇ, ਸਾਇ, ਸੇਇ, ਕੋਇ, ਜੀਇ, ਆਦਿ। |
| ਲਗ-ਰਹਿਤ ਵਿਅੰਜਨ ਮਗਰੋਂ : | ਕਉ, ਪੂਰਉ, ਸਉ, ਚਉ, ਆਦਿ।<br>ਜਇ, ਭਇ, ਸਇ, ਪਇ, ਆਦਿ। |

***ਨੋਟ:*** (੧) **ਅਜੋਕੀ ਪੰਜਾਬੀ ਲਿਖਤ ਵਿਚ ਹ੍ਰਸ੍ਵ ਸ੍ਵਰ 'ਉ' ਅਤੇ 'ਇ' ਸ਼ਬਦਾਂ ਦੇ ਅੰਤ** ਵਿਚ ਨਾ ਹੀ ਸਗਵੇਂ ਨਿਖੜਵੇਂ ਰੂਪ ਵਿਚ ਆਉਂਦੇ ਹਨ ਅਤੇ ਨਾ ਹੀ ਸ਼ਬਦਾਂ ਦੇ ਅੰਤਲੇ ਵਿਅੰਜਨ ਅੱਖਰਾਂ ਨੂੰ ਲਗ-ਰੂਪ ਵਿਚ ਲੱਗਦੇ ਹਨ। ਪਰ ਪੁਰਾਣੀ ਪੰਜਾਬੀ ਵਿਚ ਇਹ ਦੋਵੇਂ ਹ੍ਰਸ੍ਵ ਸ੍ਵਰ ਸ਼ਬਦਾਂ ਦੇ ਅੰਤ ਵਿਚ ਆਪਣੇ ਨਿਖੜਵੇਂ ਸਗਵੇਂ ਰੂਪ ਵਿਚ ਵੀ ਆਉਂਦੇ ਹਨ ਅਤੇ ਸ਼ਬਦਾਂ ਦੇ ਅੰਤਲੇ ਵਿਅੰਜਨ ਅੱਖਰਾਂ ਨੂੰ ਲਗ-ਰੂਪ ਵਿਚ ਲਗੇ ਵੀ ਮਿਲਦੇ ਹਨ।

(੨) ਵਿਅੰਜਨ ਅੱਖਰਾਂ ਦੇ ਉਚਾਰਣ ਵਿਚ ਕੰਠ (ਸੰਘ) ਅਤੇ ਮੂੰਹ ਦੇ ਕੋਈ ਦੋ ਅੰਗਾਂ ਦੇ ਸਪਰਸ਼ ਨਾਲ ਸਾਹ ਦੇ ਰਸਤੇ ਵਿਚ ਕਿਧਰੇ ਨਾ ਕਿਧਰੇ ਰੁਕਾਵਟ ਪੈਂਦੀ ਹੈ ਅਤੇ ਇਸ ਰੁਕਾਵਟ ਦਾ ਸਦਕਾ ਵਿਅੰਜਨ ਅੱਖਰ ਨੂੰ ਲਗੇ ਹ੍ਰਸ੍ਵ ਸ੍ਵਰ ਦੀ ਧੁਨੀ ਦੇ ਲਮਕਾਅ ਨੂੰ ਕਿਸੇ ਨਿਸਚਿਤ ਹੱਦ ਤਕ ਸੀਮਤ ਕੀਤਾ ਜਾ ਸਕਦਾ ਹੈ। ਇਸ ਦੇ ਫਲ-ਸਰੂਪ ਸ਼ਬਦਾਂ ਦੇ ਅੰਤਲੇ ਵਿਅੰਜਨ ਅੱਖਰਾਂ ਨੂੰ ਲਗ-ਰੂਪ ਵਿਚ ਲਗੇ ਹ੍ਰਸ੍ਵ ਸ੍ਵਰਾਂ (ਔਂਕੜ ਅਤੇ ਸਿਹਾਰੀ) ਦੀ ਧੁਨੀ ਦੇ ਲਮਕਾਅ ਨੂੰ ਵੀ ਨਿਸਚਿਤ ਹਦ ਤਕ ਸੀਮਤ ਰਖਿਆ ਜਾ ਸਕਦਾ ਹੈ (ਸਵਾਇ 'ਹ' ਅੱਖਰ ਨੂੰ ਲਗੇ ਹ੍ਰਸ੍ਵ ਸ੍ਵਰਾਂ ਦੀ ਧੁਨੀ ਦੇ)। **ਏਥੇ ਇਹ ਤੱਥ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਅੰਤਲੇ ਵਿਅੰਜਨ ਅੱਖਰਾਂ ਨੂੰ ਲਗੇ ਹ੍ਰਸ੍ਵ ਸ੍ਵਰਾਂ ਦੀ ਸੂਖਮ ਧੁਨੀ ਇਕੱਲੇ ਇਕੱਲੇ ਸੰਬੰਧਤ ਸ਼ਬਦ ਨੂੰ ਸਹਿਜੇ ਸਹਿਜੇ ਪੜ੍ਹਿਆਂ ਤਾਂ ਭਲੀ ਭਾਂਤ ਸਪਸ਼ਟਾਈ ਜਾ ਸਕਦੀ ਹੈ, ਪਰ ਚਲੰਤ ਪਾਠ ਵਿਚ ਅਜਿਹਾ ਕਰ ਸਕਣਾ ਸੰਭਵ ਨਹੀਂ।** ਦੂਜੇ ਪਾਸੇ ਅੰਤਲੇ ਸ੍ਵਰ ਅੱਖਰਾਂ (ੳ, ੲ) ਅਤੇ ਸ੍ਵਰੀ ਗੁਣਾਂ ਵਾਲੇ ਵਿਅੰਜਨ 'ਹ' ਨਾਲ ਲਗੇ ਔਂਕੜ ਅਤੇ ਸਿਹਾਰੀ ਦੀ ਧੁਨੀ ਚੂੰਕਿ ਸਾਧਾਰਨ ਨਾਲੋਂ ਲੰਮੇਰੀ ਹੁੰਦੀ ਹੈ, ਇਸ ਨੂੰ ਚਲੰਤ ਪਾਠ ਵਿਚ ਵੀ ਸਹਜੇ ਸਪਸ਼ਟਾਇਆ ਜਾ ਸਕਦਾ ਹੈ।

(੩) ਸ਼ਬਦਾਂ ਦੇ ਅੰਤਲੇ ਅੱਖਰਾਂ ਨਾਲ ਆਏ ਹ੍ਰਸ੍ਵ ਸੁਰਾਂ ਦਾ ਸੰਬੰਧ ਕੇਵਲ ਵਿਆਕਰਣ ਅਥਵਾ ਇਹਨਾਂ ਸ਼ਬਦਾਂ ਦੇ ਅਰਥਾਂ ਨਾਲ ਦੱਸ ਕੇ ਅਜੋਕੇ ਕਈ ਵਿਦਵਾਨ ਵੀਰ ਇਹਨਾਂ ਨੂੰ ਉਚਾਰਣ ਦਾ ਭਾਗ ਬਣਾਉਣਾ ਫ਼ਜ਼ੂਲ ਦੱਸਦੇ ਹਨ ਅਤੇ ਇਹਨਾਂ ਦੀ ਧੁਨੀ ਨੂੰ ਉਚਾਰਣ ਵਿਚ ਛਡ ਦੇਣ ਦੀ ਕੇਵਲ ਪ੍ਰੇਰਨਾ ਹੀ ਨਹੀਂ, ਸਗੋਂ ਇਸ ਦਾ ਖੁਲ੍ਹਾ ਪ੍ਰਚਾਰ ਕਰਦੇ ਹਨ। ਇਹ ਵਿਚਾਰਧਾਰਾ ਨੁਕਸ-ਵੰਦੀ ਹੈ ਤੇ ਇਸ ਸੰਬੰਧੀ ਵਿਸਥਾਰ ਸਹਿਤ ਚਰਚਾ ਅਗੇ ਪੈਰਾ ੪.੨.੬ ਵਿਚ ਕੀਤੀ ਹੋਈ ਹੈ।

### ੪.੨.੪ ਸੁਰ 'ਯ'

'ਯ' ਅੱਖਰ ਵਿਅੰਜਨ ਵੀ ਹੈ ਅਤੇ ਅੱਧ-ਸੁਰ (semi-vowel) ਵੀ। ਜਦੋਂ 'ਯ' ਅੱਖਰ ਕਿਸੇ ਸ਼ਬਦ ਦੇ ਆਰੰਭ ਵਿਚ ਆਵੇ ਤਾਂ ਤਾਲੂ ਤੋਂ ਬੋਲੀ ਜਾਣ ਵਾਲੀ ਵਿਅੰਜਨ ਧੁਨੀ ਦਾ ਲਖਾਇਕ ਹੁੰਦਾ ਹੈ, ਜਿਵੇਂ :

ਯਾਰ, ਯਹ, ਯਕ, ਯਾਰਾਂ, ਯਮੁਨਾ, ਯੋਗ, ਯਤੀਮ, ਯਕੀਨ, ਆਦਿ।

ਪਰ ਜਦੋਂ 'ਯ' ਕਿਸੇ ਸ਼ਬਦ ਦੇ ਵਿਚਕਾਰ ਜਾਂ ਅੰਤ ਵਿਚ ਆਵੇ ਜਾਂ ਕਿਸੇ ਅੱਖਰ ਦੇ ਪੈਰੀਂ ਚਿੰਨ੍ਹ-ਰੂਪ ਵਿਚ ਆਵੇ ਤਾਂ ਇਹ ਸੁਰ ਧੁਨੀ ਵਾਲਾ ਹੁੰਦਾ ਹੈ। ਅਜੋਕੀ ਪੰਜਾਬੀ ਵਿਚ ਸ਼ਬਦਾਂ ਦੇ ਵਿਚਕਾਰ, ਅੰਤ ਵਿਚ ਜਾਂ ਪੈਰ ਵਿਚ 'ਯ' ਦੀ ਸੁਰੀ ਵਰਤੋਂ ਬਿਲਕੁਲ ਨਹੀਂ ਕੀਤੀ ਜਾਂਦੀ, ਪਰ ਪੁਰਾਣੀ ਪੰਜਾਬੀ ਅਥਵਾ ਗੁਰਬਾਣੀ ਵਿਚ ਇਹ ਵਰਤੋਂ ਬਹੁਤ ਮਿਲਦੀ ਹੈ। ਗੁਰਬਾਣੀ ਵਿਚ ਵਰਤਿਆ ਸੁਰ 'ਯ' ਕੇਵਲ ਕਿਸੇ ਇਕੱਲੀ ਧੁਨੀ ਦਾ ਲਖਾਇਕ ਨਹੀਂ, ਸਗੋਂ ਇਸ ਦੀਆਂ ਇਕ ਤੋਂ ਵਧੇਰੇ ਧੁਨੀਆਂ ਬਣਦੀਆਂ ਹਨ। ਸਾਧਾਰਨ ਪਾਠੀ ਇਸ ਦੀਆਂ ਵਖੋ ਵਖਰੀਆਂ ਧੁਨੀਆਂ ਤੋਂ ਜਾਣੂ ਨਾ ਹੋਣ ਕਾਰਨ ਵੱਖ ਵੱਖ ਸ਼ਬਦਾਂ ਵਿਚ ਇਸ ਦੀ ਪ੍ਰਸੰਗਕ ਧੁਨੀ ਦਾ ਉਚਾਰਣ ਕਰਨ ਦੀ ਸਮਰੱਥਾ ਨਹੀਂ ਰਖਦੇ। ਸੋ, ਸੁਰ 'ਯ' ਦੀ ਵਰਤੋਂ ਵਾਲੇ ਗੁਰਬਾਣੀ ਦੇ ਵੱਖ ਵੱਖ ਸ਼ਬਦਾਂ ਨੂੰ ਲੈ ਕੇ ਪਹਿਲਾਂ ਇਸ ਦੀਆਂ ਵੱਖ ਵੱਖ ਧੁਨੀਆਂ ਲੱਭਣ ਦਾ ਯਤਨ ਕਰਦੇ ਹਾਂ। ਉਸ ਤੋਂ ਮਗਰੋਂ ਫਿਰ ਇਕ ਇਕ ਧੁਨੀ ਵਾਲੇ ਸ਼ਬਦਾਂ ਦੀਆਂ ਵਧੇਰੇ ਉਦਾਹਰਣਾਂ ਉਸ ਦੀ ਪੁਸ਼ਟੀ ਵਜੋਂ ਦੇ ਕੇ ਉਸ ਧੁਨੀ ਨੂੰ ਸੁਦ੍ਰਿੜ੍ਹ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ।

### ੪.੨.੫ ਸੁਰ 'ਯ' ਦੀਆਂ ਵੱਖ ਵੱਖ ਧੁਨੀਆਂ

| | *ਸੁਰ 'ਯ' ਸਹਿਤ ਸ਼ਬਦ ਦਾ ਰੂਪ (ਪੰਨੇ ਸਹਿਤ)* | *ਸੁਰ 'ਯ' ਦੇ ਬਦਲ, ਲਗਮਾਤ੍ਰੀ-ਸੁਰ ਸਹਿਤ ਸ਼ਬਦ ਦਾ ਰੂਪ* | *ਸੁਰ 'ਯ' ਦਾ ਲਗਮਾਤ੍ਰੀ ਬਦਲ (replacement)* |
|---|---|---|---|
| ੧. | ਗੁਨੀਯ (੪੮੭) | ਗੁਨੀਅ | ਯ = ਅ |
| | ਰਮਣੀਯ (੧੩੫੬) | ਰਮਣੀਅ | ਯ = ਅ |
| | ਆਗ੍ਯ (੭੦੧) | ਆਗਿਅ | ਪੈਰ-ਚਿੰਨ '੍ਯ' = ਅ |

| | | | |
|---|---|---|---|
| ੨. | *ਭਯਾ (੧੩੯੩) | ਭਇਆ | ਯ = ਇ + ਅ |
| | ਗ੍ਯਾਨ (੩੩੧) | ਗਿਆਨ | ਪੈਰ-ਚਿੰਨ੍ਹ '੍ਯ' = ਇ + ਅ |
| | ਲਖ੍ਯਾ (੧੪੦੧) | ਲਖਿਆ | ਪੈਰ-ਚਿੰਨ੍ਹ '੍ਯ' = ਇ + ਅ |
| ੩. | ਚਾਯ (੧੩੯੩) | ਚਾਇ | ਯ = ਇ |
| ੪. | ਭਯ (੧੪੦੭) | ਭਇ | [ਯ = ਇ = ਪੁਰਾਤਨ ਉਚਾਰਣ/ ਭ ਅ ਇ/= ਅਜੋਕਾ ਉਚਾਰਣ/ ਭ ਐ/ ਅਜੋਕੀ ਸ਼ਬਦ ਬਣਤਰ—ਭੈ] |
| | ਬਯਣ (੧੩੯੪) | ਬਇਣ | [ਯ = ਇ = ਪੁਰਾਤਨ ਉਚਾਰਣ/ ਬ ਅ ਇ ਣ/ = ਅਜੋਕਾ ਉਚਾਰਣ/ ਬ ਐ ਣ/ ਅਜੋਕੀ ਸ਼ਬਦ-ਬਣਤਰ—ਬੈਣ] |
| ੫. | ਦਯ (੨੦੩) | ਦਈ | ਯ = ਈ |
| ੬. | *ਭਯਾ (੧੩੭) | ਭਈਆ | ਯ = ਈ + ਅ |

ਸੋ, ਉਪ੍ਰੋਕਤ ਵੇਰਵੇ ਅਨੁਸਾਰ 'ਯ' ਅਥਵਾ ਇਸ ਦੇ ਪੈਰ-ਚਿੰਨ੍ਹ (੍ਯ) ਦੀਆਂ ਉਪ੍ਰੋਕਤ ਛੇ ਧੁਨੀਆਂ ਬਣਦੀਆਂ ਹਨ।

ਸ੍ਵਰ 'ਯ' ਦੀਆਂ ਉਪ੍ਰੋਕਤ ਧੁਨੀਆਂ ਨੂੰ ਸੁਦ੍ਰਿੜ੍ਹ ਕਰਨ ਲਈ ਥੱਲੇ ਇਸ ਦੀ ਇਕ ਇਕ ਧੁਨੀ ਵਾਲੇ ਗੁਰਬਾਣੀ ਦੇ ਵਧੇਰੇ ਸ਼ਬਦ ਸੰਬੰਧਤ ਪੰਨੇ ਸਹਿਤ ਦੇ ਕੇ, ਉਹਨਾਂ ਦੇ ਸਾਹਮਣੇ ਹਰੇਕ ਸ਼ਬਦ ਦਾ ਸ੍ਵਰ 'ਯ' ਦੇ ਬਦਲ, ਲਗਮਾਤ੍ਰੀ-ਸ੍ਵਰਾਂ ਸਹਿਤ ਰੂਪ ਅੰਕਤ ਕੀਤਾ ਜਾਂਦਾ ਹੈ। ਜੇ ਗੁਰਬਾਣੀ ਵਿਚ ਕਿਧਰੇ ਹੋਰਥੇ ਇਹ ਰੂਪ ਮਿਲਿਆ ਹੈ ਤਾਂ ਉਸ ਦਾ ਪੰਨਾ ਵੀ ਬਰੈਕਟ ਵਿਚ ਦਿੱਤਾ ਗਿਆ ਹੈ।

### ੪.੨.੫ (ੳ) ਸ੍ਵਰ 'ਯ' = ਅ

**(i) ਮੂਲਕ-ਅੰਗੀ ਅੰਤਲਾ 'ਯ' ਜਾਂ ਇਸ ਦਾ ਲਗ-ਮਾਤ੍ਰੀ ਬਦਲ 'ਅ'**

ਗੁਰਬਾਣੀ ਵਿਚ ਆਏ ਕੁਝ ਸ਼ਬਦਾਂ ਦੇ ਅੰਤ ਵਿਚ 'ਯ' ਅੱਖਰ ਕਿਸੇ ਦੀਰਘ ਜਾਂ ਹ੍ਰਸ੍ਵ ਸ੍ਵਰ ਮਗਰੋਂ ਆਉਂਦਾ ਹੈ, ਜੋ /ਅ/ ਦੀ ਧੁਨੀ ਪ੍ਰਗਟਾਉਂਦਾ ਹੈ। ਇਹਨਾਂ ਵਿਚੋਂ ਕੁਝ ਸ਼ਬਦ ਅਜਿਹੇ ਹਨ ਜੋ ਸੰਸਕ੍ਰਿਤ ਸ਼ਬਦਾਂ ਦੇ ਤਦ-ਭਵ ਰੂਪ ਹਨ ਅਤੇ ਅੰਤਲਾ 'ਯ' ਉਹਨਾਂ ਦਾ ਮੂਲਕ-ਅੰਗੀ ਹੈ; ਜਿਵੇਂ :

(i) ਨੀਚ ਕੁਲਾ ਜੋਲਾਹਰਾ ਭਇਓ 'ਗੁਨੀਯ' ਗਹੀਰਾ॥ *(੪੮੭)*

(ii) ਕੰਠ 'ਰਮਣੀਯ' ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਨੀ॥ *(੧੩੫੬)*

'ਗੁਨੀਯ' ਅਤੇ 'ਰਮਣੀਯ' ਸ਼ਬਦਾਂ ਦਾ ਅੰਤਲਾ 'ਯ' ਅੱਖਰ, ਸ੍ਵਰ ਵਜੋਂ 'ਅ' ਦੀ ਧੁਨੀ ਪ੍ਰਗਟਾਉਂਦਾ ਹੈ ਅਤੇ ਇਸ ਦੀ ਹ੍ਰਸ੍ਵ ਧੁਨੀ ਸੂਖਮ ਰੂਪ ਵਿਚ ਉਚਾਰਣ ਦਾ ਭਾਗ ਬਣਦੀ ਹੈ। ਇਸੇ ਸ਼੍ਰੇਣੀ ਦੇ ਕੁਝ ਅਜਿਹੇ ਸ਼ਬਦ ਗੁਰਬਾਣੀ ਵਿਚ ਮਿਲਦੇ ਹਨ, ਜਿਨ੍ਹਾਂ ਦੇ ਅੰਤ ਵਿਚ ਸ੍ਵਰ 'ਯ' ਦਾ ਲਗ-ਮਾਤ੍ਰੀ ਬਦਲ 'ਅ' ਉਹਨਾਂ ਦੇ ਮੂਲਕ-ਅੰਗ ਵਜੋਂ ਲੱਗਾ ਹੋਇਆ ਹੈ :

(i) ਧੰਨਿ ਸੁਹਾਗਣਿ ਜੋ 'ਪੀਅ' ਭਾਵੈ॥ *(੪੮੩)*

---

*ਨੋਟ : ਇਕੋ ਜਿਹੀ ਬਣਤਰ ਵਾਲੇ ਸ਼ਬਦਾਂ ਵਿਚ 'ਯ' ਦੀਆਂ ਫ਼ਰਕੋ ਫ਼ਰਕੀ ਧੁਨੀਆਂ ਲਈ ਵੇਰਵਾ ਦੇਖੋ (੪.੨.੫.੨)।

(ii) ਅੰਮ੍ਰਿਤ 'ਸਸੀਅ' ਧੇਨ ਲਛਿਮੀ
ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥ (੬੯੫)

(iii) ਨਾਮੇ ਕੇ ਸੁਆਮੀ 'ਸੀਅ' ਬਹੋਰੀ ਲੰਕ ਭਭੀਖਣ ਆਪਿਓ ਹੇ॥ (੬੫੭)

(iv) ਪਰ 'ਤ੍ਰਿਅ' ਰੂਪ ਨ ਪੇਖੈ ਨੇਤ੍ਰ॥ (੨੭੪)

ਉਪ੍ਰੋਕਤ ਤੁਕਾਂ ਵਿਚ ਆਏ 'ਪੀਅ', 'ਸਸੀਅ', 'ਸੀਅ', 'ਤ੍ਰਿਅ' ਸ਼ਬਦਾਂ ਦੇ ਅੰਤਲੇ 'ਅ' ਦੀ ਧੁਨੀ ਸੂਖਮ ਰੂਪ ਵਿਚ ਉਚਾਰਣ ਦਾ ਭਾਗ ਬਣਦੀ ਹੈ। ਇਸ ਦੇ ਉਚਾਰਣ ਵਿਚ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਇਹ ਧੁਨੀ /ਅ/ ਤਕ ਸੀਮਤ ਰਵ੍ਹੇ, /ਆ/ ਨਾ ਬਣੇ।

### (ii) ਕਾਰਕ-ਚਿੰਨ੍ਹ ਵਜੋਂ ਆਇਆ ਅੰਤਲਾ 'ਅ'

ਉ-ਅੰਤਿਕ ਸ਼੍ਰੇਣੀ ਦੇ ਸ਼ਬਦ ਜਦੋਂ ਸੰਬੰਧਕ੍ਰੀ ਰੂਪ ਵਿਚ ਆਉਂਦੇ ਹਨ ਤਾਂ ਉਹਨਾਂ ਦਾ ਅੰਤਲ੍ਹਾ 'ਉ' ਬਦਲ ਕੇ 'ਅ' ਵਿਚ ਵਟੀਜ ਜਾਂਦਾ ਹੈ, ਜਿਵੇਂ:

(1) ਸਕਯਥੁ ਸੁ ਹੀਉ ਜਿਤੁ 'ਹੀਅ' ਬਸੈ ਗੁਰ ਅਮਰਦਾਸ ਨਿਜ ਜਗਤ ਪਿਤ॥ (੧੩੯੪)

(2) 'ਨਾਮਦੇਅ' ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥ (੭੩੩)

(3) 'ਅਮਿਅ' ਸਰੋਵਰੋ ਪੀਉ ਹਰਿ ਹਰਿ ਨਾਮ੍ਹਾ ਰਾਮ॥ (੫੪੬)

(4) ਕੈਸੇ ਕਹਉ ਮੋਹਿ 'ਜੀਅ' ਬੇਦਨਾਈ॥ (੧੨੦੬)

ਹੀਅ—ਉ-ਅੰਤਿਕ ਪੁਲਿੰਗ ਨਾਂਵ 'ਹੀਉ' ਦਾ ਅਧਿਕਰਣ ਕਾਰਕ ਰੂਪ।
ਨਾਮਦੇਅ—ਉ-ਅੰਤਿਕ ਪੁਲਿੰਗ ਨਾਂਵ 'ਨਾਮਦੇਉ' ਦਾ ਸੰਬੰਧ ਕਾਰਕ ਰੂਪ।
ਅਮਿਅ—ਉ-ਅੰਤਿਕ ਪੁਲਿੰਗ ਨਾਂਵ 'ਅਮਿਉ' ਦਾ ਸੰਬੰਧ ਕਾਰਕ ਰੂਪ।
ਜੀਅ—ਉ-ਅੰਤਿਕ ਪੁਲਿੰਗ ਨਾਂਵ 'ਜੀਉ' ਦਾ ਸੰਬੰਧ ਕਾਰਕ ਰੂਪ।

ਉਪ੍ਰੋਕਤ ਸ਼ਬਦਾਂ ਦਾ ਅੰਤਲਾ ਕਾਰਕ-ਚਿੰਨ੍ਹ 'ਅ' ਵੀ ਸੂਖਮ ਰੂਪ ਵਿਚ ਉਚਾਰਣ ਦਾ ਭਾਗ ਬਣਦਾ ਹੈ।

### (iii) ਸੁਰ-ਧੁਨੀ ਦੇ ਲਮਕਾਅ ਵਜੋਂ ਅੰਤਲਾ 'ਅ'

ਕੁਝ ਸ਼ਬਦ ਅਜਿਹੇ ਹਨ, ਜਿਨ੍ਹਾਂ ਦਾ ਅੰਤਲਾ 'ਅ' ਅੱਖਰ ਇਸ ਤੋਂ ਪਹਿਲਾਂ ਆਏ ਕਿਸੇ ਸੁਰ ਦੀ ਧੁਨੀ ਦੇ ਲਮਕਾਅ ਵਜੋਂ ਆਉਂਦਾ ਹੈ। ਅੰਤਲੇ /ਅ/ ਦੀ ਧੁਨੀ ਇਸ ਤੋਂ ਪਹਿਲਾਂ ਆਏ ਸੁਰ ਦੀ ਧੁਨੀ ਨੂੰ ਹੋਰ ਲੰਮੇਰਾ ਕਰ ਕੇ ਉਸ ਵਿਚ ਹੀ ਲੀਨ ਹੋ ਜਾਂਦੀ ਹੈ, ਪਰ ਜੇ ਇਸ ਤੋਂ ਪਹਿਲਾ ਅੱਖਰ ਹ੍ਰਸ੍ਵ ਸੁਰ 'ਇ' ਸਹਿਤ ਹੋਵੇ ਤਾਂ ਅੰਤਲੇ 'ਅ' ਦੀ ਧੁਨੀ ਇਸ ਹ੍ਰਸ੍ਵ ਸੁਰ ਦੀ ਧੁਨੀ ਨੂੰ ਲਮਕਾਅ ਕੇ ਦੀਰਘ ਸੁਰ ਲਾਂ ( ੇ ) ਵਲ ਉਲਾਰ ਕਰ ਦਿੰਦੀ ਹੈ। ਏਸੇ ਤਰ੍ਹਾਂ ਜੇ ਅੰਤਲੇ 'ਅ' ਤੋਂ ਪਹਿਲਾ ਅੱਖਰ ਔਂਕੜ ਸੰਜੁਕਤ ਹੋਵੇ ਤਾਂ ਇਹ ਔਂਕੜ ਅੰਤਲੇ 'ਅ' ਦੀ ਧੁਨੀ ਨਾਲ ਮਿਲ ਕੇ ਹੋੜੇ ( ੋ ) ਦੀ ਧੁਨੀ ਵਿਚ ਵਟੀਜ ਜਾਂਦੀ ਹੈ। ਇਹਨਾਂ ਦੋਹਾਂ ਹਾਲਤਾਂ ਵਿਚ ਅੰਤਲੇ 'ਅ' ਦੀ ਧੁਨੀ ਦਾ ਵੱਖਰਾ ਉਚਾਰਣ ਫਿਰ ਕੋਈ ਨਹੀਂ ਰਹਿੰਦਾ, ਜਿਵੇਂ:

**ਦੀਰਘ ਸੁਰ ਮਗਰੋਂ**

(i) ਪੁਤੁ ਜਿੰਨੂਰਾ 'ਧੀਅ' ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰ॥ (੫੫੬)
(ii) ਬਿਖੈ ਬਿਖੈ ਕੀ ਬਾਸਨਾ 'ਤਜੀਅ' ਨਹ ਜਾਈ॥ (੮੫੫)
(iii) ਰਾਮ ਨਾਮ ਬਿਨੁ 'ਘਰੀਅ' ਨ ਜੀਵਉ॥ (੪੮੫)
(iv) ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ 'ਸਵਾਰੀਅ'॥ (੧੩੯੦)
(v) ਹਰਿ ਹਰਿ ਦਰਸ ਸਮਾਨ ਆਤਮਾਵੰਤ ਗਿਆਨ
'ਜਾਣੀਅ' ਅਕਲ ਗਤਿ ਗੁਰ ਪਰਵਾਨ॥ (੧੩੯੧)
(vi) ਨਾਥ 'ਕਛੂਅ' ਨ ਜਾਨਉ॥ (੭੧੦)

**ਹ੍ਰਸ੍ਵ ਸੁਰਾਂ ਮਗਰੋਂ**

(i) ਗੁਣ ਗਾਵੈ ਮੁਨਿ ਬ੍ਯਾਸ ਜਿਨਿ ਬੇਦ ਬ੍ਯਾਕਰਣ 'ਬੀਚਾਰਿਅ'॥ (੧੩੯੦)
(ii) ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੂਖ ਦਰਿਦ੍ਰ ਤਿਨ ਕੇ 'ਗਇਅ'॥ (੧੩੯੯)
(iii) ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪ੍ਰੇਤ ਸੁਰ ਨਰ 'ਭਇਅ'॥ (੧੩੯੯)
(iv) 'ਤੁਅ' ਚਰਨ ਆਸਰੋ ਈਸ॥ (੧੨੨੮)
(v) ਨਾਨਕ ਕੁਲਿ ਨਿੰਮਲ ਅਵਤਰ੍ਹਿਉ ਅੰਗਦ ਲਹਣੇ ਸੰਗਿ 'ਹੁਅ'॥ (੧੩੯੫)

'ਬੀਚਾਰਿਅ' ਦਾ ਉਚਾਰਣ 'ਬੀਚਾਰੇ' ਵਾਂਗ।
'ਗਇਅ' ਦਾ ਉਚਾਰਣ 'ਗਏ' ਵਾਂਗ।
'ਭਇਅ' ਦਾ ਉਚਾਰਣ 'ਭਏ' ਵਾਂਗ।
'ਤੁਅ' ਦਾ ਉਚਾਰਣ 'ਤੋ' ਵਾਂਗ।
'ਹੁਅ' ਦਾ ਉਚਾਰਣ 'ਹੋ' ਵਾਂਗ।

ਸੁਰ-ਧੁਨੀ ਦੇ ਲਮਕਾਅ ਵਜੋਂ ਆਏ 'ਅ' ਅੱਖਰ ਦਾ ਵਖਰਾ ਉਚਾਰਣ ਓਪਰਾ ਅਤੇ ਬੇਸੁਆਦਾ ਲਗਦਾ ਹੈ, ਇਸ ਦੇ ਕਰਨ ਦੀ ਲੋੜ ਨਹੀਂ ਹੁੰਦੀ, ਸਗੋਂ ਇਸ ਵਜੋਂ ਇਸ ਤੋਂ ਪਹਿਲੇ ਸੁਰ ਦੀ ਧੁਨੀ ਹੋਰ ਲੰਮੇਰੀ ਕਰਨੀ ਚਾਹੀਦੀ ਹੈ।

(iv) **ਵਿਚਕਾਰਲਾ 'ਯ' ਜਾਂ ਇਸ ਦਾ ਪੈਰ-ਚਿੰਨ੍ਹ ( ੍ਯ )**

| *ਸੁਰ 'ਯ'-ਸਹਿਤ ਸ਼ਬਦ* | | *ਸੁਰ 'ਯ' ਦੇ ਲਗਮਾਤ੍ਰੀ ਬਦਲ ਸਹਿਤ ਸ਼ਬਦ* | |
|---|---|---|---|
| ਸਮਾਇਯਉ | (੧੪੦੮) | ਸਮਾਇਅਉ | (੧੪੦੭) |
| ਕੀਯਉ | (੧੪੦੦) | ਕੀਅਉ | (੧੩੯੫) |
| ਅਵਤਰ੍ਹਿਉ | (੧੩੬੫) | ਅਵਤਰਿਅਉ | (੧੩੯੫) |
| ਥਪ੍ਹਿਉ | (੧੪੦੧) | ਥਪਿਅਉ | (੧੪੦੬) |
| ਪਰਸ੍ਹਿਉ | (੧੩੯੪) | ਪਰਸਿਅਉ | (੧੩੮੬) |

| | | | |
|---|---|---|---|
| ਧਾਰ੍ਯਉ | (੧੩੯੯) | ਧਾਰਿਅਉ | (੧੩੯੪) |
| ਪਰ੍ਯਉ | (੧੩੮੭) | ਪਰਿਅਉ | (੭੧੨) |
| ਮਿਲ੍ਯਉ | (੧੩੯੫) | ਮਿਲਿਅਉ | (੨੫੧) |
| ਮਾਨ੍ਯਉ | (੧੩੯੯) | ਮਾਨਿਅਉ | (੧੪੦੭) |
| ਨਖ੍ਯਤ੍ਰ | (੧੩੫੪) | ਨਖਿਅਤ੍ਰ | (੪੫੬) |

***ਨੋਟ:*** 'ਅਉ' ਅਤੇ 'ਓ' ਦੀ ਧੁਨੀ ਵਿਚ ਫ਼ਰਕ ਹੈ। 'ਅਉ' ਕਨੌੜੇ ( ੌ ) ਦੀ ਧੁਨੀ ਦਾ ਵਾਚਕ ਹੈ, ਜਦ ਕਿ 'ਓ' ਹੋੜੇ ( ੋ ) ਦੀ ਧੁਨੀ ਦਾ।

## ੪.੨.੫ (ਅ) ਸੁਰ ਯ = ਇ

| ***ਸੁਰ 'ਯ'-ਸਹਿਤ ਸ਼ਬਦ*** | ***ਪੁਰਾਤਨ ਉਚਾਰਣ*** | ***ਅਜੋਕਾ ਉਚਾਰਣ*** |
|---|---|---|
| ਭਯ (੧੪੦੭) | ਭਇ /ਭ ਅ ਇ/ | ਭੈ /ਭ ਐ/ |
| ਜਯ (੧੪੦੫) | ਜਇ /ਜ ਅ ਇ/ | ਜੈ /ਜ ਐ/ |
| ਬਯਣ (੧੩੯੯) | ਬਇਣ /ਬ ਅ ਇ ਣ/ | ਬੈਣ /ਬ ਐ ਣ/ |
| ਨਯਣ (੧੩੯੯) | ਨਇਣ /ਨ ਅ ਇ ਣ/ | ਨੈਣ /ਨ ਐ ਣ/ |
| ਚਾਯ (੧੩੯੩) | ਚਾਇ /ਚ ਆ ਇ/ | ਚਾਇ /ਚ ਆ ਇ/ |
| ਅਖ੍ਯਓ (੨੮੭) | ਅਖਇਓ /ਅ ਖ ਅ ਇ ਓ/ (੨੮੭) | |

## ੪.੨.੫ (ੲ) (1) ਸੁਰ 'ਯ' = ਇ + ਅ (ਵਖਰੇ ਵਖਰੇ ਿ + ਅ ਦੇ ਰੂਪ ਵਿਚ)

(i) **ਸ਼ਬਦਾਂ ਦੇ ਅੰਤਲੇ ਅੱਖਰ ਨੂੰ ਲੱਗਾ ਪੈਰ-ਚਿੰਨ ( ੍ਯ )**

| ***ਸੁਰ 'ਯ'— ਸਹਿਤ ਸ਼ਬਦ*** | ***ਪੰਨਾ*** | ***ਸੁਰ 'ਯ' ਦੇ ਲਗਮਾਤ੍ਰੀ ਬਦਲ ਸਹਿਤ ਸ਼ਬਦ*** | ***ਉਚਾਰਣ*** |
|---|---|---|---|
| ਸੰਸਾਰਸ੍ਯ | ੧੩੫੩ | ਸੰਸਾਰਸਿਅ | ਸੰਸਾਰੱਸਿਅ ਵਾਂਗ |
| ਜਨਮਸ੍ਯ | ੧੩੫੩ | ਜਨਮਸਿਅ | ਜਨਮੱਸਿਅ ਵਾਂਗ |
| ਹੀਣਸ੍ਯ | ੧੩੫੩ | ਹੀਣਸਿਅ | ਹੀਣੱਸਿਅ ਵਾਂਗ |
| ਮਨੁਖ੍ਯ | ੧੩੬੦ | ਮਨੁਖਿਅ | ਮਨੁੱਖਿਅ ਵਾਂਗ |
| ਪਰਤਖ੍ਯ | ੧੪੦੯ | ਪਰਤਖਿਅ | ਪਰਤੱਖਿਅ ਵਾਂਗ |
| ਸਰਬਗ੍ਯ | ੧੩੫੬ | ਸਰਬਗਿਅ | ਸਰਬੱਗਿਅ ਵਾਂਗ |
| ਗੁਣਗ੍ਯ | ੧੩੫੬ | ਗੁਣਗਿਅ | ਗੁਣੱਗਿਅ ਵਾਂਗ |
| ਅਨਿਤ੍ਯ | ੧੩੫੬ | ਅਨਿਤਿਅ | ਅਨਿੱਤਿਅ ਵਾਂਗ |
| ਦਿਬ੍ਯ | ੧੪੦੨ | ਦਿਬਿਅ | ਦਿੱਬਿਅ ਵਾਂਗ |
| ਸਿਮਰਤਬ੍ਯ | ੧੩੬੧ | ਸਿਮਰਤਬਿਅ | ਸਿਮਰਤੱਬਿਅ ਵਾਂਗ |
| ਦੁਰਲਭ੍ਯ | ੧੩੫੪ | ਦੁਰਲਭਿਅ | ਦੁਰਲੱਭਿਅ ਵਾਂਗ |
| ਕਲ੍ਯ | ੧੩੯੨ | ਕਲਿਅ | ਕੱਲਿਅ ਵਾਂਗ |
| ਨਲ੍ਯ | ੧੩੯੯ | ਨਲਿਅ | ਨੱਲਿਅ ਵਾਂਗ |

***ਨੋਟ:*** (i) ਸੁਰ 'ਇ' ਜਦੋਂ ਵਿਅੰਜਨ ਅੱਖਰਾਂ ਨੂੰ ਲਗਦਾ ਹੈ ਤਾਂ ਅੱਖਰ 'ੲ' ਦਾ ਅਭਾਵ ਹੋ ਜਾਂਦਾ ਹੈ, ਕੇਵਲ ਲਗ ( ਿ ) ਹੀ ਲਗਦੀ ਹੈ।

(ii) **ਜਦੋਂ ਸੁਰ 'ਯ' ਪੈਰ-ਚਿੰਨ੍ਹ ਰੂਪ ਵਿਚ ਕਿਸੇ ਸ਼ਬਦ ਦੇ ਅੰਤਲੇ ਅੱਖਰ ਨੂੰ ਲੱਗੇ ਅਤੇ ਉਸ ਤੋਂ ਪਹਿਲੇ ਅੱਖਰ ਨੂੰ ਕੋਈ ਦੀਰਘ ਸੁਰ ਨਾ ਲਗਾ ਹੋਵੇ ਤਾਂ ਸੁਰ 'ਯ' ਪੈਰ-ਚਿੰਨ੍ਹ ਵਾਲੇ ਅੱਖਰ ਦੀ ਧੁਨੀ ਨੂੰ ਦੁੱਤ ਕਰ ਕੇ ਉਚਾਰਿਆ ਜਾਂਦਾ ਹੈ।** [ਨੇਮ]

| | | | |
|---|---|---|---|
| ਬਾਕ੍ਯ | ੧੩੮੫ (ਸਿਰਲੇਖ) | ਬਾਕਿਅ | ਪੈਰ-ਚਿੰਨ੍ਹ ( ੍ਯ ) ਵਾਲੇ ਅੱਖਰ ਤੋਂ ਪਹਿਲਾ ਅੱਖਰ ਦੀਰਘ ਸੁਰ ਸਹਿਤ ਹੈ। ਇਸ ਲਈ ਇਸ ਦਾ ਦੁੱਤ ਕਰ ਕੇ ਉਚਾਰਣ ਨਹੀਂ ਹੋਣਾ। |
| ਦੇਦੀਪ੍ਯ | ੧੩੫੫ | ਦੇਦੀਪਿਅ | |

(ii) **ਸ਼ਬਦਾਂ ਦੇ ਵਿਚਕਾਰ ਆਇਆ 'ਯ' ਜਾਂ ਕਿਸੇ ਵਿਚਕਾਰਲੇ ਅੱਖਰ ਨੂੰ ਲੱਗਾ ਪੈਰ-ਚਿੰਨ੍ਹ ( ੍ਯ )**

| ***ਸੁਰ 'ਯ'-ਸਹਿਤ ਸ਼ਬਦ*** | ***ਪੰਨਾ*** | ***ਸੁਰ 'ਯ' ਦੇ ਲਗਮਾਤ੍ਰੀ ਬਦਲ ਸਹਿਤ ਸ਼ਬਦ*** |
|---|---|---|
| ਆਲਯਹ | ੧੩੫੭ | ਆਲਿਅਹ |
| ਸੰਸਯਹ | ੧੩੬੦ | ਸੰਸਿਅਹ |
| ਕੁਟੰਬ੍ਯਤੇ | ੧੩੫੪ | ਕੁਟੰਬਿਅਤੇ |
| ਡੁਬੰਤ੍ਯਹ | ੧੩੯੫ | ਡੁਬੰਤਿਅਹ |
| ਨਖ੍ਯਤ੍ਰ | ੧੩੫੯ | ਨਖਿਅਤ੍ਰ |
| ਲਖ੍ਯਣ | ੧੩੫੭ | ਲਖਿਅਣ |
| ਅਧਾਖ੍ਯਰ | ੨੭੩ | ਅਧਾਖਿਅਰ |
| ਪਰੀਖ੍ਯਤ | ੧੩੯੦ | ਪਰੀਖਿਅਤ |
| ਲਿਖ੍ਯਉ | ੧੪੦੮ | ਲਿਖਿਅਉ |
| ਅਪ੍ਯਉ | ੧੪੦੧ | ਅਪਿਅਉ |
| ਬਿਦ੍ਯਮਾਨ | ੧੪੦੪ | ਬਿਦਿਅਮਾਨ |

**(ੲ) (2) ਸੁਰ ਯ = ਇ + ਅ (ਇਕੱਠੇ)**

| | | |
|---|---|---|
| ਭਯਉ | ੧੪੦੯ | ਭਇਅਉ(੧੩੯੯) |
| ਨਿਰਭਯਹ | ੧੩੫੭ | ਨਿਰਭਇਅਹ |
| ਕਰੁਣਾਮਯਹ | ੩੫੬ | ਕਰੁਣਾਮਇਅਹ |
| ਆਯਉ | ੧੩੯੬ | ਆਇਅਉ (੧੪੦੯) |
| ਸਮਾਯਉ | ੧੪੦੮ | ਸਮਾਇਅਉ (੧੪੦੭) |
| ਦੀਪਾਯਉ | ੧੩੯੫ | ਦੀਪਾਇਅਉ (੧੪੦੮) |
| ਦ੍ਰਿੜਾਯਉ | ੧੩੯੭ | ਦ੍ਰਿੜਾਇਅਉ (੧੩੯੭) |

| | | |
|---|---|---|
| ਧਿਆਯਉ | ੧੩੯੬ | ਧਿਆਇਅਉ (੨੪੧) |

**੪.੨.੫ (ਸ) ਸੁਰ 'ਯ' = ਈ**

| *ਸੁਰ 'ਯ' ਸਹਿਤ ਸ਼ਬਦ* | *ਸੁਰ 'ਯ' ਦੇ ਲਗਮਾਤ੍ਰੀ ਬਦਲ ਸਹਿਤ ਸ਼ਬਦ* | |
|---|---|---|
| ਦਯ (੨੦੩) | ਦਈ | (੧੧੫੨, ੧੩੭੫) |

**੪.੨.੫ (ਹ) ਸੁਰ ਯ = ਈ + ਅ**

| | | |
|---|---|---|
| ਰਯਤਿ (੧੪੧) | ਰਈਅਤਿ | (੭੯੩, ੧੦੩੬, ੧੦੫੭) |

**੪.੨.੫.੧ ਵੱਖ ਵੱਖ ਲਗ-ਮਾਤ੍ਰੀ ਸੁਰਾਂ ਸਹਿਤ 'ਯ' ਤੇ ਉਸ ਦੀਆਂ ਧੁਨੀਆਂ**

ਪਿਛਲੇ ਪੰਨਿਆਂ ਉਤੇ ਸੂਰ 'ਯ' ਦੇ ਮੁਕਤਾ ਰੂਪ ਵਿਚ ਬਣਦੀਆਂ ਵੱਖ ਵੱਖ ਧੁਨੀਆਂ ਦਾ ਵਰਣਨ ਕੀਤਾ ਗਿਆ ਹੈ ਅਤੇ ਉਸ ਦੀ ਪੁਸ਼ਟੀ ਵਿਚ ਅਜਿਹੇ ਸ਼ਬਦਾਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿਚ ਸੂਰ 'ਯ' ਦੇ ਬਦਲ ਲਗ-ਮਾਤ੍ਰੀ ਸੂਰਾਂ ਦੀ ਵਰਤੋਂ ਕੀਤੀ ਹੋਈ ਹੈ।

ਸਮੱਸਿਆ ਓਥੇ ਕਈ ਵਾਰੀ ਗੁੰਝਲਦਾਰ ਹੋ ਜਾਂਦੀ ਹੈ, ਜਿਥੇ ਕਿਸੇ ਸ਼ਬਦ ਵਿਚ ਆਏ ਸੂਰ 'ਯ' ਨੂੰ ਅਗੋਂ ਕੋਈ ਹੋਰ ਲਗ-ਮਾਤ੍ਰੀ ਸੂਰ ਲਗਾ ਹੋਵੇ। ਸੋ, ਹੇਠਾਂ ਕੁਝ ਅਜਿਹੇ ਸ਼ਬਦਾਂ ਨਾਲ ਜਾਣ ਪਛਾਣ ਕਰਾਉਣ ਦਾ ਜਤਨ ਕੀਤਾ ਗਿਆ ਹੈ, ਜਿਨ੍ਹਾਂ ਵਿਚ ਸੂਰ 'ਯ' ਵੱਖ ਵੱਖ ਲਗ-ਮਾਤ੍ਰੀ ਸੂਰਾਂ ਸਹਿਤ ਗੁਰਬਾਣੀ ਵਿਚ ਆਇਆ ਹੈ।

**(ੳ) ਯਾ = ਆ**

| | | | |
|---|---|---|---|
| ਬਿਸ੍ਰੁਗੀਯਾ | (੧੩੯੨) | ਬਿਸ੍ਰੁਗੀਆ | |
| ਮ੍ਯ੍ਯਾਨੇ | (੭੨੭) | ਮਿਆਨੇ | (੭੨੭) |
| ਗ੍ਯ੍ਯਾਨ | (੧੩੦੨) | ਗਿਆਨ | (੭) |

**(ਅ)** (i) **ਯਾ = ਇ + ਅ (ਵਖਰੇ ਵਖਰੇ 'ਿ + ਅ' ਦੇ ਰੂਪ ਵਿਚ)**

| | | | |
|---|---|---|---|
| ਲਜਯਾ | (੧੩੫੮) | ਲਜਿਆ | (੧੩੧੬) (ਉਚਾਰਣ ਲੱਜਿਆ) |
| ਸਮਜਯਾ | (੧੩੫੮) | ਸਮਜਿਆ | (ਉਚਾਰਣ ਸਮੱਜਿਆ) |
| ਬਿਖਯਾ | (੧੩੫੭) | ਬਿਖਿਆ | (੩੦) |
| ਬ੍ਯ੍ਯਾਕਰਣ | (੧੩੯੦) | ਬਿਆਕਰਣ | (੧੧੨੭) |
| ਬ੍ਯ੍ਯਾਧਿ | (੧੩੬੧) | ਬਿਆਧਿ | (੨੦੦) |
| ਬ੍ਯ੍ਯਾਸ | (੧੩੯੦) | ਬਿਆਸ | (੯੫੧) |
| ਸਿਖ੍ਯ੍ਯਾ | (੧੩੮੭) | ਸਿਖਿਆ | (੨੨੧) |
| ਲਖ੍ਯ੍ਯਾ | (੧੪੦੧) | ਲਖਿਆ | (੩੭) |

(ii) **ਯਾ = ਇ + ਆ (ਇਕੱਠੇ)**

| | | | |
|---|---|---|---|
| ਪਯਾਲਿ | (੧੩੦੩) | ਪਇਆਲਿ | (੭੧) |
| ਭਯਾਨ | (੧੩੫੮) | ਭਇਆਨ | (੨੬੪) |
| ਭਯਾ | (੧੩੭) | ਭਇਆ | (੧੯) |
| ਦਯਾਲ | (੧੩੫੮) | ਦਇਆਲ | (੧੩੫੫) |
| ਆਯਾ | (੫੮੫) | ਆਇਆ | (੨੧) |

**(ੲ) ਯਾ = ਈ + ਆ**

| | | | |
|---|---|---|---|
| ਭੁਯਾ | (੧੩੭) | ਭਈਆ | (੬੫੪) |
| ਦੁਯਾ | (੭੩) | ਦੁਈਆ | (੮੩੬) |

**(ਸ) ਯਿ = ਈ + ਇ**

ਦਯਿ (੩੦੩) — ਦਈਇ
[ਉਚਾਰਣ ਕਰਨ ਲੱਗਿਆਂ ਅੰਤਲੇ ਹ੍ਰਸ੍ਵ ਸ੍ਵਰ ਦੀ ਧੁਨੀ ਨੂੰ ਦੀਰਘ ਨਾ ਹੋਣ ਦਿੱਤਾ ਜਾਵੇ।]

**(ਹ) ਯੀ = ਈ + ਈ**

ਦੁਯੀ (੪੬੨) — ਦੁਈਈ
[ਇਕੋ ਸ੍ਵਰ ਦੋ ਵਾਰੀ ਉਤੋੜੁਤੀ ਹੋਵੇ ਤਾਂ ਅੰਤਲੇ ਸ੍ਵਰ ਦੀ ਧੁਨੀ ਆਪਣੇ ਤੋਂ ਪਹਿਲੇ ਸ੍ਵਰ ਦੀ ਧੁਨੀ ਵਿਚ ਲੀਨ ਹੋ ਕੇ ਉਸ ਦੀ ਧੁਨੀ ਨੂੰ ਸਬਲ ਤੇ ਲੰਮੇਰਾ ਕਰਦੀ ਹੈ।]

**(ਕ) ਯੁ = ਈ + ਉ**

ਦਯੁ (੨੧੮) — ਦਈਉ
[ਉਚਾਰਣ ਕਰਨ ਲੱਗਿਆਂ ਅੰਤਲੇ ਹ੍ਰਸ੍ਵ ਸ੍ਵਰ ਨੂੰ ਦੀਰਘ ਨਾ ਹੋਣ ਦਿੱਤਾ ਜਾਏ।]

**(ਖ) ਯੁ = ਇ + ਉ**

ਮ੍ਰਿਤੁ (੧੩੫੭) — ਮ੍ਰਿਤਿਉ [ਉਪ੍ਰੋਕਤ ਵਾਂਗ]
ਕਲ੍ਯੁਚਰੈ (੧੩੯੭) — [ਸੰਧੀ, ਕਲ੍ਯ + ਉਚਰੈ = ਕਲਿਅ + ਉਚਰੈ = ਕਲਿਉਚਰੈ]

**(ਗ) ਯੂ = ਊ**

ਪਿਯੂ (੯੬੮) — ਪਿਊ

(ਘ) ਯੇ = ਈ + ਏ

| | | | |
|---|---|---|---|
| ਸਵਯੇ | (੧੩੮੭) | ਸਵਈਏ | (੧੩੮੯-੯੧-੯੬, ੧੪੦੧) |
| ਮੁਯੇ | (੨੪੬) | ਮੁਈਏ | (੫੬੭, ੧੧੧੦) |
| ਰਮਯੇ | (੩੨੮) | ਰਮਈਏ | (੩੪੫, ੩੪੬) |

(ਙ) ਯੈ = ਈ + ਐ

| | | | |
|---|---|---|---|
| ਦਯੈ | (੭੪) | ਦਈਐ | |
| ਦੁਯੈ | (੧੩੪) | ਦੁਈਐ | |

(ਚ) ਯੋ = ਇ + ਓ

| | | | |
|---|---|---|---|
| ਲਾਗ੍ਯੋ | (੧੪੦੮) | ਲਾਗਿਓ | (੧੨੦੩) |
| ਉਪਜ੍ਯੋ | (੧੪੦੬) | ਉਪਜਿਓ | (੫੨੯) |
| ਹੋਯੋ | (੧੩੬੧) | ਹੋਇਓ | (੧੩੧) |
| ਜਯੋ | (੧੪੦੫) | ਜਇਓ | |
| ਨਠਯੋ | (੧੩੯੨) | ਨਠਿਓ | |

(ਛ) ਯੋ = ਈ + ਓ

| | | | |
|---|---|---|---|
| ਅਯੋ | (੪੩੪) | ਅਈਓ | |

(ਜ) ਯੌ = ਇਅ + ਉ

| | | | |
|---|---|---|---|
| ਪਾਯੌ | (੧੪੦੧) | ਪਾਯਉ | (੧੪੦੧) |
| | | ਪਾਇਅਉ | (੧੩੯੭) |
| ਭਯੌ | (੧੩੯੨) | ਭਯਉ | (੧੩੮੬) |
| | | ਭਇਅਉ | (੧੩੯੯) |

(ਝ) ਯੰ = ਅੰ

| | | | |
|---|---|---|---|
| ਤੁਯੰ | (੧੩੮੪) | ਤੁਅੰ | |
| ਝੜੀਯੰ | (੧੩੬੦) | ਝੜੀਅੰ (ਦੇਖੋ 'ਜੜੀਅੰ' ੧੩੬੦) | |
| ਜੋਤ੍ਯੰ | (੧੩੫੯) | ਜੋਤਿਅੰ | |
| ਬਸ੍ਯੰਤ | (੧੩੫੫) | ਬਸਿਅੰਤ | |

(ਞ) (i) ਯ = ਇ + ਅ (ਵੱਖਰੇ ਵੱਖਰੇ)

| | | | |
|---|---|---|---|
| ਰਿਦਯੰ | (੧੩੫੫) | ਰਿਦਿਅੰ | |
| ਲਬਧ੍ਯੰ | (੧੩੫੬) | ਲਬਧਿਅੰ | |

| | | |
|---|---|---|
| ਇਤੵੰਤ | (੧੩੫੫) | ਇਤਿਅੰਤ |
| ਗੁਣਗੵੰ | (੧੩੫੪) | ਗੁਣਗਿਅੰ (ਉਚਾਰਣ ਗੁਣੱਗਿਅੰ) |
| ਭਬੵੰ | (੧੩੬੧) | ਭਬਿਅੰ |

(ii) **ਯ = ਇ + ਅ (ਇਕੱਠੇ)**

| | | |
|---|---|---|
| ਤੋਯੰ | (੧੩੫੪) | ਤੋਇਅੰ |
| ਗਯੰਦ | (੧੩੦੩) | ਗਇਅੰਦ |
| ਨਿਰਭਯੰ | (੧੩੫੬) | ਨਿਰਭਇਅੰ |
| ਭੁਯੰਗਮ | (੧੩੬੧) | ਭੁਇਅੰਗਮ (੯੧੨) [*ਨੋਟ :* ਇਹ ਸ਼ਬਦ ਗੁਰਬਾਣੀ ਵਿਚ 'ਭੁਅੰਗਮ' ਰੂਪ ਵਿਚ ਵੀ ਮਿਲਦਾ ਹੈ।] |

### ੪.੨.੫.੨ ਇਕੋ ਜਿਹੀ ਬਣਤਰ ਵਾਲੇ ਸ਼ਬਦਾਂ ਵਿਚ 'ਯ' ਦੀ ਫ਼ਰਕੋ ਫ਼ਰਕੀ ਧੁਨੀ

ਪਿੱਛੇ ਦਿੱਤੇ ਗਏ ਵੇਰਵੇ ਤੋਂ ਅਸੀਂ ਦੇਖਿਆ ਹੈ ਕਿ ਗੁਰਬਾਣੀ ਵਿਚ ਆਏ ਇਕੋ ਜਿਹੀ ਬਣਤਰ ਵਾਲੇ ਸ਼ਬਦਾਂ ਵਿਚ ਸੁਰ 'ਯ' ਦਾ ਬਦਲਵਾਂ ਲਗ-ਮਾਤ੍ਰੀ ਰੂਪ ਵੱਖ ਵੱਖ ਥਾਈਂ ਸੰਬੰਧਤ ਸ਼ਬਦਾਂ ਦੇ ਅਰਥ ਦੇ ਅਧਾਰ 'ਤੇ ਫ਼ਰਕੋ ਫ਼ਰਕੀ ਬਣਦਾ ਹੈ। ਅਜਿਹੇ ਕੁਝ ਸ਼ਬਦ ਤੇ ਉਹਨਾਂ ਦਾ ਬਦਲਵਾਂ ਲਗ-ਮਾਤ੍ਰੀ ਰੂਪ ਪਾਠਕਾਂ ਦੀ ਸਹੂਲਤ ਲਈ ਥੱਲੇ ਦਿੱਤਾ ਜਾਂਦਾ ਹੈ :

**ਸੁਰ 'ਯ'-ਸਹਿਤ**

| ***ਸ਼ਬਦ*** | ***ਪੰਨਾ*** | ***ਬਦਲਵਾਂ ਲਗ-ਮਾਤ੍ਰੀ ਰੂਪ*** | |
|---|---|---|---|
| ਭਯਾ | (੧੩੭) | ਭਇਆ (ਕਈ ਵਾਰੀ) | (ਹੋ ਗਿਆ) |
| ਭਯਾ | (੧੩੭) | ਭਈਆ (੬੫੪) | (ਭਰਾਤਾ) |
| ਦਯ | (੨੦੩) | ਦਈ (੧੧੫੨, ੧੩੭੫) | |
| ਭਯ | | ਭਇ = ਭੈ | |
| ਅਯੋ | | ਅਈਓ | |
| ਭਯੋ | | ਭਇਓ | |
| ਰਯਨਿ | | ਰਇਨਿ = ਰੈਨਿ | |
| ਰਯਤਿ | | ਰਈਅਤਿ | |
| ਤੁਯੰ | | ਤੁਅੰ | |
| ਤੋਯੰ | | ਤੋਇਅੰ | |

ਸੋ, ਕਿਸੇ ਸ਼ਬਦ ਵਿਚ ਆਏ ਸੁਰ 'ਯ' ਦਾ ਬਦਲਵਾਂ ਕਿਹੜਾ ਲਗ-ਮਾਤ੍ਰੀ ਰੂਪ ਬਣਦਾ ਹੈ, ਅਥਵਾ, ਸੁਰ 'ਯ' ਓਥੇ ਕਿਹੜੀ ਸੁਰ-ਧੁਨੀ ਦਾ ਲਖਾਇਕ ਹੈ, ਇਸ ਦਾ ਨਿਰਣਾ ਕਰਨ ਲਈ ਸ਼ਬਦਾਂ ਦੇ ਪ੍ਰਸੰਗਕ ਅਰਥਾਂ ਦੀ ਜਾਣਕਾਰੀ ਹੋਣੀ ਲਾਜ਼ਮੀ ਹੈ। ਅਜਿਹੇ ਸ਼ਬਦਾਂ ਦੇ ਸ਼ੁਧ ਉਚਾਰਣ ਲਈ ਟ੍ਰੇਨਿੰਗ ਅਤੇ ਅਰਥ-ਬੋਧ ਦੋਹਾਂ ਦੀ ਲੋੜ ਹੈ।

## ੪.੨.੫.੩ ਸ੍ਰੀ ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵਯੇ ਅਤੇ ਬੇਨਤੀ ਚੌਪਈ ਵਿਚਲੇ ਸੁਰ 'ਯ' ਵਾਲੇ ਸ਼ਬਦਾਂ ਦਾ ਲਗ-ਮਾਤ੍ਰੀ ਸੁਰਾਂ ਵਾਲਾ ਰੂਪ

### ਸ੍ਰੀ ਜਾਪੁ ਸਾਹਿਬ

| *ਅੰਕ* | *ਸੁਰ 'ਯ'-ਸਹਿਤ ਸ਼ਬਦ ਰੂਪ* | *ਲਗ-ਮਾਤ੍ਰੀ ਸੁਰਾਂ ਸਹਿਤ ਸ਼ਬਦ-ਰੂਪ* | *ਅੰਕ* | *ਸੁਰ 'ਯ'-ਸਹਿਤ ਸ਼ਬਦ-ਰੂਪ* | *ਲਗ-ਮਾਤ੍ਰੀ ਸੁਰਾਂ ਸਹਿਤ ਸ਼ਬਦ-ਰੂਪ* |
|---|---|---|---|---|---|
| ੩੧ | ਅਧੇਯ | ਅਧੇਅ | ੩੧ | ਅਭੇਯ | ਅਭੇਅ |
| ੬੨ | ਜਲੇਯ | ਜਲੇਅ | ੬੨ | ਅਭੇਯ | ਅਭੇਅ |
| ੮੩ | ਸੁਯੰਭਵ | ਸੁਅੰਭਵ | ੯੩ | ਆਲਿਸਯ | ਆਲਿਸਿਅ |
| ੯੩ | ਆਦ੍ਰਿਸਯ | ਆਦ੍ਰਿਸਿਅ | ੯੩ | ਭਰਣਾਢਯ | ਭਰਣਾਢਿਅ |
| ੯੩ | ਬਾਢਯ | ਬਾਢਿਅ | ੯੮,੧੧੧,੧੧੮ | ਮਾਨਯੈ | ਮਾਨਿਐ |
| ੯੮,੧੧੧ | ਦਾਨਯੈ | ਦਾਨਿਐ | ੧੧੮ | ਪ੍ਰਧਾਨਯੈ | ਪ੍ਰਧਾਨਿਐ |
| ੧੧੮ | ਜਾਪਯੈ | ਜਾਪਿਐ | ੧੧੮ | ਥਾਪਯੈ | ਥਾਪਿਐ |
| ੧੭੧,੧੮੧ | ਕਰੁਣਾਲਯ | ਕਰੁਣਾਲਿਅ | ੧੭੧ | ਘਾਲਯ | ਘਾਲਿਅ |
| ੧੭੩ | ਮਾਨਿਯ | ਮਾਨਿਅ | ੧੭੩ | ਜਾਨਿਯ | ਜਾਨਿਅ |
| ੧੭੪ | ਪਾਸਿਯ | ਪਾਸਿਅ | ੧੭੪ | ਨਾਸਿਯ | ਨਾਸਿਅ |

### ਸ੍ਰੀ ਤ੍ਵਪ੍ਰਸਾਦਿ ਸਵਯੇ

| | | | | | |
|---|---|---|---|---|---|
| ਸਿਰਲੇਖ | ਸਵਯੇ | ਸਵੱਈਏ | ੩ | ਹਯ | ਹਇ = ਹੈ |
| ੬ | ਭਛਯਾ | ਭਛੱਈਆ | ੬ | ਮਲਯਾ | ਮਲੱਈਆ |
| ੬ | ਲਵਯਾ | ਲਵੱਈਆ | ੬ | ਦਿਵਯਾ | ਦਿਵੱਈਆ |
| ੯ | ਭਯੋ | ਭਇਓ | ੧੦ | ਧਰ੍ਯੋ | ਧਰਿਓ |

### ਸ੍ਰੀ ਬੇਨਤੀ ਚੌਪਈ

| | | | | | |
|---|---|---|---|---|---|
| ੩ | ਕਰਿਯੈ | ਕਰੀਐ | ੩ | ਸੰਘਰਿਯੈ | ਸੰਘੱਰੀਐ |
| ੪ | ਧਿਯਾਊਂ | ਧਿਆਊਂ | ੫ | ਉਬਰਿਯੈ | ਉਬੱਰੀਐ |
| ੫ | ਨਿਵਰਿਯੈ | ਨਿਵੱਰੀਐ | ੫ | ਕਰਿਯਹੁ | ਕਰੀਅਹ |
| ੯ | ਬਨਾਯੋ | ਬਨਾਇਓ | ੯ | ਉਪਜਾਯੋ | ਉਪਜਾਇਓ |
| ੯ | ਸਮਝਿਯਹੁ | ਸਮਝੀਅਹੁ | ੧੯ | ਭਯੋ | ਭਇਓ |
| ੧੯ | ਸੁਯੰਭਵ | ਸੁਅੰਭਵ | ਸਿਰਲੇਖ | ਸ੍ਵੈਯਾ | ਸ੍ਵੈਈਆ |
| ਸ੍ਵੈਯਾ | ਆਨਯੋ | ਆਨਿਓ | ,, | ਮਾਨਯੋ | ਮਾਨਿਓ |
| ,, | ਜਾਨਯੋ | ਜਾਨਿਓ | ,, | ਬਖਾਨਯੋ | ਬਖਾਨਿਓ |

#### ੪.੨.੫.੪ ਸੁਰ 'ਯ'—ਸਾਰ-ਸਿੱਟਾ

(i) ਗੁਰਬਾਣੀ ਦੀ ਲਿਖਤ ਵਿਚ ਸ਼ਬਦਾਂ ਦਾ ਅਰੰਭਕ 'ਯ' ਵਿਅੰਜਨ-ਧੁਨੀ ਪ੍ਰਗਟਾਉਂਦਾ ਹੈ।

(ii) ਸ਼ਬਦਾਂ ਦਾ ਵਿਚਕਾਰਲਾ ਅਤੇ ਅੰਤਲਾ 'ਯ' ਸੁਰ ਦੇ ਤੌਰ 'ਤੇ ਆਉਂਦਾ ਹੈ; ਪੂਰੇ ਰੂਪ (ਯ) ਵਿਚ ਵੀ, ਅਧ-ਕਟੇ ਰੂਪ (ਤ) ਵਿਚ ਵੀ ਅਤੇ ਪੈਰ-ਚਿੰਨ੍ਹ ਰੂਪ ( ੵ) ਵਿਚ ਵੀ।

(iii) ਸੁਰ 'ਯ' ਦੀ ਧੁਨੀ ਸਾਰੀਆਂ ਥਾਵੇਂ ਇਕ-ਸਾਰ ਨਹੀਂ ਹੁੰਦੀ; ਵੱਖ ਵੱਖ ਸ਼ਬਦਾਂ ਵਿਚ ਫ਼ਰਕੋ-ਫ਼ਰਕੀ ਹੈ।

(iv) ਸੁਰ 'ਯ' ਦੇ ਬਦਲ (replacement) ਵਿਚ ਵੱਖ ਵੱਖ ਲਗ-ਮਾਤ੍ਰੀ ਸੁਰਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਯ = ਅ<br>
ਯ = ਇ + ਅ<br>
ਯ = ਇ<br>
ਯ = ਈ<br>
ਯ = ਈ + ਅ

### ੪.੨.੬ ਸ਼ਬਦਾਂ ਦੇ ਅੰਤਲੇ ਹ੍ਰਸੂ ਸੁਰਾਂ ਦਾ ਉਚਾਰਣ

#### ੪.੨.੬.੧ ਮੂਲਕ-ਅੰਗੀ ਸੁਰ

ਵੱਖ ਵੱਖ ਸ਼ਬਦਾਂ ਦੀ ਬਣਤਰ ਵਿਚ ਦੀਰਘ ਅਤੇ ਹ੍ਰਸੂ, ਦੋਹਾਂ ਕਿਸਮਾਂ ਦੇ, ਸੁਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਆਪੋ ਆਪਣੀ ਥਾਵੇਂ ਇਹਨਾਂ ਦੀ ਇਕੋ ਜਿੰਨੀ ਮਹੱਤਤਾ ਹੈ। ਅਜਿਹੇ ਸੁਰ ਚੂੰਕਿ ਸਾਰਥਿਕ ਸ਼ਬਦਾਂ ਦੀ ਬਣਤਰ ਦਾ ਮੂਲਕ-ਹਿੱਸਾ ਹੁੰਦੇ ਹਨ, ਇਹਨਾਂ ਨੂੰ ਮੂਲਕ-ਅੰਗੀ ਸੁਰ ਕਿਹਾ ਜਾਂਦਾ ਹੈ। ਅਜਿਹੇ ਦੋਹਾਂ ਕਿਸਮਾਂ ਦੇ ਸੁਰ ਗੁਰਬਾਣੀ ਵਿਚ ਆਏ ਸ਼ਬਦਾਂ ਦੇ ਅਰੰਭਕ ਅੱਖਰਾਂ ਨੂੰ ਵੀ ਲੱਗਦੇ ਹਨ ਅਤੇ ਵਿਚਕਾਰਲੇ ਤੇ ਅੰਤਲੇ ਅੱਖਰਾਂ ਨੂੰ ਵੀ।

#### ੪.੨.੬.੨ ਵਿਆਕਰਣਿਕ ਪਿਛੇਤਰ

ਕੁਝ ਸੁਰ ਸ਼ਬਦਾਂ ਦੇ ਅੰਤ ਵਿਚ ਵਿਆਕਰਣਿਕ ਪਿਛੇਤਰ-ਚਿੰਨ੍ਹਾਂ ਵੱਜੋਂ ਵੀ ਲੱਗਦੇ ਹਨ। ਇਹਨਾਂ ਵਿਚ ਦੀਰਘ ਸੁਰ ਵੀ ਹਨ ਅਤੇ ਹ੍ਰਸੂ ਵੀ। ਇਸ ਤਰ੍ਹਾਂ ਸੁਰਾਂ ਦੀ ਵਰਤੋਂ ਇਕ ਪਾਸੇ ਸ਼ਬਦਾਂ ਦੇ ਮੂਲਕ-ਅੰਗ ਵਜੋਂ ਕੀਤੀ ਮਿਲਦੀ ਹੈ ਅਤੇ ਦੂਜੇ ਪਾਸੇ ਵਿਆਕਰਣਿਕ ਪਿਛੇਤਰਾਂ ਵਜੋਂ; ਪਰ ਇਹਨਾਂ ਦੋਹਾਂ ਹਾਲਤਾਂ ਵਿਚ ਇਹਨਾਂ ਦੀ ਨਿਸਚਿਤ ਧੁਨੀ ਉਚਾਰਣ ਦਾ ਭਾਗ ਅਵੱਸ਼ ਬਣਦੀ ਹੈ।

#### ੪.੨.੬.੩ ਅੰਤਲੇ ਹ੍ਰਸੂ ਸੁਰਾਂ ਦੇ ਉਚਾਰਣ ਦੀ ਕਠਨਾਈ

ਦੀਰਘ ਸੁਰ, ਭਾਵੇਂ ਕਿਸੇ ਸ਼ਬਦ ਦੇ ਅਰੰਭ ਵਿਚ ਆਉਣ, ਵਿਚਕਾਰ ਆਉਣ ਜਾਂ ਅੰਤ ਵਿਚ ਹੋਣ, ਇਹਨਾਂ ਦਾ ਉਚਾਰਣ ਸੁਖੈਨ ਹੀ ਹੋ ਸਕਦਾ ਹੈ। ਜਿਥੋਂ ਤਕ ਹ੍ਰਸੂ ਸੁਰਾਂ

ਦਾ ਸੰਬੰਧ ਹੈ, ਕਿਸੇ ਸ਼ਬਦ ਦੇ ਅਰੰਭ ਵਿਚ ਜਾਂ ਵਿਚਕਾਰ ਲੱਗੇ ਹੋਣ ਦੀ ਸੂਰਤ ਵਿਚ ਇਹਨਾਂ ਦੇ ਉਚਾਰਣ ਵਿਚ ਕੋਈ ਕਠਨਾਈ ਨਹੀਂ ਹੁੰਦੀ, ਪਰ ਸ਼ਬਦਾਂ ਦੇ ਅੰਤਲੇ ਅੱਖਰਾਂ ਨੂੰ ਲੱਗੇ ਹ੍ਰਸ੍ਵ ਸ੍ਵਰਾਂ ( ੁ ਅਤੇ ਿ ) ਦਾ ਉਚਾਰਣ ਕੁਝ ਮੁਸ਼ਕਲ ਜਾਪਦਾ ਹੈ। ਇਸੇ ਕਾਰਨ ਹੀ ਅਜੋਕੀ ਪੰਜਾਬੀ ਲਿਖਤ ਵਿਚ ਸ਼ਬਦਾਂ ਦੇ ਅੰਤਲੇ ਅੱਖਰਾਂ ਨਾਲ ਹ੍ਰਸ੍ਵ ਸ੍ਵਰਾਂ ( ੁ ਅਤੇ ਿ ) ਦਾ ਪ੍ਰਯੋਗ ਬੰਦ ਹੋ ਚੁੱਕਾ ਹੈ।

### ੪.੨.੬.੪ ਅੰਤਲੇ ਸ੍ਵਰਾਂ ਦੀ ਭਾਵਾਤਮਿਕ ਅਤੇ ਉਚਾਰਣਾਤਮਿਕ ਮਹੱਤਤਾ

ਤਕਰੀਬਨ ਸਾਰੀਆਂ ਪੁਰਾਤਨ ਭਾਰਤੀ ਭਾਸ਼ਾਵਾਂ ਸੰਜੋਗਾਤਮਿਕ ਸਨ। ਪੁਰਾਤਨ ਪੰਜਾਬੀ ਅਥਵਾ ਗੁਰਬਾਣੀ ਦੀ ਭਾਸ਼ਾ ਵਿਚ ਵੀ ਇਹ ਗੁਣ ਬਹੁਤ ਹੱਦ ਤਕ ਮੌਜੂਦ ਹੈ। ਗੁਰਬਾਣੀ ਦਾ ਪਾਠ ਕਰਦੇ ਸਮੇਂ ਅਸੀਂ ਦੇਖਦੇ ਹਾਂ ਕਿ ਅਨੇਕ ਸ਼ਬਦਾਂ ਦੇ ਅੰਤਲੇ ਅੱਖਰਾਂ ਨੂੰ ਹ੍ਰਸ੍ਵ ਸ੍ਵਰ ( ੁ ਅਤੇ ਿ ) ਲੱਗੇ ਹੋਏ ਹਨ। ਇਨ੍ਹਾਂ ਸ੍ਵਰਾਂ ਦੀ ਦੁਵੱਲੀ ਮਹੱਤਤਾ ਹੈ; ਇਕ ਪਾਸੇ, ਸਾਹਿਤਕ ਅਤੇ ਦੂਜੇ ਪਾਸੇ ਵਿਆਕਰਣਿਕ। ਜਦੋਂ ਇਹ ਹ੍ਰਸ੍ਵ ਸ੍ਵਰ ( ੁ ਅਤੇ ਿ ) ਕਿਸੇ ਸ਼ਬਦ ਦੇ ਅੰਤ ਵਿਚ ਮੂਲਕ-ਅੰਗ ਵਜੋਂ ਆਉਂਦੇ ਹਨ; ਜਿਵੇਂ : ਮਤਿ, ਸੁਰਤਿ, ਹਸਤਿ, ਸੁਰਿ,ਆਦਿ ਤਾਂ ਇਸ ਹਾਲਤ ਵਿਚ ਇਹਨਾਂ ਦੀ ਸਾਹਿਤਕ ਵਿਸ਼ੇਸ਼ਤਾ ਪ੍ਰਗਟ ਹੁੰਦੀ ਹੈ। ਦੂਜੇ ਪਾਸੇ, ਜਦੋਂ ਇਹ ਕਿਸੇ ਸ਼ਬਦ ਦੇ ਅੰਤ ਵਿਚ ਕਿਸੇ ਕਾਰਕ-ਚਿੰਨ੍ਹ ਜਾਂ ਕਿਰਿਆਵੀ ਪਿਛੇਤਰ ਵਜੋਂ ਆਉਣ ਤਾਂ ਇਹਨਾਂ ਦੀ ਵਿਆਕਰਣਿਕ ਵਿਸ਼ੇਸ਼ਤਾ ਪ੍ਰਗਟ ਹੁੰਦੀ ਹੈ। ਪਰ ਦੋਹਾਂ ਹਾਲਤਾਂ ਵਿਚ ਅੰਤਲੇ ਹ੍ਰਸ੍ਵ ਸ੍ਵਰ ਦੀਰਘ-ਸ੍ਵਰਾਂ ਵਾਂਗ ਸ਼ਬਦਾਂ ਦੇ ਭਾਵ-ਅਰਥ ਅਤੇ ਉਚਾਰਣ ਦੋਹਾਂ ਨੂੰ ਹੀ ਪ੍ਰਭਾਵਤ ਕਰਦੇ ਹਨ।

### ੪.੨.੬.੫ ਅੰਤਲੇ ਹ੍ਰਸ੍ਵ ਸ੍ਵਰਾਂ ਦੇ ਉਚਾਰਣ ਬਾਰੇ ਪਹਿਲਾ ਪੱਖ

ਅਜੋਕੇ ਕੁਝ ਵਿਦਵਾਨ ਸੱਜਣਾਂ ਦਾ ਵਿਚਾਰ ਹੈ ਕਿ ਗੁਰਬਾਣੀ ਦੀ ਲਿਖਤ ਵਿਚ ਸ਼ਬਦਾਂ ਦੇ ਅੰਤਲੇ ਅੱਖਰਾਂ ਨੂੰ ਲੱਗੇ ਦੀਰਘ ਸ੍ਵਰ ਤਾਂ ਉਚਾਰਣ ਦਾ ਭਾਗ ਅਵੱਸ਼ ਬਣਦੇ ਹਨ, ਭਾਵੇਂ ਉਹ ਉਹਨਾਂ ਦੇ ਮੂਲਕ-ਅੰਗ ਵਜੋਂ ਲੱਗੇ ਹੋਣ ਜਾਂ ਵਿਆਕਰਣਿਕ ਚਿੰਨ੍ਹ ਵਜੋਂ, ਪਰ ਅੰਤਲੇ ਹ੍ਰਸ੍ਵ ਸ੍ਵਰ ( ੁ ਅਤੇ ਿ ) ਕੇਵਲ ਵਿਆਕਰਣਿਕ ਚਿੰਨ੍ਹਾਂ ਦੇ ਪ੍ਰਤੀਕ ਹੁੰਦੇ ਹਨ, ਜੋ ਕੇਵਲ ਸ਼ਬਦਾਂ ਦੇ ਅਰਥਾਂ ਨੂੰ ਪ੍ਰਭਾਵਤ ਕਰਦੇ ਹਨ, ਉਚਾਰਣ ਨਾਲ ਉਹਨਾਂ ਦਾ ਕੋਈ ਵਾਸਤਾ ਨਹੀਂ। ਉਹਨਾਂ ਦਾ ਵਿਚਾਰ ਹੈ ਕਿ :

| | |
|---|---|
| ਸਹੁ, ਸਹਿ ਅਤੇ ਸਹ; | ਇਹਨਾਂ ਤਿੰਨਾਂ ਸ਼ਬਦਾਂ ਦਾ ਉਚਾਰਣ ਇਕਸਾਰ 'ਸਹ' ਵਾਂਗ ਹੈ। |
| ਮਾਹੁ, ਮਾਹਿ ਅਤੇ ਮਾਹ; | ਇਹਨਾਂ ਤਿੰਨਾਂ ਸ਼ਬਦਾਂ ਦਾ ਉਚਾਰਣ ਇਕਸਾਰ 'ਮਾਹ' ਵਾਂਗ ਹੈ। |
| ਦੇਹੁ, ਦੇਹਿ ਅਤੇ ਦੇਹ; | ਇਹਨਾਂ ਤਿੰਨਾਂ ਸ਼ਬਦਾਂ ਦਾ ਉਚਾਰਣ ਇਕਸਾਰ 'ਦੇਹ' ਵਾਂਗ ਹੈ। |
| ਨੇਹੁ, ਨੇਹਿ ਅਤੇ ਨੇਹ; | ਇਹਨਾਂ ਤਿੰਨਾਂ ਸ਼ਬਦਾਂ ਦਾ ਉਚਾਰਣ ਇਕਸਾਰ 'ਨੇਹ' ਵਾਂਗ ਹੈ। |
| ਜਪੁ, ਜਪਿ ਅਤੇ ਜਪ; | ਇਹਨਾਂ ਤਿੰਨਾਂ ਸ਼ਬਦਾਂ ਦਾ ਉਚਾਰਣ ਇਕਸਾਰ 'ਜਪ' ਵਾਂਗ ਹੈ। |

ਗਹੁ, ਗਹਿ ਅਤੇ ਗਹ; ਇਹਨਾਂ ਤਿੰਨਾਂ ਸ਼ਬਦਾਂ ਦਾ ਉਚਾਰਣ ਇਕਸਾਰ 'ਗਹ' ਵਾਂਗ ਹੈ।

ਸਿਰੁ, ਸਿਰਿ ਅਤੇ ਸਿਰ; ਇਹਨਾਂ ਤਿੰਨਾਂ ਸ਼ਬਦਾਂ ਦਾ ਉਚਾਰਣ ਇਕਸਾਰ 'ਸਿਰ' ਵਾਂਗ ਹੈ।

ਏਹੁ, ਏਹਿ ਅਤੇ ਏਹ; ਇਹਨਾਂ ਤਿੰਨਾਂ ਸ਼ਬਦਾਂ ਦਾ ਉਚਾਰਣ ਇਕਸਾਰ 'ਏਹ' ਵਾਂਗ ਹੈ।

ਇਸ ਸੰਬੰਧ ਵਿਚ ਉਹਨਾਂ ਦੀਆਂ ਦਲੀਲਾਂ ਇਸ ਪ੍ਰਕਾਰ ਹਨ :

(ੳ) .....ਇਸ ਲਈ ਇਹ ਇਕ ਨਿਯਮ ਬਣ ਜਾਂਦਾ ਹੈ ਕਿ ਸ਼ਬਦ ਦੇ ਪਹਿਲੇ ਅੱਖਰ ਮਗਰੋਂ ਜਦੋਂ ਕਿਸੇ ਅੱਖਰ ਨਾਲ ਸਿਹਾਰੀ ਜਾਂ ਔਂਕੜ ਲੱਗਿਆ ਹੋਵੇ, ਤਾਂ ਆਮ ਕਰਕੇ ਇਹ ਉਸ ਪਦ ਦਾ ਆਖ਼ਰੀ ਅੱਖਰ ਹੋਵੇਗਾ ਅਤੇ ਇਸ ਤੋਂ ਅਗਲੇ ਅੱਖਰ ਤੋਂ ਨਵਾਂ ਪਦ ਸ਼ੁਰੂ ਹੋਵੇਗਾ।

*('ਜਵਾਬ-ਉਲ-ਜਵਾਬ', ਕ੍ਰਿਤ ਪ੍ਰਿੰ. ਹਰਭਜਨ ਸਿੰਘ ਜੀ, ਪੰਨਾ 141-42)*

(ਅ) ਕਿਸੇ ਨਾਂਵ ਸ਼ਬਦ ਦੇ ਆਖ਼ਰੀ ਅੱਖਰ ਨੂੰ ਸਿਹਾਰੀ ਜਾਂ ਔਂਕੜ ਲੱਗਿਆ ਹੋਵੇ ਜਾਂ ਇਹ ਮੁਕਤਾ ਹੋਵੇ; ਤਿੰਨਾਂ ਹੀ ਹਾਲਤਾਂ ਵਿਚ ਸ਼ਬਦਾਂ ਦਾ ਉਚਾਰਣ ਇਕੋ ਜਿਹਾ ਹੋਵੇਗਾ। ਇਹਨਾਂ ਦੇ ਜੋੜਾਂ ਵਿਚ ਫ਼ਰਕ ਸ਼ਬਦ ਦੇ ਅਰਥ ਸਪੱਸ਼ਟ ਕਰਨ ਲਈ ਹੈ। ਸਿਹਾਰੀ ਸੰਬੰਧਕੀ ਹੈ, ਪੁਲਿੰਗ ਹੋਣ ਦੀ ਹਾਲਤ ਵਿਚ ਔਂਕੜ ਉਸ ਦੇ ਇਕ-ਵਚਨ ਹੋਣ ਦੀ ਅਤੇ ਮੁਕਤਾ ਬਹੁ-ਵਚਨ ਹੋਣ ਦੀ ਨਿਸ਼ਾਨੀ ਹੈ; ਪ੍ਰੰਤੂ ਜੇ ਸ਼ਬਦ ਇਸਤ੍ਰੀ-ਲਿੰਗ ਹੈ ਤਾਂ ਇਕ-ਵਚਨ ਸ਼ਬਦ ਦਾ ਅਖ਼ੀਰਲਾ ਅੱਖਰ ਮੁਕਤਾ ਹੋਵੇਗਾ।.....

*('ਜਵਾਬ-ਉਲ-ਜਵਾਬ', ਕ੍ਰਿਤ ਪ੍ਰਿੰ. ਹਰਭਜਨ ਸਿੰਘ ਜੀ, ਪੰਨਾ 142)*

(ੲ) ਸ਼ਬਦਾਂ ਦੀ ਅੰਤਲੀ ਸਿਹਾਰੀ ਜਾਂ ਔਂਕੜ ਦੀ ਵਰਤੋਂ ਕੇਵਲ ਇਹਨਾਂ ਦਾ ਵਿਆਕਰਣਿਕ ਰੂਪ ਦੱਸਣ ਲਈ ਹੈ, ਜੋ ਸ਼ਬਦਾਂ ਦੇ ਸਹੀ ਅਰਥਾਂ ਦੀ ਲਖਾਇਕ ਹੈ ਅਤੇ ਉਚਾਰਣ ਨਾਲ ਇਸ ਦਾ ਕੋਈ ਸੰਬੰਧ ਨਹੀਂ, ਕਿਉਂ ਜੁ ਇਹਨਾਂ ਦਾ ਉਚਾਰਣ ਕਰਨ ਲੱਗਿਆਂ ਇਹਨਾਂ ਦੀ ਧੁਨੀ ਕ੍ਰਮਵਾਰ ਲਾਂ ( ੇ ) ਅਤੇ ਹੋੜੇ ( ੋ ) ਵਲ ਉਲਾਰ ਹੋ ਜਾਂਦੀ ਹੈ।

### ੪.੨.੬.੬ ਅੰਤਲੇ ਹ੍ਰਸ੍ਵ ਸੁਰਾਂ ਦੇ ਉਚਾਰਣ ਬਾਰੇ ਦੂਜਾ ਪੱਖ

ਦੂਜੇ ਪਾਸੇ ਦੇ ਵਿਦਵਾਨਾਂ ਦਾ ਇਹ ਪੱਖ ਹੈ ਕਿ ਕੀ ਦੀਰਘ ਸੁਰ ਅਤੇ ਕੀ ਹ੍ਰਸ੍ਵ ਸੁਰ, ਜੋ ਜੋ ਵੀ ਸੁਰ ਗੁਰਬਾਣੀ ਦੀ ਲਿਖਤ ਵਿਚ ਸ਼ਬਦਾਂ ਨੂੰ ਅੰਤਲੇ ਮੂਲਕ-ਅੰਗ ਵਜੋਂ ਜਾਂ ਵਿਆਕਰਣਿਕ ਪਿਛੇਤਰ ਵਜੋਂ ਲੱਗੇ ਹਨ, ਉਹ ਉਚਾਰਣ ਦਾ ਅਨਿੱਖੜਵਾਂ ਅੰਗ ਹਨ ਤੇ ਕਿਸੇ ਸੁਰ ਨੂੰ ਮਨ-ਮਰਜ਼ੀ ਨਾਲ ਉਚਾਰਣ ਵਿਚੋਂ ਛੱਡ ਜਾਣਾ ਅਨੁੱਚਿਤ ਹੈ।

### ੪.੨.੬.੭ ਹ੍ਰਸ੍ਵ ਸੁਰਾਂ ਦੀ ਬਹੁ-ਭਾਂਤੀ ਵਰਤੋਂ

ਉਪ੍ਰੋਕਤ ਦੋਹਾਂ ਪੱਖਾਂ ਵਿਚੋਂ ਦੂਜੇ ਪੱਖ ਦੀ ਦਲੀਲ ਵਧੇਰੇ ਨਿੱਗਰ ਅਤੇ ਪ੍ਰਭਾਵਸ਼ਾਲੀ (appealing) ਭਾਸਦੀ ਹੈ। ਇਸ ਦੀ ਪੁਸ਼ਟੀ ਵਿਚ ਵਿਸ਼ੇਸ਼ ਤੱਥ ਪੇਸ਼ ਕਰਨ ਤੋਂ ਪਹਿਲਾਂ ਇਹ ਤੱਥ ਉਜਾਗਰ ਕੀਤਾ ਜਾਣਾ ਜ਼ਰੂਰੀ ਹੈ ਕਿ ਹ੍ਰਸ੍ਵ ਸੁਰ ( ੁ ਅਤੇ ਿ ) ਕੇਵਲ ਸ਼ਬਦਾਂ

ਦੀ ਕਿਸੇ ਇਕੱਲੀ ਸ਼੍ਰੇਣੀ (ਨਾਂਵ-ਸ਼ਬਦਾਂ) ਦੇ ਅੰਤ ਵਿਚ ਹੀ ਨਹੀਂ ਆਉਂਦੇ ਅਤੇ ਕੇਵਲ ਉਸ ਦੇ ਵਚਨ ਨੂੰ ਹੀ ਨਿਰੂਪਣ ਨਹੀਂ ਕਰਦੇ, ਸਗੋਂ ਇਹ ਵਿਆਕਰਣ ਦੇ ਬਾਕੀ ਵਾਕ-ਅੰਗਾਂ (parts of speech) ਨਾਲ ਸੰਬੰਧਤ ਸ਼ਬਦਾਂ ਦੇ ਅੰਤ ਵਿਚ ਵੀ ਆਉਂਦੇ ਹਨ ਤੇ ਇਕ ਤੋਂ ਵਧੇਰੇ ਮੰਤਵਾਂ ਦੀ ਪੂਰਤੀ ਕਰਦੇ ਹਨ; ਜਿਵੇਂ:

| ***ਸੰਬੰਧਤ ਸ਼ਬਦ-ਸ਼੍ਰੇਣੀ*** | ***ਔਂਕੜ ਸਹਿਤ ਸ਼ਬਦ*** | ***ਸਿਹਾਰੀ ਸਹਿਤ ਸ਼ਬਦ*** |
|---|---|---|
| **ਨਾਂਵ-ਸ਼ਬਦਾਂ ਨਾਲ** | | |
| (i) ਕਾਰਕ ਚਿੰਨ੍ਹ ਵਜੋਂ | ਗੁਰੁ, ਦਿਲਹੁ, ਸੰਤਹੁ | ਗੁਰਿ, ਪ੍ਰਸਾਦਿ, ਮਨਿ, ਓਅੰਕਾਰਿ |
| (ii) ਮੂਲਕ-ਅੰਗ ਵਜੋਂ | ਪਸੁ, ਅਸੁ, ਵਿਸੁ (ਵਿਸੂ) [ਪੁਲਿੰਗ], ਸਾਸੁ, ਰੇਣੁ ਮਲੁ, ਬਿਖੁ [ਇਸਤ੍ਰੀ ਲਿੰਗ] | ਰਵਿ, ਸਸਿ, ਹਰਿ, ਸੁਰਿ, ਗਿਰਿ, ਹਸਤਿ, ਪ੍ਰੀਤਿ, ਰਿਧਿ, ਜੋਨਿ, ਮੂਰਤਿ, ਸਾਂਤਿ, ਨਿਧਿ |
| (iii) ਕਾਵਿ-ਪ੍ਰਬੰਧ ਅਧੀਨ ਦੀਰਘ ਸ੍ਵਰ ਤੋਂ ਹ੍ਰਸ੍ਵ ਕਰਨ ਲਈ | | ਸੁਆਮਿ (ਸੁਆਮੀ), ਪਾਣਿ (ਪਾਣੀ), ਦਰਬਾਰਿ (ਦਰਬਾਰੀ) |
| (iv) ਇਸਤ੍ਰੀ-ਲਿੰਗ ਵਾਚੀ ਚਿੰਨ੍ਹ ਵਜੋਂ | | ਕੁਦਰਤਿ, ਕੀਮਤਿ, ਸਿਫਤਿ, ਨਦਰਿ |
| **ਵਿਸ਼ੇਸ਼ਣ ਸ਼ਬਦਾਂ ਨਾਲ** | | |
| (i) ਸੰਖਿਅਕ ਵਿਸ਼ੇਸ਼ਣ | ਇਕਸੁ, ਸਭਸੁ, ਇਕੁ, ਸਭੁ, ਹੋਰੁ, ਅਵਰੁ [ਇਕ-ਵਚਨ ਵਾਚੀ] | ਇਕਿ, ਸਭਿ, ਹੋਰਿ, ਅਵਰਿ, [ਬਹੁ-ਵਚਨ ਵਾਚੀ] |
| (ii) ਸੰਖਿਅਕ ਵਿਸ਼ੇਸ਼ਣ | ਖਟੁ [ਮੂਲਕ-ਅੰਗ ਵਜੋਂ] | ਚਾਰਿ, ਤਿੰਨਿ, ਦੁਇ, ਸਠਿ, ਸਤਰਿ, ਬਹਤਰਿ, ਕੋਟਿ [ਮੂਲਕ-ਅੰਗ ਵਜੋਂ] |
| (iii) ਨਿਸਚੇ-ਵਾਚਕ ਵਿਸ਼ੇਸਣ/ਪੜਨਾਂਵ | ਇਹੁ, ਉਹੁ, ਓਹੁ [ਇਕ-ਵਚਨ ਸਾਧਾਰਨ] | ਉਨਿ, ਇਨਿ [ਇਕ-ਵਚਨ ਸੰਬੰਧਕੀ], ਇਹਿ, ਉਹਿ, ਓਇ [ਬਹੁ-ਵਚਨ] |
| (iv) **ਗੁਣ-ਵਾਚਕ ਵਿਸ਼ੇਸ਼ਣ** | | |
| ਕਾਵਿ ਪ੍ਰਬੰਧ ਅਧੀਨ ਦੀਰਘ ਸ੍ਵਰ ਤੋਂ ਹ੍ਰਸ੍ਵ ਕਰਨ ਲਈ | | ਦਾਨਿ (ਦਾਨੀ), ਮਹਾਬਲਿ (ਮਹਾਬਲੀ) |
| ਸ੍ਵਰ 'ਯ' ਦੇ ਲਗ-ਮਾਤ੍ਰੀ ਬਦਲ ਵਜੋਂ ਸਿਹਾਰੀ (ਿ) ਦੀ ਵਰਤੋਂ | | ਸਰਬਾਗਿ (ਸਰਬਾਗ੍ਯ), ਲਹਰ ਮਇ (ਲਹਰ ਮਯ), ਧੰਨਿ (ਧੰਨਯ) |
| ਇਸਤ੍ਰੀ-ਲਿੰਗ ਵਾਚੀ ਚਿੰਨ੍ਹ ਸਿਹਾਰੀ (ਿ) ਦੀ ਵਰਤੋਂ | | ਸੁੰਦਰਿ, ਕੂੜਿਆਰਿ, ਸੁਜਾਨਿ, ਚੰਚਲਿ, ਕਰੂਪਿ, ਬਾਵਲਿ, ਸੇਵਕਿ, ਦਾਸਿ। |

**ਪੜਨਾਂਵ ਸ਼ਬਦਾਂ ਨਾਲ**

| | | |
|---|---|---|
| ਪੁਰਖ-ਵਾਚਕ | ਹਉ, ਮੰਞੁ, ਮੁਞੁ, ਹਮਹੁ। | ਮੋਹਿ, ਹਮਹਿ। |
| | ਤਉ, ਤੁਧੁ, ਤੁਧਹੁ, ਤੇਰਉ। | ਤੋਹਿ, ਤੁਝਹਿ। |
| ਸੰਬੰਧ-ਵਾਚਕ | ਜਿਸੁ, ਜਿਤੁ, ਜਾਸੁ। | ਜਿਨਿ, ਜਿਸਹਿ, ਜਾਹਿ। ਜਿਨਹਿ। |
| ” | ਤਿਸੁ, ਤਿਤੁ, ਤਾਸੁ। | ਤਿਨਿ, ਤਿਨਹਿ, ਤਾਹਿ। |
| ਪ੍ਰਸ਼ਨ-ਵਾਚਕ | ਕਵਨੁ, ਕੁਨੁ, ਕਿਸੁ। | ਕਿਨਿ, ਕਿਨਹਿ, ਕਾਹਿ। |
| ਨਿਜ-ਵਾਚਕ | ਆਪੁ, ਆਪਹੁ। | ਆਪਿ, ਆਪਹਿ। |

**ਕਿਰਿਆ ਸ਼ਬਦਾਂ ਨਾਲ**

| | | |
|---|---|---|
| | ਮਿਲੁ, ਸੁਨੁ, ਚੇਤੁ, ਦੇਹੁ, ਮਾਨੁ, ਲਹੁ, ਤਿਆਗੁ। | ਕਹਿ, ਬਹਿ, ਛਡਿ, ਕਰਿ, ਬੋਲਿ, ਪੁਛਿ, ਉਤਰਸਿ, ਭਣਤਿ, ਬਿਨਵੰਤਿ, ਬਸਇ, ਕਰਨਿ, ਕਰਹਿ। |

**ਕਿਰਿਆ ਵਿਸ਼ੇਸ਼ਣ ਸ਼ਬਦਾਂ ਨਾਲ**

| | | |
|---|---|---|
| | ਕੇਤਕੁ, ਕਿਤੁ, ਚਿਰੁ, ਇਉ, ਖਿਨੁ, ਤਾਪਰੁ, ਨਾਤਰੁ, ਅਗਹੁ, ਧ੍ਰਿਗੁ। | ਅੰਤਿ, ਜਾਮਿ, ਫੁਨਿ, ਫੇਰਿ, ਬਹੁਰਿ, ਵਲਿ, ਪਰਤਖਿ, ਦੂਰਿ, ਜਿਨਿ (ਮਤਾਂ), ਭਿ, ਨਹਿ, ਬੀਚਹਿ, ਕਬਹਿ। |

**ਸੰਬੰਧਕੀ ਪਦਾਂ ਨਾਲ**

| | | |
|---|---|---|
| | ਬਿਨੁ, ਵਿਣੁ, ਬਾਝੁ। | ਸੰਗਿ, ਪਾਸਿ, ਨਾਲਿ, ਮਧਿ, ਮਹਿ, ਭੀਤਰਿ, ਮੰਝਿ, ਵਿਚਿ। |

ਉਪ੍ਰੋਕਤ ਵੇਰਵੇ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸ਼ਬਦਾਂ ਦੇ ਅੰਤਲੇ ਦੀਰਘ ਅਤੇ ਹ੍ਰਸ੍ਵ ਸ੍ਵਰ ਸ਼ਬਦਾਂ ਦੇ ਮੂਲਕ-ਅੰਗ ਵਜੋਂ ਵੀ ਆਉਂਦੇ ਹਨ ਅਤੇ ਵਿਆਕਰਣਿਕ ਪਿਛੇਤਰ ਵਜੋਂ ਵੀ। ਵਿਆਕਰਣਿਕ ਪਿਛੇਤਰ ਵਜੋਂ ਇਹਨਾਂ ਦੀ ਵਰਤੋਂ ਇਕੱਲੇ ਨਾਂਵ ਸ਼ਬਦਾਂ ਨਾਲ ਹੀ ਨਹੀਂ, ਸਗੋਂ ਬਾਕੀ ਵਾਕ-ਅੰਗਾਂ (parts of speech) ਨਾਲ ਵੀ ਹੈ ਅਤੇ ਇਹਨਾਂ ਦੀ ਵਿਸ਼ੇਸ਼ਤਾ ਕੇਵਲ ਇਕ-ਪੱਖੀ ਨਹੀਂ, ਬਹੁ-ਪੱਖੀ ਹੈ।

ਜਿਥੋਂ ਤਕ ਅੰਤਲੇ ਹ੍ਰਸ੍ਵ ਸ੍ਵਰਾਂ ਦੇ ਉਚਾਰਣ ਦਾ ਸੰਬੰਧ ਹੈ, ਇਕੋ ਹੀ ਫ਼ੈਸਲਾ-ਕੁਨ ਦਲੀਲ ਕਾਫ਼ੀ ਹੈ ਕਿ ਜੇ ਅੰਤਲੇ ਦੀਰਘ ਸ੍ਵਰ ਉਚਾਰਣ ਦਾ ਭਾਗ ਬਣਦੇ ਹਨ, ਭਾਵੇਂ ਉਹ ਮੂਲਕ-ਅੰਗੀ ਹੋਣ ਜਾਂ ਵਿਆਕਰਣਿਕ ਪਿਛੇਤਰ, ਤਾਂ ਫਿਰ ਅੰਤਲੇ ਹ੍ਰਸ੍ਵ ਸ੍ਵਰ ਉਚਾਰਣ ਦਾ ਭਾਗ ਕਿਉਂ ਨਹੀਂ ? ਕੇਵਲ ਇਸ ਲਈ ਕਿ ਇਹਨਾਂ ਦੇ ਉਚਾਰਣ ਵਿਚ ਕਠਿਨਾਈ ਆਉਂਦੀ ਹੈ।

**੪.੨.੬.੮ (ਦੂਜੇ) ਪੱਖ ਦੀ ਪੁਸ਼ਟੀ ਵਿਚ ਵਿਸ਼ੇਸ਼ ਤੱਥ**

ਹੁਣ ਇਸ ਪੱਖ ਵਿਚ ਕੁਝ ਹੋਰ ਨਿੱਗਰ ਤੱਥ ਪੇਸ਼ ਕੀਤੇ ਜਾਂਦੇ ਹਨ :

(ੳ) ਪੰਜਾਬੀ ਲਿੱਪੀ ਦੇ ਤ੍ਰੈ ਪ੍ਰਮੁਖ ਅੰਗ ਹਨ : ਅੱਖਰ, ਲਗਾਂ ਅਤੇ ਲਗਾਖਰ। ਇਹਨਾਂ

ਸਾਰਿਆਂ ਦੀ ਆਪੋ ਆਪਣੀ ਨਿਸ਼ਚਿਤ ਧੁਨੀ ਹੈ। ਕਿਸੇ ਲਿਖਤ ਦਾ ਉਚਾਰਣ ਕਰਨ ਲਗਿਆਂ ਇਹਨਾਂ ਤਿੰਨਾਂ ਅੰਗਾਂ ਵਿਚੋਂ ਕਿਸੇ ਦੀ ਵੀ ਧੁਨੀ ਨੂੰ ਅਣਗੌਲਿਆਂ ਕਰਨਾ ਸਿਧਾਂਤਕ ਤੌਰ 'ਤੇ ਗ਼ਲਤ ਹੈ।

(ਅ) ਉਚਾਰਣ ਸੰਬੰਧੀ ਮੁਢਲਾ ਅਤੇ ਪ੍ਰਮਾਣੀਕ ਅਸੂਲ ਹੈ 'ਜੋ ਕੁਝ ਲਿਖਿਆ ਹੋਇਐ, ਸੋ ਬੋਲੋ'। ਇਸ ਪ੍ਰਮਾਣੀਕ ਅਸੂਲ ਦੀ ਰੌਸ਼ਨੀ ਵਿਚ ਦੇਖਿਆਂ ਲਿਖਤ ਦੇ ਕਿਸੇ ਭਾਗ (ਅੱਖਰ, ਲਗ, ਲਗਾਖਰ) ਨੂੰ ਮਨ-ਮਰਜ਼ੀ ਨਾਲ ਜਾਂ ਕਿਸੇ ਨਿਜੀ ਮਜਬੂਰੀ ਕਾਰਨ ਛੱਡ ਕੇ ਕੀਤਾ ਉਚਾਰਣ 'ਸ਼ੁਧ ਉਚਾਰਣ' ਕਿਵੇਂ ਕਿਹਾ ਜਾ ਸਕਦਾ ਹੈ ?

ਗੁਰਬਾਣੀ ਦੀ ਪੰਗਤੀ "ਸਭਨੀ ਘਟੀ 'ਸਹੁ' ਵਸੈ 'ਸਹ' ਬਿਨੁ ਘਟੁ ਨ ਕੋਇ" ਵਿਚ 'ਸਹ' ਸ਼ਬਦ ਦਾ ਅੰਤਲਾ 'ਹ' ਅੱਖਰ ਪਹਿਲੀ ਵਾਰੀ ਔਂਕੜ-ਸਹਿਤ ਹੈ ਅਤੇ ਦੂਜੀ ਵਾਰੀ ਮੁਕਤਾ। ਜੇ ਦੋਹੀਂ ਥਾਈਂ ਇਸ ਸ਼ਬਦ ਦੀ ਲਗ-ਮਾਤ੍ਰੀ ਬਣਤਰ ਫ਼ਰਕੋ ਫ਼ਰਕੀ ਹੈ ਤਾਂ ਉਚਾਰਣ ਕਿਵੇਂ ਇਕ ਸਾਰ ਹੋ ਸਕਦਾ ਹੈ ?

(ੲ) ਦਲੀਲ ਦਿੱਤੀ ਜਾਂਦੀ ਹੈ ਕਿ ਅੰਤਲੇ ਹ੍ਰਸ੍ਵ ਸ੍ਵਰਾਂ ( ੁ ਅਤੇ ਿ ) ਦੀ ਕੇਵਲ ਵਿਆਕਰਣਿਕ ਮਹੱਤਤਾ ਹੈ ਅਤੇ ਇਹਨਾਂ ਦਾ ਕੇਵਲ ਸ਼ਬਦਾਂ ਦੇ ਅਰਥ ਨਾਲ ਸੰਬੰਧ ਹੈ, ਉਚਾਰਣ ਨਾਲ ਨਹੀਂ।

ਪਹਿਲਾ ਸੁਆਲ ਹੈ, ਇਸ ਦਲੀਲ ਦਾ ਅਧਾਰ ਕੀ ਹੈ ? ਭਾਵ, ਕਿਥੇ ਲਿਖਿਆ ਹੈ ਕਿ ਅੰਤਲੇ ਹ੍ਰਸ੍ਵ ਸ੍ਵਰਾਂ ਵਾਲੇ ਵਿਆਕਰਣਿਕ ਪਿਛੇਤਰ-ਚਿੰਨ੍ਹ ਉਚਾਰਣ ਦਾ ਭਾਗ ਨਹੀਂ ਬਣਦੇ ?

ਦੂਜਾ ਸੁਆਲ ਹੈ ਕਿ ਜੇ ਸ਼ਬਦਾਂ ਦੇ ਅੰਤ ਵਿਚ ਕਾਰਕ-ਚਿੰਨ੍ਹ ਦੇ ਤੌਰ 'ਤੇ ਲਗੇ ਦਸਾਂ ਵਿਚੋਂ ਅੱਠ ਸ੍ਵਰਾਂ ਦੀ ਨਿਸਚਿਤ ਧੁਨੀ ਉਚਾਰਣ ਦਾ ਭਾਗ ਬਣਦੀ ਹੈ ਤਾਂ ਕੇਵਲ ਦੋ ਹ੍ਰਸ੍ਵ ਸ੍ਵਰਾਂ ( ੁ ਅਤੇ ਿ ) ਦੀ ਧੁਨੀ ਨੂੰ ਕਿਉਂ ਗੂੰਗੀ ਧੁਨੀ ਮੰਨਿਆ ਜਾਵੇ ? ਕੇਵਲ ਇਸ ਲਈ ਕਿ ਸਾਨੂੰ ਇਹਨਾਂ ਦੇ ਉਚਾਰਣ ਦੀ ਜਾਚ ਨਹੀਂ ? ਆਪਣੀ ਕਿਸੇ ਬੇ-ਬਸੀ ਜਾਂ ਮਜਬੂਰੀ ਨੂੰ ਲੁਕਾਣ ਲਈ ਐਵੇਂ ਅਟਕਲ-ਪੱਚੂ ਢਕੌਂਸਲੇ ਘੜ ਲੈਣੇ ਗੁਰਬਾਣੀ-ਉਚਾਰਣ ਦੇ ਮਹੱਤਵ-ਪੂਰਣ ਵਿਸ਼ੇ ਨਾਲ ਅਤੇ ਗੁਰਬਾਣੀ ਦੇ ਪ੍ਰੇਮੀ ਸ਼ਰਧਾਲੂਆਂ ਨਾਲ ਨਿਰੋਲ ਬੇ-ਇਨਸਾਫ਼ੀ ਹੈ।

***ਨੋਟ:*** ਗੁਰਬਾਣੀ ਵਿਚ ਪੁਲਿੰਗ ਨਾਂਵ-ਸ਼ਬਦਾਂ ਦੇ ਅੰਤ ਵਿਚ ਵੱਖ ਵੱਖ ਲਗਾਂ ਮਾਤ੍ਰਾਂ ਦੀ ਕਾਰਕ-ਚਿੰਨ੍ਹ ਵਜੋਂ ਕੀਤੀ ਗਈ ਵਰਤੋਂ ਦਾ ਸੰਖੇਪ ਜਿਹਾ ਵਰਣਨ ਥੱਲੇ ਜਾਣਕਾਰੀ ਲਈ ਦਿੱਤਾ ਜਾਂਦਾ ਹੈ।

## ਅੰਤਲੇ ਕਾਰਕ-ਚਿੰਨ੍ਹਾਂ ਦਾ ਵੇਰਵਾ

| *ਸ਼ਬਦ ਦਾ ਮੂਲ ਰੂਪ* | *ਸ਼ਬਦ ਨਾਲ ਸੰਮਿਲਤ ਵਿਆਕਰਣਿਕ-ਚਿੰਨ੍ਹ* | *ਵਿਆਕਰਣਿਕ-ਚਿੰਨ੍ਹ ਦਾ ਸਰੂਪ* | *ਵਿਆਕਰਣਿਕ-ਚਿੰਨ੍ਹ ਦੀ ਵਿਸ਼ੇਸ਼ਤਾ* |
|---|---|---|---|
| ਮਨ | ਮਨੁ | | (i) ਇਕ ਵਚਨ ਦਾ ਲਖਾਇਕ, ਕਰਤਾ ਕਾਰਕ ਅਤੇ ਕਰਮ ਕਾਰਕ [ਸਾਧਾਰਨ ਰੂਪ] |

| | | | |
|---|---|---|---|
| | | | (ii) ਕਰਮ ਕਾਰਕ ਵਿਚ ਕਿਧਰੇ ਕਿਧਰੇ ਇਹ ਚਿੰਨ੍ਹ ਸੰਬੰਧਕੀ ਪਦ 'ਨੂੰ' ਦਾ ਵਾਚਕ ਵੀ ਹੁੰਦਾ ਹੈ। |
| ਮਨ | ਮਨਿ | ਿ | (i) ਮਨ ਨੇ [ਕਰਤਾ ਕਾਰਕ]<br>(ii) ਮਨ ਕਰਕੇ, ਜਾਂ ਮਨ ਦੁਆਰਾ [ਕਰਣ ਕਾਰਕ]<br>(iii) ਮਨ ਵਿਚ ਜਾਂ ਮਨ ਉੱਤੇ [ਅਧਿਕਰਣ ਕਾਰਕ]<br>(iv) ਮਨ ਤੋਂ [ਅਪਾਦਾਨ ਕਾਰਕ] |
| ਮਨ | ਮਨੇ | ੇ | ਉਪ੍ਰੋਕਤ ਵਾਂਗ |
| ਮਨ | ਮਨੈ | ੈ | (i) ਮਨ ਨੂੰ [ਕਰਮ ਕਾਰਕ ਅਤੇ ਸੰਪ੍ਰਦਾਨ ਕਾਰਕ]<br>(ii) ਮਨ ਦਾ [ਸੰਬੰਧ ਕਾਰਕ] |
| ਮਨ | ਮਨਹਿ | ਹਿ | ਇਹ ਚਿੰਨ੍ਹ ਸੰਬੋਧਨ ਕਾਰਕ ਨੂੰ ਛਡ ਕੇ ਬਾਕੀ ਸਾਰੇ ਕਾਰਕਾਂ ਦੇ ਇਕ-ਵਚਨੀ ਪੁਲਿੰਗ ਰੂਪ ਵਿਚ ਆਉਂਦਾ ਹੈ। |
| ਮਨ<br>ਸੰਤ | ਮਨਹੁ<br>ਸੰਤਹੁ | ਹੁ | (i) ਮਨ ਤੋਂ [ਅਪਾਦਾਨ ਕਾਰਕ]<br>(ii) ਹੇ ਸੰਤੋ [ਸੰਬੋਧਨ ਕਾਰਕ]<br>(iii) ਸੰਤੋਂ ਨੇ, ਸੰਤਾਂ ਨੇ [ਕਰਤਾ ਕਾਰਕ, ਬਹੁ-ਵਚਨ] |
| ਸਿਖ | ਸਿਖਾ | ਾ | (i) ਹੇ ਸਿਖ! [ਸੰਬੋਧਨ ਕਾਰਕ]<br>(ii) ਕਰਤਾ ਕਾਰਕ [ਸਾਧਾਰਨ ਰੂਪ] ਬਹੁ-ਵਚਨ |
| ਸਿਖ | ਸਿਖਾਂ | ਾਂ | ਸਿੱਖਾਂ ਨੇ, ਸਿੱਖਾਂ ਨੂੰ, ਸਿੱਖਾਂ ਲਈ, ਸਿੱਖਾਂ ਦੁਆਰਾ, ਸਿੱਖਾਂ ਵਿਚ, ਸਿੱਖਾਂ ਤੋਂ, ਸਿੱਖਾਂ ਦਾ। [ਇਹ ਨਾਸਕੀ ਚਿੰਨ੍ਹ ਸੰਬੋਧਨ ਕਾਰਕ ਨੂੰ ਛਡ ਕੇ ਬਾਕੀ ਸਾਰੇ ਕਾਰਕਾਂ ਵਿਚ ਆਉਂਦਾ ਹੈ।] |
| ਪੰਡਿਤ | ਪੰਡਿਤੀਂ | ੀਂ | ਪੰਡਿਤਾਂ ਨੇ [ਕਰਤਾ ਕਾਰਕ]<br>ਪੰਡਿਤਾਂ ਲਈ [ਸੰਪ੍ਰਦਾਨ ਕਾਰਕ]<br>ਪੰਡਿਤਾਂ ਦਾ [ਸੰਬੰਧ ਕਾਰਕ] |
| ਸਬਦ | ਸਬਦੀ | ੀ | ਸਬਦ ਦੁਆਰਾ [ਕਰਣ ਕਾਰਕ] |
| ਮੁਹ | ਮੁਹੌਂ | ੌਂ* | ਮੁਹ ਤੋਂ [ਅਪਾਦਾਨ ਕਾਰਕ] |

* ਵਾਸਤਵ ਵਿਚ ਇਹ ਚਿੰਨ੍ਹ ( ੌ ) ਹੋੜੇ ਅਤੇ ਬਿੰਦੀ/ਟਿੱਪੀ ਦਾ ਸਮਿਲਤ ਰੂਪ ( ੋਂ ) ਹੈ।

(ਸ) ਇਹ ਦਲੀਲ ਕਿ 'ਸ਼ਬਦ ਦੇ ਪਹਿਲੇ ਅੱਖਰ ਮਗਰੋਂ ਜਦੋਂ ਕਿਸੇ ਅੱਖਰ ਨਾਲ ਸਿਹਾਰੀ ਜਾਂ ਔਂਕੜ ਲਗਿਆ ਹੋਵੇ ਤਾਂ ਆਮ ਕਰਕੇ ਇਹ ਉਸ ਪਦ ਦਾ ਆਖ਼ਰੀ ਅੱਖਰ ਹੋਵੇਗਾ ਅਤੇ ਇਸ ਤੋਂ ਅਗਲੇ ਅੱਖਰ ਤੋਂ ਨਵਾਂ ਪਦ ਸ਼ੁਰੂ ਹੋਵੇਗਾ [੪.੨.੬.੫ (ੳ)] ਥੋਥੀ ਜਿਹੀ ਹੈ। ਥਲੇ ਗੁਰਬਾਣੀ ਵਿਚਲੇ ਕੁਝ ਸ਼ਬਦ ਦਿੱਤੇ ਜਾਂਦੇ ਹਨ, ਜਿਨ੍ਹਾਂ ਦੇ ਪਹਿਲੇ ਅੱਖਰ ਮਗਰੋਂ ਆਏ ਅੱਖਰ ਨਾਲ ਸਿਹਾਰੀ ਜਾਂ ਔਂਕੜ ਲਗੇ ਹੋਏ ਹਨ, ਪਰ ਉਹ ਪਦ ਦੇ ਆਖ਼ਰੀ ਅੱਖਰ ਨਹੀਂ।

ਸਿਹਾਰੀ [ਿ] –

ਪਵਿਤ੍ਰ, ਨਿਮ੍ਰਿਤ , ਦੁਬਿਧਾ, ਗੋਬਿੰਦ, ਚਾਤ੍ਰਿਕ, ਰਵਿੰਦ, ਨਰਿੰਦ, ਚਰਿਤ੍ਰ, ਵਚਿਤ੍ਰ, ਬਾਜਿਤ੍ਰਾ, ਨਖਿਅਤ੍ਰ, ਸੁਕ੍ਰਿਤ, ਦੁਕ੍ਰਿਤ, ਕਠਿਨ, ਵਡਿਆਈ, ਚੰਗਿਆਈ, ਬੁਰਿਆਈ, ਅਸਥਿਰ, ਦਰਿਦ੍ਰ, ਸੰਧਿਆ, ਖੁਧਿਆ, ਵਿਦਿਆ, ਸੁਨਿਆਰ, ਬਰਿਆਰ, ਵਰਿਆਮ, ਅਭਿਆਸ, ਅਭਿਮਾਨ, ਅਬਿਨਾਸੀ, ਅਬਿਚਲ, ਆਦਿ।

ਔਂਕੜ [ੁ]–

ਸਹੁਰਾ, ਮਹੁਰਾ, ਬਗੁਲਾ, ਮਛੁਲੀ, ਸਗੁਨ, ਪਰਮੇਸੁਰ, ਮਹੇਸੁਰ, ਬਛੁਰਾ, ਲਹੁਰੀ, ਲਟੁਰੀ, ਮਧੁਰੀ, ਮਧੁਕਰ, ਠਾਕੁਰ, ਕਿੰਗੁਰੀ, ਅਨੁਰਾਗ, ਈਸੁਰ, ਬਿਸੁੰਭਰ, ਅੰਕੁਰ, ਕਰੁਣਾ, ਬਸੁਧਾ, ਚਤੁਰਾਈ, ਆਦਿ।

ਇਸ ਗੱਲ ਤੋਂ ਇਨਕਾਰੀ ਵੀ ਨਹੀਂ ਹੋਇਆ ਜਾ ਸਕਦਾ ਕਿ ਔਂਕੜ ਅਤੇ ਸਿਹਾਰੀ ਕੁਝ ਸ਼ਬਦਾਂ ਦੇ ਅੰਤਲੇ ਸ੍ਵਰ ਹੁੰਦੇ ਹਨ, ਪਰ ਬਾਕੀ ਦੇ ਅਠ ਦੀਰਘ ਸ੍ਵਰ ਵੀ ਤਾਂ ਕੁਝ ਸ਼ਬਦਾਂ ਦੇ ਅੰਤਲੇ ਚਿੰਨ੍ਹ ਹੁੰਦੇ ਹਨ। ਕਿਸੇ ਸ੍ਵਰ ਦਾ ਸ਼ਬਦ ਦੇ ਅੰਤ ਵਿਚ ਹੋਣ ਦਾ ਹਰਗਿਜ਼ ਮਤਲਬ ਇਹ ਨਹੀਂ ਹੁੰਦਾ ਕਿ ਇਸ ਦਾ ਮੰਤਵ ਕੇਵਲ ਸ਼ਬਦਾਂ ਦੇ ਪਦ-ਛੇਦ ਕਰਨ ਤਕ ਹੀ ਸੀਮਤ ਹੈ ਅਤੇ ਇਸ ਦਾ ਉਚਾਰਣ ਨਾਲ ਕੋਈ ਸੰਬੰਧ ਨਹੀਂ।

(ਹ) ਤਕਰੀਬਨ ਸਾਰੀਆਂ ਪੁਰਾਤਨ ਭਾਰਤੀ ਭਾਸ਼ਾਵਾਂ ਸੰਜੋਗਾਤਮਿਕ ਸਨ, ਜਿਨ੍ਹਾਂ ਦੇ ਬਹੁਤੇ ਸ਼ਬਦਾਂ ਦੇ ਅੰਤਲੇ ਅੱਖਰਾਂ ਨਾਲ ਦੀਰਘ ਅਤੇ ਹ੍ਰਸ੍ਵ ਦੋਹਾਂ ਕਿਸਮਾਂ ਦੇ ਵਿਆਕਰਣਿਕ-ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਸੀ। ਅਲਬਰੂਨੀ ਅਤੇ ਹੋਰ ਵਿਦੇਸ਼ੀ ਸਾਹਿਤਕ ਖੋਜੀਆਂ ਨੇ ਇਸ ਤੱਥ ਦੀ ਸਾਖ਼ ਭਰੀ ਹੈ ਕਿ ਪੁਰਾਤਨ ਭਾਰਤੀ ਭਾਸ਼ਾ-ਵਿਗਿਆਨੀ ਸ਼ਬਦਾਂ ਦੇ ਅੰਤਲੇ ਹ੍ਰਸ੍ਵ ਸ੍ਵਰਾਂ ਦੇ ਸਪੱਸ਼ਟ ਉਚਾਰਣ ਦੀ ਪ੍ਰਬੀਨਤਾ ਰਖਦੇ ਸਨ। ਅੱਜ ਵੀ ਸੰਸਕ੍ਰਿਤ ਦੇ ਕੁਝ ਵਿਦਵਾਨ ਵੇਦ-ਮੰਤਰਾਂ ਦਾ ਉਚਾਰਣ ਕਰਦੇ ਸਮੇਂ ਅੰਤਲੇ ਹ੍ਰਸ੍ਵ ਸ੍ਵਰਾਂ ਦਾ ਉਚਾਰਣ ਪੂਰੀ ਪ੍ਰਬੀਨਤਾ ਨਾਲ ਕਰਦੇ ਸੁਣੀਂਦੇ ਹਨ।

ਨਿਰਸੰਦੇਹ, ਉਚਾਰਣ ਦੀ ਕਠਿਨਾਈ ਨੂੰ ਮੁਖ ਰੱਖਦਿਆਂ ਨਵੀਨ ਪੰਜਾਬੀ ਸਾਹਿਤ ਵਿਚ ਸ਼ਬਦਾਂ ਨਾਲ ਅੰਤਲੇ ਹ੍ਰਸ੍ਵ ਸ੍ਵਰਾਂ ਦੀ ਵਰਤੋਂ ਬੰਦ ਕਰ ਦਿੱਤੀ ਗਈ ਹੈ, ਪਰ ਚੂੰਕਿ ਗੁਰਬਾਣੀ ਵਿਚ ਇਹਨਾਂ ਦੀ ਕਾਫ਼ੀ ਵਰਤੋਂ ਕੀਤੀ ਮਿਲਦੀ ਹੈ, ਇਸ ਲਈ ਗੁਰਬਾਣੀ ਦੇ ਪ੍ਰੇਮੀਆਂ ਨੂੰ ਇਹਨਾਂ ਸ੍ਵਰਾਂ ਦੀ ਠੀਕ ਠੀਕ ਧੁਨੀ ਉਠਾਉਣ ਦਾ ਵਲ ਅਵੱਸ਼ ਸਿਖਣਾ ਬਣਦਾ ਹੈ। ਇਹ ਕਾਹਦੀ ਸਿਆਣਪ ਹੋਈ ਕਿ ਜੇ ਕਿਸੇ ਸ੍ਵਰ ਦੇ ਉਚਾਰਣ ਵਿਚ ਕਠਿਨਾਈ ਅਨੁਭਵ ਹੋਵੇ ਤਾਂ ਉਸ ਨੂੰ ਮੂਲੋਂ ਹੀ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ ? ਏਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਅਜਿਹਾ ਕਰਨ ਨਾਲ ਕਈ ਉਲਝਣਾਂ ਪੈਦਾ ਹੋਣ ਦੀ ਸੰਭਾਵਨਾ ਹੈ।

(ਕ) ਸੰਸਕ੍ਰਿਤ ਭਾਸ਼ਾ ਤੋਂ ਪੁਰਾਣੀ ਪੰਜਾਬੀ ਵਿਚ ਆਏ ਸੈਂਕੜੇ ਸ਼ਬਦ ਅਜਿਹੇ ਹਨ, ਜਿਨ੍ਹਾਂ ਦੇ ਅੰਤ ਵਿਚ ਮੂਲਕ-ਅੰਗੀ ਹ੍ਰਸ੍ਵ ਸ੍ਵਰ ( ੁ ਅਤੇ ਿ ) ਆਉਂਦੇ ਹਨ। ਦੂਜੇ ਪਾਸੇ ਫ਼ਾਰਸੀ ਸ਼ਬਦਾਂ ਦੇ ਅੰਤਲੇ ਅੱਖਰ ਨਾਲ ਮੂਲਕ ਤੌਰ 'ਤੇ ਕੋਈ ਹ੍ਰਸ੍ਵ ਸ੍ਵਰ ਨਹੀਂ ਹੁੰਦਾ। ਇਸ ਦੇ ਬਾਵਜੂਦ ਇਸ (ਫ਼ਾਰਸੀ) ਭਾਸ਼ਾ ਵਿਚ ਵੀ ਸੰਜੋਗਾਤਮਿਕ ਗੁਣ ਮੌਜੂਦ ਹੈ। ਪੰਜਾਬੀ ਦੇ ਹ੍ਰਸ੍ਵ ਸ੍ਵਰ 'ਸਿਹਾਰੀ' ਦੀ ਥਾਵੇਂ ਫ਼ਾਰਸੀ ਦਾ ਹਰਫ਼ਿ ਅਜ਼ਾਫ਼ਤ 'ਜ਼ੇਰ' ਹੈ। ਇਸ ਹ੍ਰਸ੍ਵ ਸ੍ਵਰ [ਜ਼ੇਰ] ਦੀ ਸ਼ਬਦਾਂ ਦੇ ਵਿਚਕਾਰ ਮੂਲਕ ਅੰਗ ਵਜੋਂ ਵੀ ਵਰਤੋਂ ਹੁੰਦੀ ਹੈ ਅਤੇ ਵਿਆਕਰਣਿਕ ਪਿਛੇਤਰ ਵਜੋਂ ਵੀ। ਵਿਆਕਰਣਿਕ ਪਿਛੇਤਰ ਵਜੋਂ ਇਸ ਤੋਂ ਸੰਬੰਧਕੀ ਪਦਾਂ ਦਾ ਕੰਮ ਲਿਆ ਜਾਂਦਾ ਹੈ, ਜਿਵੇਂ :

**'ਜ਼ੇਰ' ਦੀ ਵਿਆਕਰਣਿਕ ਵਰਤੋਂ**

ਹਰ ਸਰਿ ਮੂਯਮ ਜ਼ੁਬਾਂ ਕੁਨ ਅਜ਼ ਕਰਮ॥
ਤਾ ਬੁਗੋਯਮ ਵਸਫ਼ਿ ਹੱਕ ਰਾ ਦਮ-ਬ-ਦਮ॥ *(ਭਾਈ ਨੰਦ ਲਾਲ ਜੀ)*

ਸਰਿ ਮੂਯਮ—ਮੇਰੇ ਵਾਲਾਂ ਦਾ ਹਰ ਸਿਰਾ।
ਵਸਫ਼ਿ ਹੱਕ—ਰੱਬ ਦੀ ਸਿਫ਼ਤ।

ਉਪ੍ਰੋਕਤ ਉਦਾਹਰਣਾਂ ਵਿਚ ਫ਼ਾਰਸੀ ਦੇ ਹ੍ਰਸ੍ਵ ਸ੍ਵਰ 'ਜ਼ੇਰ' ਦੀ ਵਰਤੋਂ ਸੰਬੰਧਕੀ ਚਿੰਨ੍ਹ ਵਜੋਂ ਨਾਂਵ [ਇਸਮ] ਸ਼ਬਦਾਂ ਦੇ ਅੰਤ ਵਿਚ ਕੀਤੀ ਗਈ ਹੈ, ਪਰ ਇਹ ਹ੍ਰਸ੍ਵ ਸ੍ਵਰ ਉਚਾਰਣ ਦਾ ਬਾਕਾਇਦਾ ਭਾਗ ਬਣਦਾ ਹੈ, ਭਾਵੇਂ ਇੰਜ ਕੀਤਿਆਂ, ਉਸ ਦੀ ਹ੍ਰਸ੍ਵ ਧੁਨੀ ਸਾਧਾਰਨ ਨਾਲੋਂ ਲੰਮੇਰੀ ਵੀ ਹੋ ਜਾਂਦੀ ਹੈ। ਫਿਰ ਪੰਜਾਬੀ ਭਾਸ਼ਾ ਦੇ ਅੰਤਲੇ ਹ੍ਰਸ੍ਵ ਸ੍ਵਰ [ਔਂਕੜ ਜਾਂ ਸਿਹਾਰੀ] ਉਚਾਰਣ ਵਿਚੋਂ ਕਿਉਂ ਛੱਡ ਦਿੱਤੇ ਜਾਣ ? ਜੇ ਫ਼ਾਰਸੀ ਦੇ ਅੰਤਲੇ ਵਿਆਕਰਣਿਕ ਹ੍ਰਸ੍ਵ ਸ੍ਵਰ ਦਾ ਉਚਾਰਣ ਕੀਤਿਆਂ ਫ਼ਾਰਸੀ ਦੀ ਸਾਹਿਤਕਾਰੀ ਨੂੰ ਕੋਈ ਜ਼ਰਬ (ਚੋਟ) ਨਹੀਂ ਲਗਦੀ ਤਾਂ ਪੰਜਾਬੀ ਦੇ ਅੰਤਲੇ ਵਿਆਕਰਣਿਕ ਹ੍ਰਸ੍ਵ ਸ੍ਵਰਾਂ ਦੇ ਉਚਾਰਣ ਕੀਤਿਆਂ ਪੰਜਾਬੀ ਦੀ ਸਾਹਿਤਕਾਰੀ ਨੂੰ ਵੀ ਕੋਈ ਖ਼ਤਰਾ ਨਹੀਂ।

(ਖ) ਸ਼ਬਦਾਂ ਦੇ ਅੰਤਲੇ ਹ੍ਰਸ੍ਵ ਸ੍ਵਰਾਂ [ਔਂਕੜ ਅਤੇ ਸਿਹਾਰੀ] ਦੇ ਉਚਾਰਣ ਸੰਬੰਧੀ ਇਹ ਇਤਰਾਜ਼ ਕੀਤਾ ਜਾਂਦਾ ਹੈ ਕਿ ਉਚਾਰਣ ਕਰਨ ਲਗਿਆਂ ਇਹਨਾਂ ਦੀ ਹ੍ਰਸ੍ਵ ਧੁਨੀ ਦਾ ਉਲਾਰ ਕ੍ਰਮ-ਵਾਰ 'ਹੋੜੇ' ਅਤੇ 'ਲਾਂ' ਦੀ ਧੁਨੀ ਵਲ ਹੋ ਜਾਂਦਾ ਹੈ।

ਚਲੋ ਮੰਨਿਆ ਕਿ ਅਣਸਿਖਿਅਤ ਪਾਠੀ ਅੰਤਲੇ ਹ੍ਰਸ੍ਵ ਸ੍ਵਰਾਂ ( ੁ ਅਤੇ ਿ ) ਦੇ ਠੀਕ ਉਚਾਰਣ ਦੀ ਮੁਹਾਰਤ ਨਹੀਂ ਰਖਦੇ, ਪਰ ਸੁਸਿਖਿਅਤ ਪਾਠੀਆਂ ਤੋਂ ਇਹਨਾਂ ਦੇ ਸਹੀ ਉਚਾਰਣ ਦੀ ਆਸ ਰਖੀ ਜਾ ਸਕਦੀ ਹੈ। ਕੁਝ ਵੀ ਹੋਵੇ, ਇਸ ਸਮੱਸਿਆ ਦਾ ਹੱਲ ਇਹ ਹਰਗਿਜ਼ ਨਹੀਂ ਕਿ ਅੰਤਲੇ ਹ੍ਰਸ੍ਵ ਸ੍ਵਰਾਂ ਦੀ ਧੁਨੀ ਨੂੰ ਮੂਲੋਂ ਹੀ ਉਚਾਰਣ ਵਿਚੋਂ ਛੱਡ ਦਿੱਤਾ ਜਾਵੇ, ਸਗੋਂ ਅਸਲੀ ਹੱਲ ਇਹ ਹੈ ਕਿ ਇਹਨਾਂ ਦੇ ਸਹੀ ਉਚਾਰਣ ਦੀ ਟਰੇਨਿੰਗ ਵਲ ਪੰਥਕ ਪੱਧਰ 'ਤੇ ਧਿਆਨ ਦਿੱਤਾ ਜਾਵੇ।

ਏਥੇ ਪੰਜਾਬੀ ਭਾਸ਼ਾ ਦੇ ਧੁਨੀ-ਵਿਗਿਆਨ ਨਾਲ ਸੰਬੰਧਤ ਇਕ ਮਹੱਤਵ-ਪੂਰਣ ਨੁਕਤਾ ਵਰਣਨ-ਜੋਗ ਹੈ। **ਹ੍ਰਸ੍ਵ ਸ੍ਵਰ (ਔਂਕੜ ਅਤੇ ਸਿਹਾਰੀ) ਜਦੋਂ ਸ਼ਬਦਾਂ ਦੇ ਅੰਤਲੇ ਵਿਅੰਜਨ ਅੱਖਰਾਂ ਨੂੰ ਲਗਦੇ ਹਨ ਤਾਂ ਇਹਨਾਂ ਦੀ ਧੁਨੀ ਬਹੁਤ ਸੂਖਮ ਬੋਲਦੀ ਹੈ, ਜੋ ਇਕੱਲੇ ਇਕੱਲੇ ਸ਼ਬਦ ਨੂੰ ਸਹਜੇ ਸਹਜੇ ਪੜ੍ਹਿਆਂ ਤਾਂ ਭਲੀ ਭਾਂਤ ਸਪਸ਼ਟਾਈ ਜਾ ਸਕਦੀ ਹੈ, ਪਰ ਚਲੰਤ ਪਾਠ ਵਿਚ**

**ਅਜਿਹਾ ਕਰ ਸਕਣਾ ਸੰਭਵ ਨਹੀਂ।** ਦੂਜੇ ਪਾਸੇ ਇਹੀ ਔਂਕੜ ਅਤੇ ਸਿਹਾਰੀ ਜਦੋਂ ਅੰਤਲੇ ਸ੍ਵਰ ਅੱਖਰਾਂ (ੳ, ੲ) ਜਾਂ ਅਰਧ-ਸ੍ਵਰ ਅੱਖਰ 'ਹ' ਨੂੰ ਲਗਣ ਤਾਂ ਇਹਨਾਂ ਦੀ ਧੁਨੀ ਸਾਧਾਰਨ ਨਾਲੋਂ ਲੰਮੇਰੀ ਹੋ ਜਾਂਦੀ ਹੈ, ਜੋ ਚਲੰਤ ਪਾਠ ਵਿਚ ਵੀ ਸਹਜੇ ਹੀ ਸਪਸ਼ਟਾਈ ਜਾ ਸਕਦੀ ਹੈ। ਇਸ ਦਾ ਕਾਰਨ ਇਹ ਹੈ ਕਿ ਵਿਅੰਜਨ ਅੱਖਰਾਂ ਦੇ ਉਚਾਰਣ ਵਿਚ ਵਿਅਕਤ-ਨਾਦ (audible sound) ਦੇ ਰਸਤੇ ਵਿਚ ਕਿਧਰੇ ਨਾ ਕਿਧਰੇ (ਕੰਠ, ਤਾਲੂ, ਬੁੱਟ, ਦੰਦ, ਬੁੱਲ੍ਹ ਆਦਿ 'ਤੇ) ਰੁਕਾਵਟ ਪੈਂਦੀ ਹੈ ਤੇ ਇਹ ਰੋਕ ਅੰਤਲੇ ਵਿਅੰਜਨ ਅੱਖਰਾਂ ਨੂੰ ਲਗੇ ਹ੍ਰਸ੍ਵ ਸ੍ਵਰਾਂ ਦੀ ਧੁਨੀ ਨੂੰ ਨਿਸਚਿਤ ਸੀਮਾ ਤਕ ਰੱਖਣ ਵਿਚ ਸਹਾਇਤਾ ਕਰਦੀ ਹੈ। ਪਰੰਤੂ ਸ੍ਵਰ ਅੱਖਰਾਂ (ੳ, ਅ, ੲ) ਅਤੇ ਅਰਧ-ਸ੍ਵਰ 'ਹ' ਦੇ ਉਚਾਰਣ ਵਿਚ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਹੀਂ ਕਰਦੇ ਅਤੇ ਵਿਅਕਤ-ਨਾਦ ਬਗ਼ੈਰ ਕਿਸੇ ਰੁਕਾਵਟ ਦੇ ਕੰਠ ਅਤੇ ਮੂੰਹ ਥਾਣੀ ਪੂਰੇ ਵੇਗ ਵਿਚ ਲੰਘਦਾ ਹੈ, ਜਿਸ ਦੇ ਫਲ-ਸਰੂਪ ਅੰਤਲੇ ਸ੍ਵਰ ਅੱਖਰਾਂ ਨੂੰ ਲਗੀ ਸਿਹਾਰੀ ਅਤੇ ਔਂਕੜ ਦੀ ਧੁਨੀ ਸਾਧਾਰਨ ਨਾਲੋਂ ਲੰਮੇਰੀ ਹੋ ਜਾਂਦੀ ਹੈ।

ਸ਼ਬਦਾਂ ਦੇ ਅਰੰਭ ਵਿਚ ਆਏ ਸ੍ਵਰੀ ਅੱਖਰ ਨਾਲ ਔਂਕੜ ਅਤੇ ਸਿਹਾਰੀ ਦੋਹਾਂ ਦਾ ਉਚਾਰਣ ਇਹਨਾਂ ਦੀ ਨਿਸਚਿਤ ਧੁਨੀ ਵਿਚ ਹੀ ਹੁੰਦਾ ਹੈ, ਪਰ ਜਦੋਂ ਇਹ ਚਿੰਨ੍ਹ ਸ਼ਬਦਾਂ ਦੇ ਅੰਤ ਵਿਚ ਆਏ ਸ੍ਵਰੀ ਅੱਖਰਾਂ ਨਾਲ ਲਗਦੇ ਹਨ ਤਾਂ ਇਹਨਾਂ ਦੀ ਧੁਨੀ ਸਾਧਾਰਨ ਨਾਲੋਂ ਲੰਮੇਰੀ ਹੋ ਜਾਇਆ ਕਰਦੀ ਹੈ। ਇਸ ਸੰਬੰਧੀ ਦੇਖੋ (੪.੨.੩.੫)।

(ਗ) ਅੰਤਲੇ ਹ੍ਰਸ੍ਵ ਸ੍ਵਰਾਂ ਦੇ ਉਚਾਰਣ ਨੂੰ ਛਡਣ ਦੇ ਮੁਦੱਈ ਵੀਰ ਆਪਣੇ ਪੱਖ ਵਿਚ ਖ਼ੁਦ ਵੀ ਸਪੱਸ਼ਟ ਨਹੀਂ ਤੇ ਆਪਣੀ ਇਸ ਧਾਰਨਾ ਦੀ ਅਮਲੀ ਵਰਤੋਂ ਵਿਚ ਉਹਨਾਂ ਦੀ ਇਕ-ਸਾਰਤਾ ਅਤੇ ਇਕ-ਸੁਰਤਾ ਨਹੀਂ। ਉਹ ਆਪਣੀ ਮਨ-ਮਰਜ਼ੀ ਨਾਲ ਕਿਧਰੇ ਅੰਤਲੇ ਹ੍ਰਸ੍ਵ ਸ੍ਵਰਾਂ ਦਾ ਉਚਾਰਣ ਕਰ ਲੈਂਦੇ ਹਨ ਅਤੇ ਕਿਧਰੇ ਛੱਡ ਦੇਂਦੇ ਹਨ, ਜਿਵੇਂ:

੧. (i) ਸਨਮੁਖ 'ਸਹਿ' ਬਾਨ ਸਨਮੁਖ 'ਸਹਿ' ਬਾਨ ਹੇ
ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ
ਓਹੁ ਬੇਧਿਓ ਸਹਜ ਸਰੋਤ ॥੨॥ *(੪੬੨)*
ਸਹਿ—[ਕਿਰਿਆ] ਸਹਿੰਦਾ ਹੈ।

(ii) ਤੈ 'ਸਹਿ' ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥੧॥ *(੭੯੪)*
ਸਹਿ—[ਨਾਂਵ, ਕਰਤਾ ਕਾਰਕ] ਸਹ ਨੇ।

ਉਪ੍ਰੋਕਤ ਦੋਹਾਂ ਪੰਗਤੀਆਂ ਵਿਚ 'ਸਹਿ' ਸ਼ਬਦ ਦੀ ਬਣਤਰ ਬਿਲਕੁਲ ਇਕਸਾਰ ਹੈ, ਪਰ ਸਾਡੇ ਕਈ ਵੀਰ ਪਹਿਲੀ ਪੰਗਤੀਆਂ ਵਿਚ ਤਾਂ 'ਸਹਿ' ਸ਼ਬਦ ਦੇ ਅੰਤਲੇ ਹ੍ਰਸ੍ਵ ਸ੍ਵਰ ਸਿਹਾਰੀ (ਿ) ਨੂੰ ਉਚਾਰਣ ਦਾ ਭਾਗ ਬਣਾਉਂਦੇ ਹਨ, ਪਰ ਦੂਜੀ ਪੰਗਤੀ ਵਿਚ ਇਸ ਨੂੰ ਛੱਡ ਜਾਂਦੇ ਹਨ। ਅਜਿਹਾ ਕਿਉਂ? ਇਹ ਉਹ ਜਾਨਣ!

੨. (i) ਬਹੁ ਭੇਖ ਕੀਆ ॥ ਦੇਹੀ ਦੁਖੁ ਦੀਆ ॥
'ਸਹੁ' ਵੇ ਜੀਆ ਅਪਣਾ ਕੀਆ ॥੨॥੯॥ *(੪੬੭)*
ਸਹੁ—[ਕਿਰਿਆ] ਸਹਿਨ ਕਰ, ਸਹਾਰ।

(ii) ਫਰੀਦਾ ਹਉ ਲੋੜੀ 'ਸਹੁ' ਆਪਣਾ ਤੂ ਲੋੜਹਿ ਅੰਗਿਆਰ ॥੪੩॥ *(੧੩੮੦)*
ਸਹੁ—[ਨਾਂਵ, ਕਰਮ ਕਾਰਕ] ਸਹੁ, ਖਸਮ, ਮਾਲਕ।

ਉਪ੍ਰੋਕਤ ਦੋਹਾਂ ਪੰਗਤੀਆਂ ਵਿਚ 'ਸਹੁ' ਸ਼ਬਦ ਦੀ ਬਣਤਰ ਬਿਲਕੁਲ ਇਕਸਾਰ ਹੈ, ਪਰ ਸਾਡੇ ਕਈ ਵੀਰ ਪਹਿਲੀ ਪੰਗਤੀ ਵਿਚ ਤਾਂ ਅੰਤਲੇ ਹ੍ਰਸ੍ਵ ਸ੍ਵਰ ਔਂਕੜ ( ੁ ) ਨੂੰ ਉਚਾਰਣ ਦਾ ਭਾਗ ਬਣਾਉਂਦੇ ਹਨ, ਪਰ ਦੂਜੀ ਪੰਗਤੀ ਵਿਚ ਇਸ ਨੂੰ ਛੱਡ ਜਾਂਦੇ ਹਨ। ਅਜਿਹਾ ਕਿਉਂ ? ਇਹ ਉਹ ਜਾਨਣ! ਇਹ ਧਾਰਨਾ ਕਿ ਕਾਰਕ ਚਿੰਨ੍ਹ ਵਜੋਂ ਲਗੇ ਹ੍ਰਸ੍ਵ ਸ੍ਵਰ ਦੀ ਕੋਈ ਧੁਨੀ ਨਹੀਂ ਹੁੰਦੀ, ਮਨ-ਘੜਤ ਅਤੇ ਸਰਾਸਰ ਗ਼ਲਤ ਹੈ। ਕਾਰਕ-ਚਿੰਨ੍ਹ ਵਜੋਂ ਸ਼ਬਦਾਂ ਦੇ ਅੰਤਲੇ ਅੱਖਰ ਨੂੰ ਲੱਗੇ ਹ੍ਰਸ੍ਵ ਸ੍ਵਰ ( ੁ ) ਦੀ ਨਿਸਚਿਤ ਧੁਨੀ ਹੁੰਦੀ ਹੈ, ਜੋ ਕਾਵਿ ਵਿਚ ਕਦੀ ਕਦੀ ਦੀਰਘ ਹੋ ਕੇ ਹੋੜੇ ( ੋ ) ਵਿਚ ਬਦਲ ਜਾਂਦੀ ਹੈ, ਜਿਵੇਂ:

ਸੋ 'ਸਹੋ' ਅਤਿ ਨਿਰਮਲ ਦਾਤਾ
ਜਿਨਿ ਵਿਚਹੁ ਆਪੁ ਗਵਾਇਆ ਰਾਮ॥ (੭੭੧)

ਉਪ੍ਰੋਕਤ ਪੰਗਤੀ ਵਿਚ ਆਇਆ ਸ਼ਬਦ 'ਸਹੋ' ਕਰਤਾ ਕਾਰਕ, ਇਕ-ਵਚਨ, ਪੁਲਿੰਗ ਨਾਂਵ ਹੈ। 'ਸਹੁ' ਸ਼ਬਦ ਦੀ ਅੰਤਲੀ ਹ੍ਰਸ੍ਵ ਧੁਨੀ ਕਾਵਿ-ਤੋਲ ਅਧੀਨ ਦੀਰਘ ਹੋ ਕੇ ਹੋੜਾ ( ੋ ) ਬਣ ਗਈ ਹੈ।

੩. (i) ਰਾਮ ਗੁਸਈਆ ਜੀਅ ਕੇ ਜੀਵਨਾ
'ਮੋਹਿ' ਨ ਬਿਸਾਰਹੁ ਮੈ ਜਨ ਤੇਰਾ॥ (੩੮੫)
ਮੋਹਿ—[ਪੜਨਾਂਵ, ਪੁਰਖ ਵਾਚਕ, ਕਰਮ ਕਾਰਕ] ਮੈਨੂੰ।

(ii) ਏਤੁ 'ਮੋਹਿ' ਫਿਰਿ ਜੂਨੀ ਪਾਹਿ॥
ਮੋਹੇ ਲਾਗਾ ਜਮਪੁਰਿ ਜਾਹਿ॥ (੩੫੬)
ਮੋਹਿ—[ਨਾਂਵ, ਕਰਣ ਕਾਰਕ] ਮੋਹ ਦੇ ਕਾਰਨ।

(iii) 'ਮੋਹਿ ਗਇਆ ਬੈਰਾਗੀ ਜੋਗੀ
ਘਟਿ ਘਟਿ ਕਿੰਗੁਰੀ ਵਾਈ॥ (੯੦੭)
ਮੋਹਿ ਗਇਆ—[ਸੰਜੁਕਤ ਕਿਰਿਆ] ਮੁਹਤ ਕਰ ਗਿਆ।

ਉਪ੍ਰੋਕਤ ਤਿੰਨਾਂ ਹੀ ਪੰਗਤੀਆਂ ਵਿਚ 'ਮੋਹਿ' ਸ਼ਬਦ ਦੀ ਬਣਤਰ ਬਿਲਕੁਲ ਇਕਸਾਰ ਹੈ, ਪਰ ਸਾਡੇ ਕਈ ਵੀਰ ਉਪ੍ਰੋਕਤ ਤੀਜੀ ਪੰਗਤੀ ਵਿਚ ਤਾਂ ਅੰਤਲੇ ਹ੍ਰਸ੍ਵ ਸ੍ਵਰ 'ਸਿਹਾਰੀ' ਨੂੰ ਉਚਾਰਣ ਦਾ ਭਾਗ ਬਣਾਉਂਦੇ ਹਨ, ਪਰ ਪਹਿਲੀਆਂ ਦੋਹਾਂ ਪੰਗਤੀਆਂ ਵਿਚ ਇਸ ਨੂੰ ਛੱਡ ਜਾਂਦੇ ਹਨ।

ਅਸੀਂ ਦੇਖਦੇ ਹਾਂ ਕਿ ਨੰਬਰ (ii) ਉਤੇ ਅੰਕਤ ਪੰਗਤੀ ਦੇ ਪਹਿਲੇ ਅਰਧ-ਭਾਗ ਵਿਚ ਆਇਆ ਸ਼ਬਦ 'ਮੋਹਿ' ਇਸ ਦੇ ਦੂਜੇ ਅਰਧ-ਭਾਗ ਵਿਚ ਕਾਵਿ-ਪ੍ਰਬੰਧ ਅਧੀਨ 'ਮੋਹੇ' ਹੋ ਗਿਆ ਹੈ ਅਤੇ ਹ੍ਰਸ੍ਵ ਸ੍ਵਰ ਸਿਹਾਰੀ (ਿ) ਦੀ ਧੁਨੀ ਲੰਮੇਰੀ ਹੋ ਕੇ ਦੀਰਘ ਸ੍ਵਰ ਲਾਂ ( ੇ ) ਵਿਚ ਬਦਲ ਗਈ ਹੈ। ਇਸ ਤੱਥ ਦੀ ਰੌਸ਼ਨੀ ਵਿਚ ਅੰਤਲੇ ਹ੍ਰਸ੍ਵ ਸ੍ਵਰ ਦੀ ਧੁਨੀ ਦੀ ਹੋਂਦ ਹਸਤੀ ਅਤੇ ਉਸ ਦੇ ਉਚਾਰਣਾਤਮਿਕ ਗੁਣ ਤੋਂ ਮੁਨਕਰ ਕਿਵੇਂ ਹੋਇਆ ਜਾ ਸਕਦੈ ?

੪. 'ਸਸੁ' ਵਿਰਾਇਣਿ ਨਾਨਕ ਜੀਉ 'ਸਸੁਰਾ' ਵਾਦੀ
ਜੇਠੋ ਪਉ ਪਉ ਲੂਹੈ॥ (੯੬੩)

ਉਪ੍ਰੋਕਤ ਪੰਗਤੀ ਵਿਚ 'ਸਸੁ' ਸ਼ਬਦ ਦੇ ਉਚਾਰਣ ਵਿਚ ਅੰਤਲਾ ਹ੍ਰਸ੍ਵ ਸ੍ਵਰ ( ੁ ) ਛੱਡ ਦਿੱਤਾ ਜਾਂਦਾ ਹੈ, ਪਰ 'ਸਸੁਰਾ' ਸ਼ਬਦ ਦੇ ਉਚਾਰਣ ਵਿਚ ਸ਼ਬਦ ਦੇ ਵਿਚਕਾਰਲੇ 'ਸ'

ਨੂੰ ਲਗੇ ਔਂਕੜ ਦਾ ਉਚਾਰਣ ਕਰ ਲਿਆ ਜਾਂਦਾ ਹੈ। ਇਹ ਕਿਉਂ ? ਦੋਹਾਂ ਸ਼ਬਦਾਂ ਵਿਚ ਫ਼ਰਕ ਤਾਂ ਕੇਵਲ ਏਨਾ ਹੀ ਹੈ ਕਿ ਇਸਤ੍ਰੀ ਲਿੰਗ ਸ਼ਬਦ 'ਸਸੁ' ਨੂੰ ਵਿਆਕਰਣਿਕ ਪਿਛੇਤਰ 'ਰਾ' ਲਾ ਕੇ 'ਸਸੁਰਾ' ਪੁਲਿੰਗ ਸ਼ਬਦ ਬਣਾਇਆ ਹੋਇਆ ਹੈ।

ਏਸੇ ਤਰ੍ਹਾਂ ਜਿੰਦੁ, ਅੰਧੁ, ਵਿਹੁ ਆਦਿ ਸ਼ਬਦਾਂ ਦੇ ਉਚਾਰਣ ਵਿਚ ਇਹਨਾਂ ਦਾ ਅੰਤਲਾ ਔਂਕੜ ਛੱਡ ਦਿੱਤਾ ਜਾਂਦਾ ਹੈ, ਪਰ ਇਹਨਾਂ ਹੀ ਸ਼ਬਦਾਂ ਦੇ ਅੰਤ ਵਿਚ ਕੋਈ ਵਿਆਕਰਣਿਕ ਪਿਛੇਤਰ ਲਾ ਕੇ ਬਣਾਏ ਸ਼ਬਦਾਂ ਜਿੰਦੁੜੀ, ਅੰਧੁਲਾ, ਵਿਹੁਲਾ ਵਿਚ ਔਂਕੜ ਨੂੰ ਉਚਾਰਣ ਦਾ ਭਾਗ ਬਣਾ ਲਿਆ ਜਾਂਦਾ ਹੈ ? ਇਹ ਅਜੀਬ ਖੇਡ ਹੈ।

ਇਸ ਤੱਥ (ਕਿ ਅੰਤਲੇ ਹ੍ਰਸ੍ਵ ਸ੍ਵਰਾਂ ਦੀ ਨਿਸਚਿਤ ਧੁਨੀ ਹੈ) ਨੂੰ ਵਧੇਰੇ ਉਜਾਗਰ ਕਰਨ ਲਈ ਥਲੇ ਗੁਰਬਾਣੀ ਵਿਚੋਂ ਕੁਝ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਕੁਝ ਸ਼ਬਦਾਂ ਦੇ ਅੰਤਲੇ ਅੱਖਰ ਨਾਲ ਹ੍ਰਸ੍ਵ ਧੁਨੀ ਵਾਲੇ ਵਿਆਕਰਣਿਕ ਪਿਛੇਤਰਾਂ (ਔਂਕੜ ਅਤੇ ਸਿਹਾਰੀ) ਦੇ ਬਦਲ ਵਿਚ ਕਾਵਿ-ਪ੍ਰਬੰਧ ਅਧੀਨ ਦੀਰਘ ਧੁਨੀ ਵਾਲੇ ਵਿਆਕਰਣਿਕ ਪਿਛੇਤਰਾਂ (ਹੋੜਾ ਅਤੇ ਲਾਂ) ਦੀ ਵਰਤੋਂ ਕੀਤੀ ਹੋਈ ਹੈ।

**ਔਂਕੜ ( ੁ ) ਦੀ ਥਾਵੇਂ ਹੋੜੇ ( ੋ ) ਦੀ ਵਰਤੋਂ**

(i) 'ਅਨਦਿਨੋ' ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ ॥੧॥ *(੭੭੦)*

(ii) ਹਰਿ ਕਾ ਨਾਮੁ 'ਨਿਧਾਨੋ' ਪਾਇਆ ਸੁਖੁ ਵਸਿਆ ਮਨਿ ਆਏ ॥੩॥੧੧॥ *(੧੧੩੦)*

(iii) ਗੁਰੁ 'ਸਾਗਰੋ' ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥੩॥ *(੪੩੭)*

(iv) ਗਾਉ 'ਮੰਗਲੋ' ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ ॥੪॥੨॥੫॥ *(੭੮੦)*

(v) ਸਚੁ 'ਸਾਹਿਬੋ' ਆਦਿ ਪੁਰਖੁ 'ਅਪਰੰਪਰੋ' ਧਾਰੇ ਰਾਮ ॥੧॥ *(੪੩੭)*

(i) ਅਨਦਿਨੁ ਦੀ ਥਾਵੇਂ ਅਨਦਿਨੋ (ii) ਨਿਧਾਨੁ ਦੀ ਥਾਵੇਂ ਨਿਧਾਨੋ
(iii) ਸਾਗਰੁ ਦੀ ਥਾਵੇਂ ਸਾਗਰੋ (iv) ਮੰਗਲੁ ਦੀ ਥਾਵੇਂ ਮੰਗਲੋ
(v) ਸਾਹਿਬੁ ਦੀ ਥਾਵੇਂ ਸਾਹਿਬੋ (vi) ਅਪਰੰਪਰੁ ਦੀ ਥਾਵੇਂ ਅਪਰੰਪਰੋ

**ਇਕੋ ਤੁਕ ਵਿਚ ਇਕ ਥਾਵੇਂ ਔਂਕੜ, ਦੂਜੀ ਥਾਵੇਂ ( ੋ )**

(i) 'ਜੀਵਨੋ' ਮੈ 'ਜੀਵਨੁ' ਪਾਇਆ ਗੁਰਮੁਖਿ ਭਾਏ ਰਾਮ ॥
ਹਰਿ 'ਨਾਮੋ' ਹਰਿ 'ਨਾਮੁ' ਦੇਵੈ ਮੇਰੈ ਪ੍ਰਾਨਿ ਵਸਾਏ ਰਾਮ ॥ *(੪੪੨)*

(ii) ਮੇਰਾ 'ਮਨੋ' ਮੇਰਾ 'ਮਨੁ' ਰਾਤਾ ਰਾਮ ਪਿਆਰੇ ਰਾਮ ॥੧॥ *(੪੩੭)*

(iii) ਹਉ 'ਬਨੁ' 'ਬਨੋ' ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ ॥੩॥ *(੪੩੭)*

(iv) 'ਮਰਨੋ' 'ਮਰਨੁ' ਕਹੈ ਸਭੁ ਕੋਈ ॥੨॥੨੦॥ *(੩੨੭)*

(v) ਏਹੁ ਸੋਹਿਲਾ 'ਸਬਦੁ' ਸੁਹਾਵਾ ॥
'ਸਬਦੋ' ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥੧੬॥ *(੯੧੯)*

(i) ਜੀਵਨੋ ਜੀਵਨੁ, ਨਾਮੋ ਨਾਮੁ (ii) ਮਨੋ ਮਨੁ

(iii) ਬਨੁ ਬਨੋ (iv) ਮਰਨੋ ਮਰਨੁ

(v) ਸਬਦੁ ਸਬਦੋ

### ਸਿਹਾਰੀ (ਿ) ਦੀ ਥਾਵੇਂ ਲਾਂ (ੇ) ਦੀ ਵਰਤੋਂ

(i) ਸਫਲਾ ਸੁ ਦਿਨਸੁ 'ਰੈਣੇ' ਸੁਹਾਵੀ ਅਨਦ ਮੰਗਲ ਰਸੁ ਘਨਾ ॥੪॥੨॥ *(੫੪੩)*

(ii) ਅਜੈ ਸੁ ਚੋਭ ਕਉ ਬਿਲਲ ਬਿਲਾਤੇ 'ਨਰਕੇ' ਘੋਰ ਪਚਾਹੀ ॥੪॥੩॥ *(੬੬੯)*

(iii) ਨ ਜਾਣਾ 'ਹਰੇ' ਮੇਰੀ ਕਵਨ 'ਗਤੇ' ॥ਰਹਾਉ॥੧॥ *(੮੭੬)*

(iv) ਲਾਇ ਬਿਰਹੁ ਭਗਵੰਤ 'ਸੰਗੇ' ਹੋਇ ਮਿਲੁ ਬੈਰਾਗਨਿ ਰਾਮ ॥੪॥੧॥੪॥ *(੮੪੮)*

(v) ਕਹੁ ਨਾਨਕ ਮੈ ਸਰਬ ਸੁਖੁ ਪਾਇਆ ਇਹ ਸੂਖਿ ਬਿਹਾਨੀ 'ਰਾਤੇ' ॥੨॥੩॥੨੬॥ *(੧੨੦੯)*

(i) ਰੈਣਿ ਦੀ ਥਾਵੇਂ ਰੈਣੇ (ii) ਨਰਕਿ ਦੀ ਥਾਵੇਂ ਨਰਕੇ

(iii) ਹਰਿ ਕੀ ਥਾਵੇਂ ਹਰੇ ਗਤਿ ਦੀ ਥਾਵੇਂ ਗਤੇ

(iv) ਸੰਗਿ ਦੀ ਥਾਵੇਂ ਸੰਗੇ (v) ਰਾਤਿ ਦੀ ਥਾਵੇਂ ਰਾਤੇ

### ਇਕੋ ਪੰਗਤੀ ਵਿਚ ਇਕ ਥਾਵੇਂ ਸਿਹਾਰੀ (ਿ) ਦੂਜੀ ਥਾਵੇਂ ਲਾਂ (ੇ)

(i) ਪਾਪੀ ਕਰਮ ਕਮਾਵਦੇ ਕਰਦੇ 'ਹਾਏ' ਹਾਇ ॥੯॥ *(੧੪੨੫)*

(ii) ਏਤੁ 'ਮੋਹਿ' ਫਿਰਿ ਜੂਨੀ ਪਾਹਿ ॥
'ਮੋਹੇ' ਲਾਗਾ ਜਮਪੁਰਿ ਜਾਹਿ ॥੪॥੨੩॥ *(੩੫੬)*

(iii) 'ਆਪੇ' 'ਆਪਿ' ਨਿਰੰਜਨੁ ਸੋਇ ॥੫॥ *(੨)*

(i) ਹਾਏ, ਹਾਇ (ii) ਮੋਹਿ, ਮੋਹੇ (iii) ਆਪੇ, ਆਪਿ

ਉਪ੍ਰੋਕਤ ਉਦਾਹਰਣਾਂ ਵਿਚੋਂ ਇਹ ਤੱਥ ਸੂਰਜ ਵਾਂਗ ਰੌਸ਼ਨ ਹੈ ਕਿ ਸ਼ਬਦਾਂ ਦੇ ਅੰਤਲੇ ਹ੍ਰਸ੍ਵ ਸ੍ਵਰਾਂ ਦੀ ਨਿਸਚਿਤ ਧੁਨੀ ਹੈ, ਜੋ ਕਦੀ ਕਦੀ ਕਾਵਿ-ਤੋਲ ਅਧੀਨ ਦੀਰਘ ਸ੍ਵਰ ਵਿਚ ਵਟੀਜ ਜਾਂਦੀ ਹੈ। ਪੰਜਾਬੀ ਭਾਸ਼ਾ ਦੇ ਧੁਨੀ-ਵਿਗਿਆਨ ਮੁਜਬ ਇਸ ਭਾਸ਼ਾ ਦੀ ਕੋਈ ਧੁਨੀ ਗੁੰਗੀ ਨਹੀਂ। ਫਿਰ ਅੰਤਲੇ ਹ੍ਰਸ੍ਵ ਸ੍ਵਰਾਂ ਦੀ ਧੁਨੀ ਤੋਂ ਬੇਰੁਖ਼ੀ ਕਿਉਂ ?

(ਘ) ਸੰਸਕ੍ਰਿਤ ਭਾਸ਼ਾ ਤੋਂ ਪੰਜਾਬੀ ਵਿਚ ਆਏ ਅਤੇ ਤਤ-ਸਮ ਰੂਪ ਵਿਚ ਅਪਣਾਏ ਕੁਝ ਸ਼ਬਦਾਂ ਦੇ ਅੰਤਲੇ ਹ੍ਰਸ੍ਵ ਸ੍ਵਰ (ਔਂਕੜ ਅਤੇ ਸਿਹਾਰੀ) ਮੂਲਕ-ਅੰਗੀ ਹਨ; ਜਿਵੇਂ :

| ***ਔਂਕੜ ( ੁ ) ਸਹਿਤ*** | ***ਸਿਹਾਰੀ (ਿ) ਸਹਿਤ*** |
|---|---|
| (ਪੁਲਿੰਗ) ਪਸੁ, ਅਸੁ, ਵਿਸੁ (ਵਿਸ੍ਵ) ਆਦਿ | ਰਵਿ, ਸਸਿ, ਹਰਿ, ਸੁਰਿ, ਗਿਰਿ, ਹਸਤਿ, ਸਤਿ, ਆਦਿ |
| (ਇਸਤ੍ਰੀ ਲਿੰਗ) ਸਾਸੁ, ਰੇਣੁ, ਮਲੁ, ਬਿਖੁ, ਆਦਿ | ਪ੍ਰੀਤਿ, ਰਿਧਿ, ਜੋਨਿ, ਮੂਰਤਿ, ਸਾਂਤਿ, ਆਦਿ |

ਅਜੋਕੀ ਪੰਜਾਬੀ ਭਾਸ਼ਾ ਵਿਚ ਤਾਂ ਅੰਤਲੇ ਹ੍ਰਸ੍ਵ ਸ੍ਵਰ ਨੂੰ ਮੂਲੋਂ ਹੀ ਛਾਂਗ ਦਿੱਤਾ ਗਿਆ ਹੈ, ਪਰ ਪੁਰਾਤਨ ਪੰਜਾਬੀ ਅਥਵਾ ਗੁਰਬਾਣੀ ਵਿਚ ਇਹਨਾਂ ਦੀ ਵਰਤੋਂ ਕਾਫ਼ੀ ਮਿਲਦੀ

ਹੈ। ਸ਼ਬਦਾਂ ਦੇ ਅੰਤਲੇ ਹ੍ਰਸ੍ਵ ਸ੍ਵਰਾਂ ਦੇ ਉਚਾਰਣ ਦੀ ਕਠਿਨਾਈ ਕਾਰਨ ਇਹਨਾਂ ਤੋਂ ਮੂੰਹ ਮੋੜੀ ਬੈਠੇ ਕੁਝ ਵੀਰ ਅੰਤਲੇ ਕਾਰਕ-ਚਿੰਨ੍ਹਾਂ ਦੀ ਆੜ ਲੈ ਕੇ ਸ਼ਬਦਾਂ ਦੇ ਮੂਲਕ-ਭਾਗੀ ਹ੍ਰਸ੍ਵ ਸ੍ਵਰਾਂ ਦੇ ਉਚਾਰਣ ਤੋਂ ਵੀ ਮੁਨਕਰ ਹਨ। ਇਹਨਾਂ ਨੂੰ ਉਚਾਰਣ ਵਿਚ ਛੱਡ ਦੇਣ ਦੀ ਉਹਨਾਂ ਪਾਸ ਕੋਈ ਦਲੀਲ ਵੀ ਨਹੀਂ, ਕੇਵਲ ਮਨ-ਹਠ ਹੀ ਹੈ।

ਕਿੰਨੀ ਅਜੀਬ ਗੱਲ ਹੈ ਕਿ ਇਕ ਪਾਸੇ ਸੰਸਕ੍ਰਿਤ ਹਿੰਦੀ ਦੇ ਅਜੋਕੇ ਕੁਝ ਵਿਦਵਾਨ ਅੰਤਲੇ ਹ੍ਰਸ੍ਵ ਸ੍ਵਰਾਂ (ਔਂਕੜ ਅਤੇ ਸਿਹਾਰੀ) ਦੀ ਧੁਨੀ ਨੂੰ ਦੀਰਘ ਕਰ ਕੇ ਧੁਨੀ-ਵਿਉਂਤ ਦੀ ਉਲੰਘਣਾ ਕਰ ਰਹੇ ਹਨ ਅਤੇ ਦੂਜੇ ਪਾਸੇ ਸਾਡੇ ਪੰਜਾਬੀ ਭਾਸ਼ਾ ਦੇ ਅਜੋਕੇ ਕੁਝ ਵਿਦਵਾਨ ਇਹਨਾਂ ਦੀ ਧੁਨੀ ਦੇ ਉਚਾਰਣ ਨੂੰ ਮੂਲੋਂ ਹੀ ਛੱਡ ਦੇਣ ਦੀ ਗ਼ਲਤੀ ਕਰਨ ਦੇ ਭਾਗੀ ਬਣ ਰਹੇ ਹਨ।

ਏਥੇ ਇਹ ਵਰਣਨ ਕਰਨਾ ਪ੍ਰਸੰਗਕ ਹੈ ਕਿ ਅੱਜ ਤੋਂ ਚਾਰ ਪੰਜ ਦਹਾਕੇ ਪਹਿਲਾਂ ਪਾਵਨ ਬੀੜਾਂ ਦੀ ਖੋਜ ਵਿਚ ਲਗੇ ਇਕ ਵਿਦਵਾਨ ਸਜਣ ਜੀ.ਬੀ. ਸਿੰਘ ਨੇ ਵੀ ਆਪਣੀ ਪੁਸਤਕ *ਪ੍ਰਾਚੀਨ ਬੀੜਾਂ* ਦੇ ਪੰਨਾ ੮੩ ਉਤੇ ਅੰਤਲੇ ਹ੍ਰਸ੍ਵ ਸ੍ਵਰਾਂ ਬਾਰੇ ਕੁਝ ਇਹੋ ਜਿਹੇ ਵਿਚਾਰ ਹੀ ਪ੍ਰਗਟ ਕੀਤੇ ਸਨ ਅਤੇ ਇਹਨਾਂ ਨੂੰ ਛੱਡ ਦੇਣ ਦੀ ਪ੍ਰੇਰਨਾ ਕੀਤੀ ਸੀ :

> ".....ਮੈਂ ਕੋਈ ਬੀੜ ਲਿਖਤੀ ਜਾਂ ਛਾਪੇ ਦੀ ਨਹੀਂ ਦੇਖੀ ਜਿਸ ਵਿਚ ਹਰ ਸਫ਼ੇ ਪੁਰ ਬਹੁਤ ਸਾਰੀਆਂ ਇਹਨਾਂ ਲਗਾਂ ਦੀਆਂ ਗ਼ਲਤੀਆਂ ਨਾ ਹੋਣ। ਸੋ ਇਹਨਾਂ ਦੀ ਦਰੁਸਤੀ ਪੁਰ ਜ਼ਰੂਰਤ ਨਾਲੋਂ ਵਧੀਕ ਜ਼ੋਰ ਦੇਣਾ ਵਿਅਰਥ ਹੈ ਅਤੇ ਦਰੁਸਤ ਕਰਨ ਦਾ ਯਤਨ ਕਰਨਾ ਫ਼ਜ਼ੂਲ। ਹਿੰਦੀ ਅਤੇ ਮਰਹੱਟੀ ਵਾਲਿਆਂ ਨੇ ਹੁਣ ਭਗਤ ਬਾਣੀ ਲਿਖਦੇ ਸਮੇਂ ਵੀ ਇਹਨਾਂ ਫ਼ਜ਼ੂਲ ਲਗਾਂ ਦਾ ਵਰਤਾਉ ਛੱਡ ਦਿੱਤਾ ਹੈ, ਜਿਸ ਤਰ੍ਹਾਂ ਕਿ *ਦੀ ਸਿਖ ਰੀਵੀਊ* ਵਿਚ ਆਪਣੇ ਇਕ ਲੇਖ ਵਿਚ, ਬਹੁਤ ਵਰ੍ਹੇ ਹੋਏ, ਮੈਂ ਲਿਖਿਆ ਭੀ ਸੀ। ਗੁਰਮੁਖੀ ਵਾਲੇ ਇਹਨਾਂ ਨੂੰ ਛੱਡਣ ਜਾਂ ਨਾ ਛੱਡਣ, ਉਹਨਾਂ ਦੀ ਮਰਜ਼ੀ ਹੈ, ਪਰ ਇਹਨਾਂ ਨੂੰ ਰਖਣਾ ਕੁਝ ਲੰਮਾ ਕੰਮ ਨਹੀਂ ਸਵਾਰਦਾ।"
>
> *(ਪ੍ਰਾਚੀਨ ਬੀੜਾਂ, ਪੰਨਾ ੮੩)*

ਸ: ਜੀ.ਬੀ. ਸਿੰਘ ਅੰਤਲੇ ਹ੍ਰਸ੍ਵ ਸ੍ਵਰਾਂ ਦੀ ਮਹੱਤਤਾ ਤੋਂ ਅਨਜਾਣ ਹੋਣ ਕਾਰਨ ਇਹਨਾਂ ਨੂੰ ਬੇਲੋੜੇ ਦੱਸਦੇ ਰਹੇ ਅਤੇ ਛੱਡ ਦੇਣ ਦੀ ਨਾਕਸ ਸਲਾਹ ਦੇਂਦੇ ਰਹੇ।

ਦੂਜੇ ਪਾਸੇ ਸਾਡੇ ਸੰਪ੍ਰਦਾਈ ਵਿਦਵਾਨਾਂ ਨੇ ਸ਼ਬਦਾਂ ਦੇ ਅੰਤਲੇ ਹ੍ਰਸ੍ਵ ਸ੍ਵਰਾਂ ਨੂੰ ਕਿਸੇ ਹੱਦ ਤੱਕ ਉਚਾਰਣ ਦਾ ਭਾਗ ਤਾਂ ਬਣਾਈ ਰਖਿਆ, ਪਰ ਅਰਥ ਕਰਨ ਲਗਿਆਂ ਇਹਨਾਂ ਨੂੰ ਕਿਧਰੇ ਕਿਧਰੇ ਨਜ਼ਰ-ਅੰਦਾਜ਼ ਕਰ ਦਿੱਤਾ। ਹੁਣ ਅਜੋਕੇ ਕੁਝ ਵਿਦਵਾਨ ਸੱਜਣ ਇਹਨਾਂ ਦੀ ਵਿਆਕਰ੍ਣਿਕ ਮਹੱਤਤਾ ਤਾਂ ਸਵੀਕਾਰਦੇ ਹਨ, ਪਰ ਇਹਨਾਂ ਦੇ ਉਚਾਰਣ ਤੋਂ ਮੂੰਹ ਮੋੜੀ ਬੈਠੇ ਹਨ। ਇਸ ਪੜਾਅ 'ਤੇ ਵੀ ਬੜੀ ਸਾਵਧਾਨੀ ਦੀ ਲੋੜ ਹੈ ਕਿ ਪਹਿਲੇ ਵਰਗੀ ਗ਼ਲਤੀ ਹੁਣ ਹਰਗਿਜ਼ ਨਾ ਦੁਹਰਾਈ ਜਾਏ।

(ਙ) ਜਦੋਂ ਸੰਸਕ੍ਰਿਤ ਭਾਸ਼ਾ ਦੇ ਪੰਜਾਬੀ ਵਿਚ ਵਰਤੇ ਤਤਸਮ ਸ਼ਬਦਾਂ ਦੇ ਮੂਲਕ-ਅੰਗੀ ਅੰਤਲੇ ਹ੍ਰਸ੍ਵ ਸ੍ਵਰਾਂ ਦੇ ਉਚਾਰਣ ਨੂੰ ਛੱਡ ਦੇਣ ਦੀ ਪੁਸ਼ਟੀ ਵਿਚ ਕੋਈ ਨਿਗਰ ਦਲੀਲ ਨਹੀਂ ਲੱਭਦੀ ਤਾਂ ਸਾਡੇ ਵੀਰ ਫ਼ਾਰਸੀ ਭਾਸ਼ਾ ਦੇ ਗੁਰਬਾਣੀ ਵਿਚ ਵਰਤੇ ਸ਼ਬਦਾਂ ਦੀ ਗੱਲ ਛੇੜਦੇ ਹਨ। ਉਹ ਦਲੀਲ ਦਿੰਦੇ ਹਨ :

> "ਉਮਤਿ, ਅਕਲਿ, ਇਲਤਿ, ਮਸੀਤਿ, ਆਦਿ ਸ਼ਬਦਾਂ ਦਾ ਅਰਬੀ/ ਫ਼ਾਰਸੀ ਬੋਲੀ ਵਿਚ ਉਚਾਰਣ 'ਉਮਤ', 'ਅਕਲ', 'ਇਲਤ' ਅਤੇ 'ਮਸੀਤ' ਹੈ, ਭਾਵ ਉਸ ਭਾਸ਼ਾ

ਵਿਚ ਇਹਨਾਂ ਦੇ ਅੰਤ ਵਿਚ ਕੋਈ ਸੁਰ ਨਹੀਂ, ਤਾਂ ਤੇ ਅਰਬੀ/ ਫ਼ਾਰਸੀ ਦੇ ਤਤਸਮ ਸ਼ਬਦਾਂ ਨੂੰ ਤਦ-ਭਵ ਰੂਪ ਵਿਚ ਵਰਤੇ ਪਦਾਂ ਦੇ ਉਚਾਰਣ ਨਾਲ ਮੇਲਣਾ ਨਾ ਹੀ ਉਚਿਤ ਹੈ ਅਤੇ ਨਾ ਹੀ ਕਿਸੇ ਵਿਦਿਆ ਵਿਦਵਤਾ ਦਾ ਚਮਤਕਾਰ।"

*(ਜਵਾਬ-ਉਲ-ਜਵਾਬ, ਪੰਨਾ ੧੨੮)*

ਏਥੇ ਵੀ ਸਾਡੇ ਵੀਰ ਟਪਲਾ ਖਾਂਦੇ ਹਨ। ਗੁਰਬਾਣੀ ਵਿਚ ਵਰਤੇ ਅਰਬੀ/ ਫ਼ਾਰਸੀ ਦੇ ਸ਼ਬਦ ਉਮਤਿ, ਅਕਲਿ, ਇਲਤਿ ਅਤੇ ਮਸੀਤਿ ਆਪਣੇ ਤਤਸਮ ਰੂਪ ਵਿਚ ਨਹੀਂ, ਸਗੋਂ ਏਥੇ ਇਹ ਉਹਨਾਂ ਦਾ ਤਦ-ਭਵ ਰੂਪ ਹੈ। ਅਰਬੀ/ ਫ਼ਾਰਸੀ ਵਿਚ ਇਹ ਸਾਰੇ ਸ਼ਬਦ ਮੁਕਤਾ-ਅੰਤਿਕ ਹਨ, ਪਰ ਗੁਰਬਾਣੀ ਵਿਚ ਇਹਨਾਂ ਸਾਰਿਆਂ ਦੇ ਅੰਤ ਵਿਚ ਇਸਤ੍ਰੀ-ਲਿੰਗ-ਵਾਚੀ ਸਿਹਾਰੀ ਲਾਈ ਹੋਈ ਹੈ, ਜਿਸ ਨੂੰ ਉਚਾਰਣ ਵਿਚ ਛੱਡ ਜਾਣਾ ਗ਼ਲਤੀ ਹੈ।

ਏਸੇ ਤਰ੍ਹਾਂ ਅਰਬੀ/ ਫ਼ਾਰਸੀ ਦੇ ਸ਼ਬਦ ਸਜਾ, ਸਨਾ, ਰਜਾ, ਬਲਾ ਅਤੇ ਦੁਆ ਗੁਰਬਾਣੀ ਵਿਚ ਆਪਣੇ ਤਤਸਮ ਰੂਪ ਵਿਚ ਕਿਧਰੇ ਨਹੀਂ ਮਿਲਦੇ, ਸਗੋਂ ਇਹਨਾਂ ਨੂੰ ਤਦ-ਭਵ ਰੂਪ ਸਜਾਇ, ਸਨਾਇ, ਰਜਾਇ, ਬਲਾਇ, ਦੁਆਇ ਰੂਪ ਵਿਚ ਵਰਤਿਆ ਮਿਲਦਾ ਹੈ।

ਏਥੇ ਸਵਾਲ ਹੈ ਕਿ ਜੇ ਸਜਾਇ, ਸਨਾਇ, ਰਜਾਇ, ਬਲਾਇ, ਦੁਆਇ ਸ਼ਬਦਾਂ ਦਾ ਅੰਤਲਾ ਹ੍ਰਸ੍ਵ ਸੁਰ 'ਇ' ਉਚਾਰਣ ਦਾ ਭਾਗ ਬਣਦਾ ਹੈ ਤਾਂ ਫਿਰ ਉਮਤਿ, ਅਕਲਿ, ਇਲਤਿ ਅਤੇ ਮਸੀਤਿ ਸ਼ਬਦਾਂ ਦੇ ਅੰਤਲੇ ਵਿਅੰਜਨ ਅੱਖਰਾਂ ਨਾਲ ਵਰਤਿਆ ਇਹ (ਿ) ਹ੍ਰਸ੍ਵ ਸੁਰ ਉਚਾਰਣ ਦਾ ਭਾਗ ਕਿਉਂ ਨਹੀਂ ਬਣਦਾ?

(ਚ) ਗੁਰਬਾਣੀ ਵਿਚ ਕਈ ਪੁਲਿੰਗ, ਵਿਸ਼ੇਸ਼ਣ-ਸ਼ਬਦਾਂ ਦੇ ਅੰਤਲੇ ਅੱਖਰ ਨੂੰ ਇਸਤ੍ਰੀ-ਲਿੰਗ-ਵਾਚੀ ਸਿਹਾਰੀ ਲਾ ਕੇ ਇਸਤ੍ਰੀ-ਲਿੰਗ ਸ਼ਬਦ ਬਣਾਇਆ ਮਿਲਦਾ ਹੈ:

(i) ਤੂੰ ਸਤਵੰਤੀ ਤੂੰ 'ਪਰਧਾਨਿ'॥੩॥੫੨॥ *(੩੮੪)*

(ii) ਪਹਿਲੀ 'ਕਰੂਪਿ', ਕੁਜਾਤਿ, ਕੁਲਖਨੀ ਸਾਹੁਰੈ ਪੇਈਐ ਬੁਰੀ॥
ਅਬ ਕੀ 'ਸਰੂਪਿ' 'ਸੁਜਾਨਿ' ਸੁਲਖਨੀ ਸਹਜੇ ਉਦਰਿ ਧਰੀ॥੧॥੨॥੩੨॥ *(੪੮੩)*

(i) ਪਰਧਾਨ ਤੋਂ ਪਰਧਾਨਿ

(ii) ਕੁਰੂਪ ਤੋਂ ਕੁਰੂਪਿ
ਸਰੂਪ ਤੋਂ ਸਰੂਪਿ
ਸੁਜਾਨ ਤੋਂ ਸੁਜਾਨਿ

ਅਜਿਹੇ ਕੁਝ ਹੋਰ ਸ਼ਬਦ ਥੱਲੇ ਦਿੱਤੇ ਜਾਂਦੇ ਹਨ:

ਕੂੜਿਆਰ ਤੋਂ ਕੂੜਿਆਰਿ
ਸੁੰਦਰ ਤੋਂ ਸੁੰਦਰਿ
ਚੰਚਲ ਤੋਂ ਚੰਚਲਿ
ਸੇਵਕ ਤੋਂ ਸੇਵਕਿ
ਬਾਵਲ ਤੋਂ ਬਾਵਲਿ
ਚੇਰ ਤੋਂ ਚੇਰਿ

***ਨੋਟ:*** ਉਪ੍ਰੋਕਤ ਸ਼ਬਦ ਜਦੋਂ ਕਿਸੇ ਨਾਂਵ ਜਾਂ ਪੜਨਾਂਵ ਨਾਲ ਆਉਂਦੇ ਹਨ ਤਾਂ ਵਿਸ਼ੇਸ਼ਣ ਹੁੰਦੇ ਹਨ, ਪਰ ਜਦੋਂ ਇਕੱਲੇ ਹੀ ਆਉਂਦੇ ਹਨ ਤਾਂ ਨਾਂਵ ਵਜੋਂ ਵਰਤੇ ਹੁੰਦੇ ਹਨ।

ਉਪ੍ਰੋਕਤ ਸ਼ਬਦਾਂ ਦੇ ਪੁਲਿੰਗ ਰੂਪ ਅਤੇ ਇਸਤ੍ਰੀ-ਲਿੰਗ ਰੂਪ ਦੀ ਬਣਤਰ ਵਿਚ ਫ਼ਰਕ ਹੈ, ਫਿਰ ਉਚਾਰਣ ਕਿਵੇਂ ਇਕਸਾਰ ਹੋ ਸਕਦਾ ਹੈ?

(ਛ) ਅੰਤਲੇ ਮੂਲਕ-ਅੰਗੀ-ਸੁਰਾਂ ਦੇ ਅਧਾਰ 'ਤੇ ਪੰਜਾਬੀ ਭਾਸ਼ਾ ਦੇ ਸ਼ਬਦ ਹੇਠ ਲਿਖੀਆਂ ਸ਼੍ਰੇਣੀਆਂ ਦੇ ਹਨ:

| ***ਸ਼ਬਦ ਸ਼੍ਰੇਣੀ*** | ***ਪੁਲਿੰਗ ਸ਼ਬਦ*** | ***ਇਸਤ੍ਰੀ-ਲਿੰਗ ਸ਼ਬਦ*** |
|---|---|---|
| ਮੁਕਤਾ-ਅੰਤਿਕ ਸ਼ਬਦ | ਸੰਤ, ਸਿਖ, ਭਗਤ, ਪ੍ਰਭ | ਚਾਲ, ਆਸ, ਘਾਲ |
| ਕੰਨਾ-ਅੰਤਿਕ ਸ਼ਬਦ | ਤਾਰਾ, ਗੁਰਦੁਆਰਾ, ਰਾਜਾ | ਵਿਦਿਆ, ਨਿੰਦਾ, ਰਸਨਾ, ਜਿਹਬਾ |
| ਸਿਹਾਰੀ-ਅੰਤਿਕ ਸ਼ਬਦ | ਰਵਿ, ਸਸਿ, ਸਤਿ, ਹਸਤਿ, ਹਰਿ | ਮਤਿ, ਅਗਨਿ, ਪਤਿ, ਦਾਤਿ |
| ਬਿਹਾਰੀ-ਅੰਤਿਕ ਸ਼ਬਦ | ਪਾਣੀ, ਸੁਆਮੀ | ਰੋਟੀ, ਬਾਣੀ, ਗਲੀ, ਸਖੀ |
| ਔਂਕੜ-ਅੰਤਿਕ ਸ਼ਬਦ | ਪਸੁ, ਅਸੁ | ਖਾਕੁ, ਰਤੁ, ਮਲੁ, ਖੰਡ |
| ਦੁਲੈਂਕੜੇ-ਅੰਤਿਕ ਸ਼ਬਦ | ਚਟੂ, ਲਾਟੂ, ਮਖਟੂ | |

ਗੁਰਬਾਣੀ ਵਿਚ ਕਾਵਿ-ਤੋਲ ਨੂੰ ਪੂਰਾ ਰੱਖਣ ਲਈ ਕਿਧਰੇ ਕਿਸੇ ਸ਼ਬਦ ਦੇ ਅੰਤਲੇ ਮੂਲਕ-ਅੰਗੀ ਹ੍ਰਸ੍ਵ ਸੁਰ ਨੂੰ ਦੀਰਘ ਅਤੇ ਕਿਧਰੇ ਕਿਸੇ ਮੂਲਕ-ਅੰਗੀ ਦੀਰਘ ਸੁਰ ਨੂੰ ਹ੍ਰਸ੍ਵ ਕੀਤਾ ਮਿਲਦਾ ਹੈ ਅਤੇ ਅਜਿਹਾ ਕੀਤੇ ਜਾਣ ਦੇ ਬਾਵਜੂਦ ਸੰਬੰਧਤ ਸ਼ਬਦ ਦੇ ਲਿੰਗ ਜਾਂ ਵਚਨ ਵਿਚ ਕੋਈ ਫ਼ਰਕ ਨਹੀਂ ਪੈਂਦਾ। ਗੁਰਬਾਣੀ ਵਿਚੋਂ ਕੁਝ ਕੁ ਉਦਾਹਰਣਾਂ ਟੂਕ ਵਜੋਂ ਥੱਲੇ ਦਿੱਤੀਆਂ ਜਾਂਦੀਆਂ ਹਨ:

### ਹ੍ਰਸ੍ਵ ਸੁਰ ਤੋਂ ਦੀਰਘ

1. ਭਗਤਾ ਕੀ ਚਾਲ ਨਿਰਾਲੀ॥
   'ਚਾਲਾ' ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥੧੪॥ *(੯੧੮)*
   ਮੁਕਤਾ-ਅੰਤਿਕ ਇਸਤ੍ਰੀ-ਲਿੰਗ ਸ਼ਬਦ 'ਚਾਲ' ਤੋਂ 'ਚਾਲਾ'।
2. ਰਾਮ ਰਸਾਇਣੁ ਜਿਨ੍ਹ ਗੁਰਮਤਿ ਪਾਇਆ
   ਤਿਨ੍ਹ ਕੀ ਊਤਮ 'ਬਾਤਾ'॥੪॥੨॥ *(੯੮੪)*
   ਮੁਕਤਾ-ਅੰਤਿਕ ਇਸਤ੍ਰੀ-ਲਿੰਗ ਸ਼ਬਦ 'ਬਾਤ' ਤੋਂ 'ਬਾਤਾ'।
3. ਸਾਧ ਸੰਗਤਿ ਹੋਇ 'ਨਿਰਮਲਾ' ਕਟੀਐ ਜਮ ਕੀ ਫਾਸ॥੩,੭੭॥ *(੪੪)*
   ਮੁਕਤਾ-ਅੰਤਿਕ ਵਿਸ਼ੇਸ਼ਣ 'ਨਿਰਮਲ' ਤੋਂ 'ਨਿਰਮਲਾ'।

### ਦੀਰਘ ਸੁਰ ਤੋਂ ਹ੍ਰਸ੍ਵ

1. ਮਾਤ ਪਿਤਾ 'ਸੁਆਮਿ' ਸਜਣੁ ਸਭੁ ਜਗਤੁ ਬਾਲ ਗੋਪਾਲਾ॥੨॥੩॥ *(੫੭੮)*
   ਬਿਹਾਰੀ-ਅੰਤਿਕ ਪੁਲਿੰਗ ਸ਼ਬਦ 'ਸੁਆਮੀ' ਤੋਂ 'ਸੁਆਮਿ'।
2. ਜੇ ਤੂੰ ਤਾਰੂ 'ਪਾਣਿ' ਤਾਹੂ ਪੁਛੁ ਤਿੜੰਨ ਕਲ॥੩॥ *(੧੪੧੦)*
   ਬਿਹਾਰੀ-ਅੰਤਿਕ ਪੁਲਿੰਗ ਸ਼ਬਦ 'ਪਾਣੀ' ਤੋਂ 'ਪਾਣਿ'।
3. ਮੇਟੀ ਜਾਤਿ ਹੂਏ 'ਦਰਬਾਰਿ'॥੩,੧॥ *(੮੭੫)*
   ਬਿਹਾਰੀ-ਅੰਤਿਕ, ਪੁਲਿੰਗ ਸ਼ਬਦ 'ਦਰਬਾਰੀ' ਤੋਂ 'ਦਰਬਾਰਿ'।

4. ਮਹਾ 'ਦਾਨਿ' ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ॥੭॥ (੧੪੦੭)
ਬਿਹਾਰੀ-ਅੰਤਿਕ, ਪੁਲਿੰਗ ਸ਼ਬਦ 'ਦਾਨੀ' ਤੋਂ 'ਦਾਨਿ'।

ਏਥੇ ਫਿਰ ਇਕ ਸੁਆਲ ਸਾਡੇ ਸਾਮ੍ਹਣੇ ਆ ਖਲੋਂਦਾ ਹੈ ਕਿ ਜੇ ਹ੍ਰਸ੍ਵ ਤੋਂ ਦੀਰਘ ਕੀਤੇ ਸ੍ਵਰ ਉਚਾਰਣ ਦਾ ਭਾਗ ਬਣਦੇ ਹਨ ਤਾਂ ਫਿਰ ਦੀਰਘ ਤੋਂ ਹ੍ਰਸ੍ਵ ਕੀਤੇ ਸ੍ਵਰ ਕਿਉਂ ਨਹੀਂ, ਜਦ ਕਿ ਉਹ ਮੂਲ-ਲਿਖਤ ਦਾ ਭਾਗ ਹਨ ਅਤੇ ਉਹਨਾਂ ਦੇ ਉਚਾਰਣ ਨਾਲ ਸਰੋਤਿਆਂ ਨੂੰ ਮੂਲ-ਸ਼ਬਦ ਦੀ ਗਿਆਤ ਹੁੰਦੀ ਹੈ?

(ਜ) 'ਹੀ', 'ਹੂ' ਅਤੇ 'ਭੀ' ਤਾਕੀਦ-ਵਾਚੀ ਕ੍ਰਿਆ-ਵਿਸ਼ੇਸ਼ਣ ਪਦ ਹਨ, ਜੋ ਨਾਂਵ, ਪੜਨਾਂਵ, ਵਿਸ਼ੇਸ਼ਣ, ਕ੍ਰਿਆ-ਵਿਸ਼ੇਸ਼ਣ ਆਦਿ ਸ਼ਬਦਾਂ ਨਾਲ ਵਖਰੇ ਰੂਪ ਵਿਚ ਵੀ ਆਉਂਦੇ ਹਨ ਅਤੇ ਸੰਮਿਲਤ ਰੂਪ ਵਿਚ ਵੀ। ਇਹ ਤਿੰਨੇ ਪਦ ਮੂਲਕ ਰੂਪ ਵਿਚ ਦੀਰਘ-ਸ੍ਵਰੀ ਹਨ। ਗੁਰਬਾਣੀ ਵਿਚ ਜਿਥੇ ਇਹ ਆਪਣੇ ਮੂਲਕ ਦੀਰਘ-ਸ੍ਵਰੀ ਰੂਪ ਵਿਚ ਵਰਤੇ ਹੋਏ ਹਨ, ਓਥੇ ਕਿਧਰੇ ਕਿਧਰੇ ਇਹਨਾਂ ਦੇ ਅੰਤਲੇ ਦੀਰਘ ਸ੍ਵਰ ਨੂੰ ਕਾਵਿ-ਤੋਲ ਪੂਰਾ ਰਖਣ ਲਈ ਹ੍ਰਸ੍ਵ ਵੀ ਕੀਤਾ ਹੋਇਆ ਹੈ:

(i) ਆਦਿ ਸਚੁ ਜੁਗਾਦਿ ਸਚੁ॥
ਹੈ 'ਭਿ' ਸਚੁ ਨਾਨਕ ਹੋਸੀ 'ਭਿ' ਸਚੁ॥੧॥੧੭॥ (੨੮੫)
[ਭੀ ਤੋਂ ਭਿ]

(ii) ਜਹ ਜਹ ਪੇਖਉ ਤਹ ਹਜੂਰਿ ਦੂਰਿ 'ਕਤਹੁ' ਨ ਜਾਈ॥੧॥੨੭॥ (੬੭੭)
[ਕਤਹੂ ਤੋਂ ਕਤਹੁ]

(iii) ਨਾਨਕ ਪੂਰਾ ਤੋਲੁ ਹੈ 'ਕਬਹੁ' ਨ ਹੋਵੈ ਘਾਟਿ॥੧,੧॥ (੧੦੮੭)
[ਕਬਹੂ ਤੋਂ ਕਬਹੁ]

(iv) ਆਇ ਪਰੇ ਧਰਮ ਰਾਇ ਕੈ 'ਬੀਚਹਿ' ਧੂਮਾ ਧਾਮ॥੧੪੨॥ (੧੩੭੨)
[ਬੀਚਹੀ ਤੋਂ ਬੀਚਹਿ]

(v) ਨਾਨਕ ਨਦਰੀ ਬਾਹਰੇ 'ਕਬਹਿ' ਨ ਪਾਵਹਿ ਮਾਨੁ॥ ਸ. ੨, ੧੩ (੭੮੯)
[ਕਬਹੀ ਤੋਂ ਕਬਹਿ]

ਉਪ੍ਰੋਕਤ ਦਰਸਾਏ ਸ਼ਬਦਾਂ ਵਿਚ ਕ੍ਰਿਆ-ਵਿਸ਼ੇਸ਼ਣ ਪਦ 'ਭੀ', 'ਹੂ' ਅਤੇ 'ਹੀ' ਦਾ ਅੰਤਲਾ ਦੀਰਘ ਸ੍ਵਰ ਤਾਂ ਕਾਵਿ-ਤੋਲ ਅਧੀਨ ਹ੍ਰਸ੍ਵ ਸ੍ਵਰ ਵਿਚ ਬਦਲਿਆ ਹੈ ਅਤੇ ਬਾਣੀ ਦੇ ਰਚਣਹਾਰ ਸਤਿਗੁਰਾਂ ਨੇ ਆਪ ਅਜਿਹਾ ਕੀਤਾ ਹੈ। ਹੁਣ ਅੰਤਲੇ ਹ੍ਰਸ੍ਵ ਸ੍ਵਰ ਨੂੰ ਉਚਾਰਣ ਵਿਚ ਛਡਿਆ ਕਿਸ ਦੇ ਹੁਕਮ ਅਧੀਨ ਜਾਣਾ ਹੈ?

(ਝ) 'ਹ' ਅੱਖਰ ਵਿਅੰਜਨ ਅੱਖਰਾਂ ਦੀ ਸ਼੍ਰੇਣੀ ਵਿਚੋਂ ਹੈ, ਇਸ ਦੀ ਕੰਠ-ਦੁਆਰੀ, ਨਾਦੀ ਧੁਨੀ ਹੈ। ਪਰ ਉਚਾਰਣ ਪੱਖੋਂ ਇਸ ਦੀ ਸ੍ਵਰ ਅੱਖਰਾਂ ਨਾਲ ਵੀ ਸਾਂਝ ਹੈ। ਸ੍ਵਰ ਅੱਖਰ ੳ, ਅ, ੲ ਵਾਂਗ ਵਿਅੰਜਨ 'ਹ' ਦੇ ਉਚਾਰਣ ਵਿਚ ਵੀ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਹੀਂ ਕਰਦੇ ਅਤੇ ਸਾਹ ਬਗੈਰ ਕਿਸੇ ਰੁਕਾਵਟ ਦੇ ਕੰਠ ਅਤੇ ਮੂੰਹ ਥਾਣੀ ਪੂਰੇ ਵੇਗ ਸਹਿਤ ਲੰਘ ਜਾਂਦਾ ਹੈ। ਗੁਰਬਾਣੀ ਵਿਚ ਕੁਝ ਕੁ ਥਾਵੇਂ ਵਿਅੰਜਨ 'ਹ' ਅਤੇ ਸ੍ਵਰ ੳ, ੲ ਕਾਵਿ-ਤੋਲ ਨੂੰ ਪੂਰਾ ਰਖਣ ਲਈ ਇਕ ਦੂਜੇ ਦੇ ਬਦਲ ਵਿਚ ਵਰਤੇ ਮਿਲਦੇ ਹਨ, ਜਿਵੇਂ:

**'ਹ' ਦੇ ਬਦਲ ਵਿਚ 'ੲ'/'ੲ' ਦੇ ਥਾਵੇਂ 'ਹ'**

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ 'ਤੋਇ'॥ (੧੨)
'ਤੋਹਿ' ਦੀ ਥਾਵੇਂ 'ਤੋਇ'।
'ਕਾਇ' ਜਪਹੁ ਰੇ 'ਕਾਇ' ਤਪਹੁ ਰੇ 'ਕਾਇ' ਬਿਲੋਵਹੁ ਪਾਣੀ॥੩॥੧॥ (੫੨੬)
'ਕਾਹਿ' ਦੀ ਥਾਵੇਂ 'ਕਾਇ' (ਤਿੰਨ ਵਾਰੀ)।

**'ਹ' ਦੀ ਬਦਲ ਵਿਚ 'ੳ'/'ੳ' ਦੀ ਥਾਵੇਂ 'ਹ'**

ਸਤਗੁਰੁ ਸੇਵਿ ਖਰਚੁ ਹਰਿ 'ਬਾਧਉ' ਮਤ ਜਾਣਹੁ ਆਜੁ ਕਿ ਕਾਲੀ॥੨॥੪॥
'ਬਾਧਹੁ' ਦੀ ਥਾਵੇਂ 'ਬਾਧਉ'। (੬੬੭)
ਨੰਨਾਕਾਰੁ ਨ ਹੋਤਾ ਤਾ 'ਕਹੁ'॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ 'ਕਹੁ'॥੨੬॥
'ਕਉ' ਦੀ ਥਾਵੇਂ 'ਕਹੁ' (ਦੋਵੇਂ ਵਾਰੀ)। (੨੫੭)

*ਨੋਟ:* 'ਤੋਹਿ' ਦੀ ਥਾਵੇਂ 'ਤੋਇ' ਜਾਂ 'ਕਉ' ਦੀ ਥਾਵੇਂ 'ਕਹੁ' ਵਰਤੇ ਜਾਣ ਦਾ ਇਹ ਭਾਵ ਹਰਗਿਜ਼ ਨਹੀਂ ਕਿ 'ਹਿ' ਅਤੇ 'ਇ' ਜਾਂ 'ਉ' ਅਤੇ 'ਹੁ' ਦੀ ਧੁਨੀ ਇਕ ਹੀ ਹੈ। ਅਸਲ ਗੱਲ ਇਹ ਹੈ ਕਿ 'ਹ' ਅੱਖਰ ਦੀ ਸੁਰ ਅੱਖਰਾਂ ਨਾਲ ਉਚਾਰਣ ਦੀ ਸਾਂਝ ਹੋਣ ਦੇ ਬਾਵਜੂਦ, ਉਚਾਰਣ-ਤਲ ਵਖਰਾ ਹੋਣ ਕਾਰਨ ਇਹਨਾਂ ਦੀ ਧੁਨੀ ਇਕ ਨਹੀਂ ਹੋ ਸਕਦੀ। 'ਹ' ਦੀ ਧੁਨੀ ਦਾ ਭਾਰਾਪਨ (ਪ੍ਰਾਣਤਾ) ਇਸ ਨੂੰ ਸੁਰਾਂ ਦੀ ਧੁਨੀ ਤੋਂ ਨਿਖੇੜਦਾ ਹੈ।

ਕਈ ਸਾਡੇ ਵੀਰ ਅੰਤਲੇ ਸੁਰ-ਅੱਖਰ 'ੳ' ਅਤੇ 'ੲ' ਨੂੰ ਲਗੀਆਂ ਹ੍ਰਸ੍ਵ ਧੁਨੀ ਵਾਲੀਆਂ ਮਾਤ੍ਰਾਂ ਔਂਕੜ ( ੁ) ਅਤੇ ਸਿਹਾਰੀ (ਿ) ਦਾ ਉਚਾਰਣ ਤਾਂ ਸਾਰੀਆਂ ਥਾਵਾਂ 'ਤੇ ਕਰਦੇ ਹਨ, ਪਰ 'ਹ' ਅੱਖਰ ਨੂੰ ਲਗੀਆਂ ਇਹਨਾਂ ਮਾਤ੍ਰਾਂ ਦਾ ਉਚਾਰਣ ਜਿਥੇ ਮਰਜ਼ੀ ਹੋਵੇ ਕਰ ਲੈਂਦੇ ਹਨ, ਜਿਥੇ ਮਰਜ਼ੀ ਹੋਵੇ ਛੱਡ ਜਾਂਦੇ ਹਨ। ਜੇ ਉਹ ਕਹੁ (ਆਖ), ਸਹੁ (ਸਹਨ ਕਰ) ਸ਼ਬਦਾਂ ਦੇ ਅੰਤਲੇ ਔਂਕੜ ਦਾ ਉਚਾਰਣ ਕਰ ਸਕਦੇ ਹਨ ਤਾਂ ਸਹੁ (ਮਾਲਕ), ਨੇਹੁ (ਪਿਆਰ), ਅਲਹੁ (ਵਾਹਿਗੁਰੂ) ਆਦਿ ਸ਼ਬਦਾਂ ਦਾ, ਅੰਤਲੇ ਔਂਕੜ ਦਾ ਉਚਾਰਣ ਕਿਉਂ ਛੱਡ ਜਾਂਦੇ ਹਨ?

ਇਸੇ ਤਰ੍ਹਾਂ ਹੀ ਜੇ ਉਹ ਕਹਿ (ਆਖ ਕੇ), ਸਹਿ (ਸਹਨ ਕਰ ਕੇ), ਮਹਿ (ਵਿਚ), ਕਾਹਿ (ਕਿਉਂ), ਵਾਹਿ (ਗੁਰੂ), ਮੋਹਿ (ਮੈਨੂੰ), ਆਦਿ ਸ਼ਬਦਾਂ ਦੀ ਅੰਤਲੀ ਸਿਹਾਰੀ (ਿ) ਦਾ ਉਚਾਰਣ ਕਰ ਸਕਦੇ ਹਨ ਤਾਂ ਫਿਰ ਸਹਿ (ਮਾਲਕ ਨੇ), ਅਲਹਿ (ਅਲਹ ਨੇ), ਸਾਹਿ ਸਾਹਿ (ਸੁਾਸ ਸੁਾਸ), ਮੋਹਿ (ਮੋਹ ਵਿਚ), ਆਦਿ ਸ਼ਬਦਾਂ ਦੀ ਅੰਤਲੀ ਸਿਹਾਰੀ ਦਾ ਉਚਾਰਣ ਕਿਉਂ ਛੱਡ ਜਾਂਦੇ ਹਨ?

ਸਿਧਾਂਤਕ ਬਲ ਤੋਂ ਵਿਰਵੀ ਮਨ-ਮਰਜ਼ੀ ਨੂੰ ਹੀ ਧੀਂਗਾ-ਮਸਤੀ ਆਖਦੇ ਹਨ ਅਤੇ ਇਹ ਇਸ ਉਚਾਰਣ ਦੇ ਮਸਲੇ ਸੰਬੰਧੀ ਕਈ ਉਲਝਣਾਂ ਖੜੀਆਂ ਕਰ ਸਕਦੀ ਹੈ, ਸਾਵਧਾਨੀ ਦੀ ਲੋੜ ਹੈ।

(ਵ) ਗੁਰਬਾਣੀ ਵਿਚ ਲਹਿੰਦੀ ਪੰਜਾਬੀ ਦੇ ਬੇਅੰਤ ਸ਼ਬਦ ਹਨ। ਲਹਿੰਦੀ ਬੋਲੀ ਵਿਚ

ਭੂਤ ਕਾਲ ਦੀਆਂ ਕਿਰਿਆਵਾਂ ਦੇ ਅੰਤ ਵਿਚ ਪੜਨਾਵੀਂ ਪਿਛੇਤਰ ਲਾਉਣ ਦਾ ਰਿਵਾਜ ਹੈ। ਗੁਰਬਾਣੀ ਵਿਚ ਭੂਤ ਕਾਲ ਦੀਆਂ ਕਿਰਿਆਵਾਂ ਦੇ ਅੰਤ ਵਿਚ ਹੇਠ ਲਿਖੇ ਪੜਨਾਵੀਂ-ਪਿਛੇਤਰਾਂ ਦੀ ਵਰਤੋਂ ਕੀਤੀ ਮਿਲਦੀ ਹੈ:

ਮੁ, ਹੁ, ਹਿ, ਸੁ, ਨੁ।

**ਮੁ**—ਇਹ ਪੜਨਾਵੀਂ-ਪਿਛੇਤਰ ਉਤਮ ਪੁਰਖ ਇਕ-ਵਚਨ ਦਾ ਵਾਚਕ ਹੈ, ਜਿਵੇਂ:

1. ਬਨਿ ਭੀਹਾਵਲੈ ਹਿਕੁ ਸਾਥੀ 'ਲਧਮੁ' ਦੁਖ ਹਰਤਾ ਹਰਿ ਨਾਮਾ॥ *(੫੧੯)*
2. ਤੈਡੈ ਸਿਮਰਣਿ ਹਭੁ ਕਿਛੁ 'ਲਧਮੁ' ਬਿਖਮੁ ਨ 'ਡਿਠਮੁ' ਕੋਈ॥ *(੫੨੦)*
3. 'ਢੰਢੋਲਿਮੁ' 'ਢੂਢਿਮੁ' ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥ *(੧੩੮)*
4. ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ 'ਤਾਰਿਅਮੁ'॥ *(੭੧੦)*

ਲਧਮੁ—ਮੈਂ ਲਭਾ। ਡਿਠਮੁ—ਮੈਂ ਦੇਖਿਆ।
ਢੰਢੋਲਿਮੁ—ਮੈਂ ਢੰਢੋਲਿਆ। ਢੂਢਿਮੁ—ਮੈਂ ਢੂੰਢਿਆ।
ਤਾਰਿਅਮੁ—ਮੈਨੂੰ ਤਾਰਿਆ।

**ਹੁ**—ਇਹ ਨਾਸਕੀ ਧੁਨੀ ਵਾਲਾ ਪੜਨਾਵੀਂ-ਪਿਛੇਤਰ ਮਧਮ ਪੁਰਖ, ਇਕ-ਵਚਨ ਦਾ ਵਾਚਕ ਹੈ, ਜਿਵੇਂ:

1. 'ਬਧੋਹੁ' ਪੁਰਖਿ ਬਿਧਾਤੈ ਤਾਂ ਤੂ ਸੋਹਿਆ॥੧੦॥ *(੧੩੬੨)*
2. ਤਤੈ ਤਾਮਸਿ 'ਜਲਿਓਹੁ' ਮੂੜੇ ਥਥੈ ਥਾਨੁ ਭਰਿਸਟੁ ਹੋਆ॥੯॥ *(੪੩੫)*

ਬਧੋਹੁ—ਤੂੰ ਬਧਾ ਗਿਆ।
ਜਲਿਓਹੁ—ਤੂੰ ਜਲਿਆ।

**ਹਿ**—ਇਹ ਨਾਸਕੀ ਧੁਨੀ ਵਾਲਾ ਪੜਨਾਵੀਂ-ਪਿਛੇਤਰ ਮਧਮ ਪੁਰਖ ਇਕ-ਵਚਨ ਦਾ ਵਾਚਕ ਹੈ, ਜਿਵੇਂ:

1. ਹੰਸੁ ਚਲਿਆ ਤੂੰ ਪਿਛੈ 'ਰਹੀਏਹਿ' ਛੁਟੜਿ 'ਹੋਈਅਹਿ' ਨਾਰੀ॥੨॥੧੩॥ *(੧੫੫)*
2. ਕੈ ਦੋਖੜੈ 'ਸੜਿਓਹਿ' ਕਾਲੀ ਹੋਈਆ ਦੇਹੁਰੀ..... ॥੩੦॥ *(੧੪੧੨)*

ਰਹੀਏਹਿ—ਤੂੰ ਰਹਿ ਗਈ ਏਂ।
ਹੋਈਅਹਿ—ਤੂੰ ਹੋ ਗਈ ਏਂ।
ਸੜਿਓਹਿ—ਤੂੰ ਸੜ ਗਿਆ ਏਂ।

**ਇ**—ਇਹ ਪੜਨਾਵੀਂ-ਪਿਛੇਤਰ 'ਈ' ਦਾ ਬਦਲ ਹੈ ਅਤੇ ਮਧਮ ਪੁਰਖ ਇਕ-ਵਚਨ ਦਾ ਸੂਚਕ ਹੈ, ਜਿਵੇਂ:

1. ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ 'ਪਾਇਓਇ'॥
   ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ 'ਆਇਓਇ'॥੪॥੯੨॥ *(੫੦)*

ਪਾਇਓਇ—(ਪਾਇਓਈ) ਤੂੰ ਪਾਇਆ ਏ।
ਆਇਓਇ—(ਆਇਓਈ) ਤੇਰਾ ਆਇਆ ਏ।

**ਸੁ**—ਇਹ ਪੜਨਾਵੀਂ-ਪਿਛੇਤਰ ਅਨ-ਪੁਰਖ ਇਕ-ਵਚਨ ਦਾ ਵਾਚਕ ਹੈ, ਜਿਵੇਂ:

1. ਜਾਂ 'ਸੁਧੋਸੁ' ਤਾਂ ਲਹਣਾ ਟਿਕਿਓਨੁ॥੪॥ *(੯੬੭)*
2. ਸਹਿ ਟਿਕਾ 'ਦਿਤੋਸੁ' ਜੀਵਦੈ॥੧॥ *(੯੬੬)*

3. ਪੁਤ੍ਰ ਮੀਤ ਧਨੁ ਕਿਛੂ ਨ 'ਰਹਿਓਸੁ'
ਛੋਡਿ ਗਇਆ ਸਭ ਭਾਈ ਸਾਕ ॥੨॥੧੦੪॥ (੮੨੫)
ਸੁਧੋਸੁ—ਉਸ ਨੂੰ ਸੋਧ ਲਇਓ ਸੂ।
ਦਿਤੋਸੁ—ਉਸ ਨੂੰ ਦਿੱਤਾ।
ਨ ਰਹਿਓਸੁ—ਉਸ ਦਾ ਨਾ ਰਹਿਆ।

ਨੁ—ਇਹ ਪੜਨਾਵੀਂ-ਪਿਛੇਤਰ ਅਨ-ਪੁਰਖ ਇਕ-ਵਚਨ ਕਰਤਾ ਕਾਰਕ ਦਾ ਵਾਚਕ ਹੈ, ਜਿਵੇਂ :

1. ਭਗਤਿ ਖਜਾਨਾ 'ਬਖਸਿਓਨੁ' ਹਰਿ ਨਾਮੁ ਨਿਧਾਨੁ ॥੪॥ (੭੮੬)
2. ਜੰਤ ਉਪਾਇ ਵਿਚਿ 'ਪਾਇਅਨੁ' ਕਰਤਾ ਅਲਗੁ ਅਪਾਰੁ ॥੪੯॥ (੯੩੭)
3. ਆਪੇ ਸ੍ਰਿਸਟਿ 'ਉਪਾਈਅਨੁ' ਆਪੇ ਫੁਨਿ ਗੋਈ ॥੭॥ (੭੮੭-੮੮)
4. ਖਾਣਾ ਪੀਣਾ ਪਵਿਤ੍ਰੁ ਹੈ 'ਦਿਤੋਨੁ' ਰਿਜਕੁ ਸੰਬਾਹਿ ॥੩॥੧੮॥ (੪੭੨)
5. ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ 'ਦਿਤੀਨੁ' ਜਿੰਦੁ ॥੩॥੧॥ (੧੩੭)

ਬਖਸਿਓਨੁ—ਉਸ ਨੇ ਬਖ਼ਸ਼ਿਆ ਹੈ। ਪਾਇਅਨੁ—ਉਸ ਨੇ ਪਾਏ ਹਨ।
ਉਪਾਈਅਨੁ—ਉਸ ਨੇ ਉਪਾਈ ਹੈ। ਦਿਤੋਨੁ—ਉਸ ਨੇ ਦਿੱਤਾ ਹੈ।
ਦਿਤੀਨੁ—ਉਸ ਨੇ ਦਿੱਤੀ ਹੈ।

ਉਪ੍ਰੋਕਤ ਸਾਰੀਆਂ ਉਦਾਹਰਣਾਂ ਵਿਚ ਅਸਾਂ ਦੇਖਿਆ ਹੈ ਕਿ ਭੂਤ ਕਾਲ ਦੀਆਂ ਕਿਰਿਆਵਾਂ ਦੇ ਅੰਤ ਵਿਚ ਆਏ ਪੜਨਾਵੀਂ-ਪਿਛੇਤਰ (ਮੁ, ਹੁ, ਹਿ, ਇ, ਸੁ, ਨੁ) ਸਾਰੇ ਦੇ ਸਾਰੇ ਹ੍ਰਸ੍ਵ ਸੁਰਾਂ ਸਹਿਤ ਹਨ। ਇਹਨਾਂ ਪੜਨਾਵੀਂ-ਪਿਛੇਤਰਾਂ ਦਾ, ਇਹਨਾਂ ਨੂੰ ਲਗੇ ਹ੍ਰਸ੍ਵ ਸੁਰਾਂ ਸਹਿਤ, ਉਚਾਰਣ ਕੀਤਿਆਂ ਹੀ ਪਾਠ ਦੇ ਸਰੋਤਿਆਂ ਨੂੰ ਸੰਬੰਧਤ ਪੜਨਾਂਵ ਅਤੇ ਉਸ ਦੇ ਸੰਬੰਧਤ ਪੁਰਖ ਬਾਰੇ ਗਿਆਤ ਹੋ ਸਕਦੀ ਹੈ। ਉਚਾਰਣ ਵਿਚ ਇਹਨਾਂ ਅੰਤਲੇ ਹ੍ਰਸ੍ਵ ਸੁਰਾਂ ਨੂੰ ਛੱਡ ਜਾਣਾ ਆਪਣੇ ਨਾਲ ਤੇ ਸਰੋਤਿਆਂ ਨਾਲ ਸਰਾਸਰ ਬੇਇਨਸਾਫ਼ੀ ਹੈ। ਕਿਰਿਆਵਾਂ ਨਾਲ ਪੜਨਾਵੀਂ-ਪਿਛੇਤਰਾਂ ਦੀ ਵਰਤੋਂ ਲਹਿੰਦੀ ਪੰਜਾਬੀ ਦੀ ਖ਼ਾਸ ਵਿਆਕਰਣਿਕ ਵਿਸ਼ੇਸ਼ਤਾਈ ਹੈ। ਜਿਨ੍ਹਾਂ ਸਜਣਾਂ ਨੂੰ ਮੁਲਤਾਨ, ਝੰਗ, ਮਿੰਟਗੁਮਰੀ, ਬਹਾਵਲਪੁਰ ਆਦਿ ਥਾਵਾਂ ਨਾਲ ਸੰਬੰਧਤ ਵਿਅਕਤੀਆਂ ਨਾਲ ਗੱਲ-ਬਾਤ ਕਰਨ ਦਾ ਕਦੀ ਮੌਕਾ ਮਿਲਿਆ ਹੈ, ਉਹ ਜਾਣਦੇ ਹਨ ਕਿ ਉਹ ਲੋਕ ਆਮ ਬੋਲ-ਚਾਲ ਵਿਚ ਇਹਨਾਂ ਅੰਤਲੇ ਹ੍ਰਸ੍ਵ ਸੁਰਾਂ ਨੂੰ ਉਚਾਰਣ ਦੀ ਪੂਰੀ ਮੁਹਾਰਤ ਰਖਦੇ ਹਨ। ਫਿਰ ਗੁਰਬਾਣੀ ਦੇ ਸ਼ਰਧਾਲੂ ਇਹਨਾਂ ਦੇ ਉਚਾਰਣ ਤੋਂ ਆਕੀ ਕਿਉਂ ਹੋਣ ?

ਏਥੇ ਅੰਤਲੇ ਹ੍ਰਸ੍ਵ ਸੁਰ ਦੇ ਉਚਾਰਣ ਦੀ ਮਹੱਤਤਾ ਦਰਸਾਉਣ ਲਈ ਅਤੇ ਨਾ ਉਚਾਰੇ ਜਾਣ ਦੀ ਹਾਨੀ ਨੂੰ ਉਜਾਗਰ ਕਰਨ ਲਈ ਗੁਰਬਾਣੀ ਵਿਚੋਂ ਟੂਕ ਮਾਤ੍ਰ ਇਕ ਦਿਲਚਸਪ ਉਦਾਹਰਣ ਦਿੱਤੀ ਜਾਂਦੀ ਹੈ :

(i) ਮਨਮੁਖ ਜਮ ਮਗਿ 'ਪਾਈਅਨਿ੍' ਜਿਨ੍ ਦੂਜਾ ਭਾਉ ਪਿਆਰਾ ॥੧੨॥ (੫੧੩)
ਪਾਈਅਨਿ੍—ਪਾਏ ਜਾਂਦੇ ਹਨ।

(ii) ਮੋਹ ਠਗਉਲੀ 'ਪਾਈਅਨੁ' ਬਹੁ ਦੂਜੇ ਭਾਇ ਵਿਕਾਰ ॥੧॥੨੮॥ (੧੨੪੮)
ਪਾਈਅਨੁ—ਉਸ (ਪ੍ਰਭੂ) ਨੇ ਪਾਈ ਹੈ (ਮੋਹ ਠਗਉਲੀ)।

'ਪਾਈਅਨਿ' ਵਰਤਮਾਨ ਕਾਲ, ਅਨ-ਪੁਰਖ, ਪੁਲਿੰਗ, ਬਹੁ-ਵਚਨ ਦੀ ਕਰਮਨੀ-ਵਾਚ ਕਿਰਿਆ ਹੈ ਅਤੇ ਇਸ ਦਾ ਅੰਤਲਾ ਕਿਰਿਆਵੀ-ਪਿਛੇਤਰ 'ਨਿ' ਬਹੁ-ਵਚਨ ਦਾ ਵਾਚਕ ਹੈ, ਜਦ ਕਿ 'ਪਾਈਅਨੁ', ਭੂਤ ਕਾਲ, ਅਨ-ਪੁਰਖ, ਇਸਤ੍ਰੀ-ਲਿੰਗ, ਇਕ-ਵਚਨ ਦੀ ਕਰਤ੍ਰੀ-ਵਾਚ ਕਿਰਿਆ ਹੈ। ਇਸ ਦਾ ਅੰਤਲਾ ਪੜਨਾਵੀਂ ਪਿਛੇਤਰ 'ਨੁ' ਅਨ-ਪੁਰਖ, ਇਕ-ਵਚਨ, ਕਰਤਾ ਕਾਰਕ ਦਾ ਵਾਚਕ ਹੈ। ਪਿਛੇਤਰ-ਚਿੰਨ੍ਹਾਂ 'ਨਿ' ਅਤੇ 'ਨੁ' ਦੇ ਅੰਤਲੇ ਹ੍ਰਸ੍ਵ ਸੁਰ ਸਿਹਾਰੀ ਅਤੇ ਔਂਕੜ ਹੀ ਅਸਲ ਵਿਚ ਉਪ੍ਰੋਕਤ ਦੋਹਾਂ ਕਿਸਮਾਂ ਦੀਆਂ ਕਿਰਿਆਵਾਂ ਦੇ ਅਰਥਾਂ ਦੇ ਨਿਖੇੜਕ ਹਨ ਅਤੇ ਵਖਰੇ ਵਖਰੇ ਤੱਥਾਂ ਦੇ ਪ੍ਰਕਾਸ਼ਕ ਹਨ। ਹੁਣ ਜ਼ਰਾ ਸੋਚੀਏ ਕਿ ਜੇ ਏਨੀ ਮਹੱਤਤਾ ਵਾਲੇ ਇਹਨਾਂ ਅੰਤਲੇ ਹ੍ਰਸ੍ਵ ਸੁਰਾਂ ਦਾ ਉਚਾਰਣ ਹੀ ਛੱਡ ਦਿੱਤਾ ਜਾਵੇ ਤਾਂ ਸਰੋਤਿਆਂ ਨੂੰ ਅਰਥ ਕਿਵੇਂ ਸਪੱਸ਼ਟ ਹੋਣਗੇ ? ਵਿਚਾਰ ਦਾ ਸਾਰ ਸਿੱਟਾ ਇਹ ਹੈ ਕਿ ਅੰਤਲੇ ਹ੍ਰਸ੍ਵ ਸੁਰਾਂ ਦੀਆਂ ਸੰਬੰਧਤ ਧੁਨੀਆਂ ਨੂੰ ਉਚਾਰਣ ਵਿਚ ਨਾ ਉਠਾਅ ਸਕਣ ਦੀ ਕਿਸੇ ਪਾਠੀ ਦੀ ਨਿਜੀ ਕਮਜ਼ੋਰੀ, ਮਜਬੂਰੀ ਜਾਂ ਲਾਪਰਵਾਹੀ ਸੰਬੰਧਤ ਸ਼ਬਦ ਦੇ ਸਹੀ ਅਰਥ ਸਪੱਸ਼ਟਾਉਣ ਦੀ ਬਾਧਕ ਹੋ ਸਕਦੀ ਹੈ। ਇਸ ਸੰਬੰਧ ਵਿਚ ਕਿਸੇ ਦੀ ਨਿਜੀ ਕਮਜ਼ੋਰੀ, ਮਜਬੂਰੀ ਜਾਂ ਲਾਪਰਵਾਹੀ ਤਾਂ ਕਿਸੇ ਹਦ ਤਕ ਨਜ਼ਰ-ਅੰਦਾਜ਼ ਕੀਤੀ ਜਾ ਸਕਦੀ ਹੈ, ਪਰ ਜਿਹੜੇ ਵਿਦਵਾਨ ਅਤੇ ਭਾਸ਼ਾ-ਵਿਗਿਆਨ ਦੇ ਜਾਣੂ ਸੱਜਣ ਜਾਣ ਬੁਝ ਕੇ ਅੰਤਲੇ ਹ੍ਰਸ੍ਵ ਸੁਰਾਂ ਦਾ ਉਚਾਰਣ ਛੱਡਣ ਦਾ ਪ੍ਰਚਾਰ ਕਰਦੇ ਹਨ, ਉਹਨਾਂ ਦਾ ਪ੍ਰਚਾਰ ਗੁਮਰਾਹ-ਕੁਨ ਅਤੇ ਚਿੰਤਾ-ਜਨਕ ਹੈ।

(ਟ) ਭਵਿਖਤ ਕਾਲ ਦੀਆਂ ਕਿਰਿਆਵਾਂ ਬਣਾਉਣ ਦੇ ਤਰੀਕਿਆਂ ਵਿਚੋਂ ਇਕ ਤਰੀਕਾ ਇਹ ਹੈ ਕਿ ਧਾਤੂ ਦੇ ਅੰਤਲੇ ਅੱਖਰ ਨੂੰ ਲਾਂ ( ੇ ) ਲਾ ਕੇ ਅੱਗੇ ਗਾ/ 'ਗੋ' (ਪੁਲਿੰਗ) ਜਾਂ 'ਗੀ' (ਇਸਤ੍ਰੀ-ਲਿੰਗ) ਕਿਰਿਆਵੀ ਪਿਛੇਤਰ ਲਾ ਦਿੱਤਾ ਜਾਂਦਾ ਹੈ, ਜਿਵੇਂ :

## ਭਵਿਖਤ ਕਾਲ ਦੀ ਕਿਰਿਆ

| *ਧਾਤੂ* | *ਪੁਲਿੰਗ* | *ਇਸਤ੍ਰੀ-ਲਿੰਗ* |
|---|---|---|
| ਕਰ | ਕਰੇਗਾ/ਕਰੇਗੋ | ਕਰੇਗੀ |
| ਮਰ | ਮਰੇਗਾ/ਮਰੇਗੋ | ਮਰੇਗੀ |
| ਬੈਠ | ਬੈਠੇਗਾ/ਬੈਠੇਗੋ | ਬੈਠੇਗੀ |

### ਗੁਰਬਾਣੀ ਵਿਚੋਂ ਭਵਿਖਤ ਕਾਲੀ ਕਿਰਿਆਵਾਂ ਦੀਆਂ ਉਦਾਹਰਣਾਂ

**ਪੁਲਿੰਗ**

ਮਾਇਆ ਮੋਹੁ ਬਿਨਸਿ 'ਜਾਇਗਾ' ਉਬਰੇ ਸਬਦਿ ਵੀਚਾਰਿ ॥੨੮॥ *(੯੧੧)*
ਗਿਰਿ ਬਸੁਧਾ ਜਲ ਪਵਨ 'ਜਾਇਗੋ' ਇਕਿ ਸਾਧ ਬਚਨ ਅਟਲਾਧਾ ॥੧॥੬॥ *(੧੨੦੪)*

**ਇਸਤ੍ਰੀ-ਲਿੰਗ**

ਤਾ ਫਿਰ ਪਿਆਰਾ ਰਾਵੀਐ ਜਬ 'ਆਵੈਗੀ' ਵਾਰੀ ॥੩॥੧॥ *(੭੨੫)*

ਤਿੰਨਾਂ ਹੀ ਭਵਿਖਤ-ਕਾਲ-ਵਾਚੀ ਕਿਰਿਆਵੀ ਪਿਛੇਤਰਾਂ (ਗਾ, ਗੋ, ਗੀ) ਦਾ ਅੰਤਲਾ

ਸ੍ਵਰ ਦੀਰਘ ਹੈ। ਗੁਰਬਾਣੀ ਵਿਚ ਕਿਧਰੇ ਕਿਧਰੇ ਕਾਵਿ-ਪ੍ਰਬੰਧ ਅਧੀਨ ਕਿਰਿਆਵੀ-ਪਿਛੇਤਰ 'ਗੋ' ਅਤੇ 'ਗੀ' ਦੇ ਅੰਤਲੇ ਦੀਰਘ ਸ੍ਵਰ ( ੋ ਅਤੇ ੀ ) ਹ੍ਰਸ੍ਵ ਸ੍ਵਰਾਂ ( ੁ ਅਤੇ ਿ ) ਵਿਚ ਤਬਦੀਲ ਹੋ ਜਾਂਦੇ ਹਨ, ਜਿਵੇਂ :

ਅੰਤਰਿ ਲੋਭੁ ਝੂਠੁ ਗੁਮਾਨੁ॥ ਬਿਨੁ ਨਾਵੈ ਪਾਜੁ 'ਲਹਗੁ' ਨਿਦਾਨਿ॥੧॥੩॥

ਲਹਗੁ—ਲਹਿ ਜਾਵੇਗਾ (ਪਾਜੁ)—ਪੁਲਿੰਗ (੮੩੨)

ਕਾਚੀ 'ਢਹਗਿ' ਦਿਵਾਲ ਕਾਹੇ ਗਚੁ ਲਾਵਹੁ॥੧॥ਰਹਾਉ॥੯॥ (੧੧੭੧)

ਢਹਗਿ—ਢਹਿ ਜਾਏਗੀ (ਦਿਵਾਲ)—ਇਸਤ੍ਰੀ-ਲਿੰਗ

ਸਪੱਸ਼ਟ ਹੈ ਕਿ ਜਿਥੇ ਅੰਤਲਾ ਪਿਛੇਤਰ-ਚਿੰਨ੍ਹ 'ਗ' ਭਵਿਖਤ ਕਾਲ ਦਾ ਲਖਾਇਕ ਹੈ ਓਥੇ ਇਸ ਨੂੰ ਲਗਾ ਔਂਕੜ ( ੁ ) ਸੰਬੰਧਤ ਕਿਰਿਆ ਦੇ ਪੁਲਿੰਗ ਹੋਣ ਦਾ ਸੂਚਕ ਹੈ ਅਤੇ ਇਸ ਨੂੰ ਲਗੀ ਸਿਹਾਰੀ (ਿ) ਕਿਰਿਆ ਦੇ ਇਸਤ੍ਰੀ-ਲਿੰਗ ਹੋਣ ਦਾ ਸੰਕੇਤ ਕਰਦੀ ਹੈ। ਇਸ ਤਰ੍ਹਾਂ ਅੰਤਲੇ ਹ੍ਰਸ੍ਵ ਸ੍ਵਰ ਔਂਕੜ ਅਤੇ ਸਿਹਾਰੀ ਦੀ ਆਪੋ ਆਪਣੀ ਥਾਵੇਂ ਵਿਆਕਰਣਿਕ ਮਹੱਤਤਾ ਹੈ ਅਤੇ ਇਹਨਾਂ ਸ੍ਵਰਾਂ ਦੀ ਉਚਾਰਣ ਦੀ ਸਪੱਸ਼ਟਤਾ ਇਸ ਮਹੱਤਤਾ ਨੂੰ ਉਜਾਗਰ ਕਰਨ ਲਈ ਸਹਾਈ ਹੁੰਦੀ ਹੈ। ਫਿਰ, ਇਹਨਾਂ ਅਤੇ ਅਜਿਹੇ ਅੰਤਲੇ ਵਿਆਕਰਣਿਕ ਚਿੰਨ੍ਹਾਂ ਨੂੰ ਉਚਾਰਣ ਵਿਚ ਛੱਡ ਜਾਣਾ ਕਿਥੋਂ ਦੀ ਸਿਆਣਪ ਹੋਈ ?

### ੪.੨.੬.੯ ਸਾਰ ਸਿੱਟਾ

ਅਸਾਂ ਪੰਜਾਬ ਨਿਵਾਸੀਆਂ ਨੂੰ ਫ਼ਖ਼ਰ ਹੈ ਕਿ ਸਾਡੀ ਮਾਂ-ਬੋਲੀ ਵਿਚ ਸੂਖਮ ਤੋਂ ਸੂਖਮ ਭਾਵ ਪ੍ਰਗਟਾਉਣ ਦੀ ਸਮਰੱਥਾ ਹੈ ਅਤੇ ਸਾਡੀ ਭਾਸ਼ਾ ਪ੍ਰਾਚੀਨ ਪਿਛੋਕੜ ਰੱਖਣ ਵਾਲੀਆਂ ਹੋਰ ਭਾਸ਼ਾਵਾਂ ਵਾਂਗ ਸੰਜੋਗਾਤਮਿਕ ਹੈ।

ਗੁਰਬਾਣੀ ਦੇ ਲਿਖਣ-ਢੰਗ ਵਿਚ ਅੰਤਲੇ ਹ੍ਰਸ੍ਵ ਸ੍ਵਰਾਂ ਦੀ ਵਰਤੋਂ ਪੰਜਾਬੀ ਭਾਸ਼ਾ ਦੀ ਇਕ ਵਿਸ਼ੇਸ਼ਤਾ ਹੈ, ਜਿਸ ਸਦਕਾ ਜਿਥੇ ਕਾਵਿ-ਤੋਲ ਬਿਲਕੁਲ ਸਾਵਾਂ ਰਹਿੰਦਾ ਹੈ, ਉਥੇ ਉਸ ਦੇ ਭਾਵ-ਅਰਥ ਕਾਵਿ ਹੁੰਦਿਆਂ ਹੋਇਆਂ ਵੀ ਵਾਰਤਕ ਵਾਂਗ ਸਪੱਸ਼ਟ ਹੁੰਦੇ ਹਨ। ਭਾਸ਼ਾ ਓਹੋ ਹੀ ਸ੍ਰੇਸ਼ਟ ਕਹੀਦੀ ਹੈ ਜਿਸ ਵਿਚ ਇਹ ਸਮਰੱਥਾ ਹੋਵੇ ਕਿ ਜੋ ਕੁਝ ਵੀ ਕੋਈ ਆਖਣ ਅਥਵਾ ਪ੍ਰਗਟ ਕਰਨ ਦੀ ਲੋਚਾ ਰਖਦਾ ਹੋਵੇ, ਉਸ ਨੂੰ ਹੂ-ਬ-ਹੂ ਲਿਖਿਆ ਜਾ ਸਕੇ ਅਤੇ ਲਿਖੇ ਹੋਏ ਤੋਂ ਹਰ ਕੋਈ ਹੂ-ਬ-ਹੂ ਉਚਾਰ ਅਤੇ ਸਮਝ ਸਕੇ। ਲਿਖਣ ਦਾ ਉਚਾਰਣ ਨਾਲ ਅਤੇ ਉਚਾਰਣ ਦਾ ਸਮਝਣ ਨਾਲ ਗੂੜ੍ਹਾ ਸੰਬੰਧ ਹੈ। ਜਿਹੜੇ ਪਿਛੇਤਰ-ਸ੍ਵਰ ਸਾਡੀ ਅਣਗਹਿਲੀ ਕਾਰਨ ਚਿਰ ਤੋਂ ਸਾਡੇ ਉਚਾਰਣ ਵਿਚੋਂ ਵਿਸਰੇ ਹੋਏ ਹਨ, ਉਹ ਹੁਣ ਸਾਡੇ ਲਈ ਵਿਖਮ ਵਿਡਾਣ ਬਣ ਗਏ ਹਨ, ਸੋ ਅਸੀਂ ਉਹਨਾਂ ਦੀ ਉਚਾਰਣ-ਵਰਤੋਂ ਛੱਡ ਕੇ ਉਹਨਾਂ ਦੇ ਬਹੁ-ਪੱਖੀ ਗੁਣਾਂ ਤੋਂ ਵਿਰਵੇ ਹੋਏ ਬੈਠੇ ਹਾਂ। ਪਰ ਅਸੀਂ ਤਾਂ ਸਿਖ ਅਥਵਾ ਸਿਖਿਆਰਥੀ ਹਾਂ ਅਤੇ ਸਾਰੀ ਉਮਰ ਸਿਖਦੇ ਰਹਿਣਾ ਹੀ ਸਾਡਾ ਕਰਤੱਵ ਹੈ। ਇਸ ਲਈ ਜੋ ਸ਼ਬਦ-ਵਿਉਂਤ ਖ਼ੁਦ ਗੁਰਦੇਵ ਜੀ ਨੇ ਬੱਧੀ ਹੋਈ ਹੈ ਉਹ ਸਾਡੀ ਸਮਝ ਅਤੇ ਸਾਡੇ ਉਚਾਰਣ ਵਿਚ ਆ ਜਾਵੇ, ਇਹ ਸਾਡੇ ਲਈ ਸੁਭਾਗ ਵਾਲੀ ਗੱਲ ਹੋਵੇਗੀ। ਸਾਨੂੰ ਇਹ ਆਖਣਾ ਕਿ ਅੰਤਲੇ ਹ੍ਰਸ੍ਵ ਸ੍ਵਰਾਂ ਦਾ ਉਚਾਰਣ ਨਾਲ ਕੋਈ ਸੰਬੰਧ ਨਹੀਂ, ਸ਼ੋਭਾ ਨਹੀਂ ਦਿੰਦਾ। ਸਾਨੂੰ ਵਿੱਦਤ ਹੋਣਾ ਚਾਹੀਦਾ ਹੈ ਕਿ ਸਾਡੀ ਮਾਤ-ਭਾਸ਼ਾ ਵਿਚ ਕਿਸੇ ਸ੍ਵਰ ਦੀ ਧੁਨੀ ਗੁੰਗੀ ਨਹੀਂ। ਸੋ ਉਚਿਤ ਇਹੀ ਹੈ ਕਿ ਅਸੀਂ ਆਪਣੀ

ਸੂਝ-ਸਮਝ ਦੇ ਦਰਵਾਜ਼ੇ ਖੁਲ੍ਹੇ ਰਖੀਏ। ਜੋ ਕੁਝ ਅਜੇ ਤਕ ਸਾਡੀ ਸੂਝ-ਸਮਝ ਵਿਚ ਨਹੀਂ ਆ ਰਿਹਾ, ਉਸ ਵਲੋਂ ਮੂੰਹ ਨਾ ਮੋੜੀਏ, ਸਗੋਂ ਉਸ ਨੂੰ ਸਮਝਣ ਲਈ ਯਤਨ-ਸ਼ੀਲ ਰਹੀਏ।

## ੪.੩ ਵਿਅੰਜਨ

ਪੰਜਾਬੀ ਦੀ ਗੁਰਮੁਖੀ ਲਿੱਪੀ ਦੇ ਵਰਣ ਦੋ ਕਿਸਮਾਂ ਦੇ ਹਨ, ਸੁਰ ਅਤੇ ਵਿਅੰਜਨ। ਜਿਸ ਵਰਣ ਦਾ ਉਚਾਰਣ ਸੁਰ ਦੀ ਸਹਾਇਤਾ ਨਾਲ ਹੁੰਦਾ ਹੈ ਉਸ ਨੂੰ ਵਿਅੰਜਨ ਆਖਦੇ ਹਨ। ਪੰਜਾਬੀ ਵਰਣ-ਮਾਲਾ ਦੇ ੩੫ ਅੱਖਰਾਂ ਵਿਚੋਂ ੩੨ ਵਿਅੰਜਨ ਹਨ। ਇਹਨਾਂ ੩੨ ਵਿਅੰਜਨਾਂ ਵਿਚੋਂ ਵੀ ਦੋ ਅੱਖਰ ਯ ਅਤੇ ਵ ਅੱਧ-ਸੁਰ ਮੰਨੇ ਗਏ ਹਨ। ਇਸ ਤੋਂ ਛੁਟ 'ਹ' ਵਿਅੰਜਨ ਵਿਚ ਸੁਰਾਂ ਵਾਲੇ ਗੁਣ ਵੀ ਮੌਜਦੂ ਹਨ।

ਬਿੰਦੀ ( ਂ ), ਟਿੱਪੀ ( ੰ ) ਅਤੇ ਅੱਧਕ ( ੱ ) ਵਿਆਕਰਣਿਕ ਭਾਸ਼ਾ ਵਿਚ ਲਗਾਖਰ ਕਹੀਦੇ ਹਨ। ਇਹ ਵੀ ਅਸਲ ਵਿਚ ਪੰਜਾਬੀ ਲਿੱਪੀ ਦੇ ਵਿਅੰਜਨ-ਚਿੰਨ੍ਹ ਹੀ ਹਨ, ਜੋ ਪੰਜਾਬੀ ਦੀਆਂ ਅਖੰਡ ਧੁਨੀਆਂ 'ਨਾਸਿਕਤਾ' ਅਤੇ 'ਬਲ' ਦੇ ਪ੍ਰਤੀਕ ਹਨ ਅਤੇ ਜਿਨ੍ਹਾਂ ਦਾ ਉਚਾਰਣ ਵਿਚ ਵਿਸ਼ੇਸ਼ ਅਸਥਾਨ ਹੈ।

### ੪.੩.੧ ਦੂਹਰੀ ਧੁਨੀ ਵਾਲੇ ਵਿਅੰਜਨ

ਵਿਅੰਜਨ ਅੱਖਰਾਂ ਵਿਚੋਂ ਬਹੁਤੇ ਅੱਖਰ ਕੇਵਲ ਇਕੱਲੀ ਇਕੱਲੀ ਧੁਨੀ ਦੇ ਲਖਾਇਕ ਹਨ, ਪਰ ਕੁਝ ਅੱਖਰ ਅਜਿਹੇ ਵੀ ਹਨ, ਜਿਵੇਂ ਘ, ਝ, ਢ, ਧ, ਭ, ਸ, ਖ, ਗ, ਜ, ਫ ਅਤੇ ਲ, ਜਿਨ੍ਹਾਂ ਦੀਆਂ ਦੋ ਦੋ ਧੁਨੀਆਂ ਹਨ। ਅਰੰਭ ਕਾਲ ਵਿਚ ਸ, ਖ, ਗ, ਜ, ਫ ਅਤੇ ਲ ਦੀਆਂ ਦੋਹਾਂ ਧੁਨੀਆਂ ਲਈ ਇਹਨਾਂ ਮੂਲ-ਅੱਖਰਾਂ ਦੀ ਵਰਤੋਂ ਹੀ ਕੀਤੀ ਜਾਂਦੀ ਸੀ ਅਤੇ ਗੁਰਬਾਣੀ ਵਿਚ ਏਵੇਂ ਹੀ ਕੀਤਾ ਮਿਲਦਾ ਹੈ, ਪਰ ਅੱਜ-ਕਲ੍ਹ ਇਹਨਾਂ ਅੱਖਰਾਂ ਦੀ ਵਿਸ਼ੇਸ਼ ਧੁਨੀ ਦੇ ਪ੍ਰਗਟਾਅ ਲਈ ਇਹਨਾਂ ਦੇ ਥੱਲੇ ਬਿੰਦਾ ਲਾ ਲਿਆ ਜਾਂਦਾ ਹੈ।

### ੪.੩.੨ ਦੂਹਰੀ ਧੁਨੀ ਵਾਲੇ ਵਿਅੰਜਨ ਅੱਖਰਾਂ ਦੀਆਂ ਧੁਨੀਆਂ ਦਾ ਵੇਰਵਾ

**(ੳ) ਘ, ਝ, ਢ, ਧ ਅਤੇ ਭ ਦੀਆਂ ਦੋ ਦੋ ਧੁਨੀਆਂ**

ਪੰਜਾਬੀ ਲਿੱਪੀ ਦੇ ਅੱਖਰ ਘ, ਝ, ਢ, ਧ ਅਤੇ ਭ, ਇਹਨਾਂ ਸਾਰਿਆਂ ਦੀਆਂ ਦੋ ਦੋ ਧੁਨੀਆਂ ਹਨ। ਜਦੋਂ ਇਹ ਅੱਖਰ ਕਿਸੇ ਸ਼ਬਦ ਦੇ ਅਰੰਭ ਵਿਚ ਆਉਂਦੇ ਹਨ ਤਾਂ ਇਹਨਾਂ ਦੀ ਧੁਨੀ ਉਤੇ ਇਹਨਾਂ ਅੱਖਰਾਂ ਦੀ ਸੰਬੰਧਤ ਟੋਲੀ ਦੇ ਸਭ ਤੋਂ ਪਹਿਲੇ ਅੱਖਰ ਦੀ ਧੁਨੀ ਦਾ ਪ੍ਰਭਾਵ ਹੁੰਦਾ ਹੈ, ਜਿਵੇਂ :

ਘਾਲ (ਅਰੰਭਕ 'ਘ' ਦੀ ਧੁਨੀ ਉਤੇ 'ਕ' ਦੀ ਧੁਨੀ ਦਾ ਪ੍ਰਭਾਵ ਹੈ)
ਝੋਲੀ (ਅਰੰਭਕ 'ਝ' ਦੀ ਧੁਨੀ ਉਤੇ 'ਚ' ਦੀ ਧੁਨੀ ਦਾ ਪ੍ਰਭਾਵ ਹੈ)
ਢਾਲ (ਅਰੰਭਕ 'ਢ' ਦੀ ਧੁਨੀ ਉਤੇ 'ਟ' ਦੀ ਧੁਨੀ ਦਾ ਪ੍ਰਭਾਵ ਹੈ)
ਧੇਨੁ (ਅਰੰਭਕ 'ਧ' ਦੀ ਧੁਨੀ ਉਤੇ 'ਤ' ਦੀ ਧੁਨੀ ਦਾ ਪ੍ਰਭਾਵ ਹੈ)
ਭਗਤ (ਅਰੰਭਕ 'ਭ' ਦੀ ਧੁਨੀ ਉਤੇ 'ਪ' ਦੀ ਧੁਨੀ ਦਾ ਪ੍ਰਭਾਵ ਹੈ)

ਜਦੋਂ ਘ, ਝ, ਢ, ਧ, ਭ ਕਿਸੇ ਸ਼ਬਦ ਦੇ ਵਿਚਕਾਰ ਜਾਂ ਅੰਤ ਵਿਚ ਆਉਣ ਤਾਂ ਇਹਨਾਂ ਦੀ ਧੁਨੀ ਉਤੇ ਸੰਬੰਧਤ ਟੋਲੀ ਦੇ ਤੀਜੇ ਅੱਖਰ ਦੀ ਧੁਨੀ ਦਾ ਪ੍ਰਭਾਵ ਹੁੰਦਾ ਹੈ, ਜਿਵੇਂ :

ਕੰਘਾ (ਅੰਤਲੇ 'ਘ' ਦੀ ਧੁਨੀ ਉਤੇ 'ਗ' ਦੀ ਧੁਨੀ ਦਾ ਪ੍ਰਭਾਵ ਹੈ)
ਬੁਝਲ (ਵਿਚਲੇ 'ਝ' ਦੀ ਧੁਨੀ ਉਤੇ 'ਜ' ਦੀ ਧੁਨੀ ਦਾ ਪ੍ਰਭਾਵ ਹੈ)
ਗੰਢ (ਅੰਤਲੇ 'ਢ' ਦੀ ਧੁਨੀ ਉਤੇ 'ਡ' ਦੀ ਧੁਨੀ ਦਾ ਪ੍ਰਭਾਵ ਹੈ)
ਲਧਾ (ਅੰਤਲੇ 'ਧ' ਦੀ ਧੁਨੀ ਉਤੇ 'ਦ' ਦੀ ਧੁਨੀ ਦਾ ਪ੍ਰਭਾਵ ਹੈ)
ਪ੍ਰਭ (ਅੰਤਲੇ 'ਭ' ਦੀ ਧੁਨੀ ਉਤੇ 'ਬ' ਦੀ ਧੁਨੀ ਦਾ ਪ੍ਰਭਾਵ ਹੈ)

ਕਿਸੇ ਸ਼ਬਦ ਵਿਚ ਜਦੋਂ ਇਹ ਅੱਖਰ ਇਕੱਠੇ ਆਉਣ, ਜਿਵੇਂ ਘੁਘ, ਝਝਰ, ਢੂੰਢ, ਧੰਧਾ, ਭੁਭਲ ਆਦਿ ਤਾਂ ਵੀ ਉਪ੍ਰੋਕਤ ਨੇਮ ਅਨੁਸਾਰ ਅਰੰਭ ਵਿਚ ਆਏ ਅੱਖਰ ਦੀ ਧੁਨੀ ਵਿਚਕਾਰਲੇ ਜਾਂ ਅੰਤਲੇ ਸਗਵੇਂ ਅੱਖਰ ਦੀ ਧੁਨੀ ਤੋਂ ਵਿਲੱਖਣ ਹੁੰਦੀ ਹੈ।

ਇਥੇ ਇਹ ਵਰਣਨ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਘ, ਝ, ਢ, ਧ, ਭ ਦੀ ਦੂਜੇ ਨੰਬਰ ਵਾਲੀ ਧੁਨੀ ਤਾਂ ਹੋਰ ਬੋਲੀਆਂ ਵਿਚ ਮਿਲਦੀ ਹੈ, **ਪਰ ਪਹਿਲੇ ਨੰਬਰ ਵਾਲੀ ਧੁਨੀ ਪੰਜਾਬੀ ਦੀ ਖ਼ਾਸ ਵਿਸ਼ੇਸ਼ਤਾਈ ਹੈ।**

### (ਅ) ਸ, ਖ, ਗ, ਜ, ਫ ਦੀ ਦੂਹਰੀ ਧੁਨੀ

ਏਸੇ ਤਰ੍ਹਾਂ ਸ, ਖ, ਗ, ਜ ਅਤੇ ਫ ਅੱਖਰਾਂ ਦੀਆਂ ਵੀ ਦੂਹਰੀਆਂ ਧੁਨੀਆਂ ਹਨ; ਇਹ ਵਖਰੀ ਗੱਲ ਹੈ ਕਿ ਨਵੀਨ ਪੰਜਾਬੀ ਸਾਹਿਤਕਾਰਾਂ ਨੇ ਸਾਡੀ ਸੁਖ-ਰਹਿਣੀ ਬਿਰਤੀ ਨੂੰ ਮੁਖ ਰਖ ਕੇ ਪੰਜਾਬੀ ਪੈਂਤੀ ਵਿਚ ਮੂਲ ਅੱਖਰਾਂ ਥਲੇ ਬਿੰਦੀ ਲਾ ਕੇ ਸ਼, ਖ਼, ਗ਼, ਜ਼, ਫ਼ ਪੰਜ ਹੋਰ ਅੱਖਰਾਂ ਦਾ ਵਾਧਾ ਕਰ ਲਿਆ ਹੈ।

ਪੰਜਾਬ ਉਤੇ ਮੁਸਲਮਾਨ ਹਮਲਾ-ਆਵਰ ਬਾਰ ਬਾਰ ਚੜ੍ਹ ਕੇ ਆਉਂਦੇ ਰਹੇ। ਇਸ ਦੇ ਫਲ-ਸਰੂਪ ਏਥੋਂ ਦੀ ਕਾਫ਼ੀ ਵਸੋਂ ਇਸਲਾਮ ਧਰਮ ਦੀ ਧਾਰਨੀ ਹੋ ਚੁੱਕੀ ਸੀ। ਹਮਲਾ-ਆਵਰਾਂ ਅਤੇ ਮਗਰੋਂ ਜਾ ਕੇ ਬਣੇ ਹਾਕਮਾਂ ਦੀ ਬੋਲੀ ਦਾ ਪ੍ਰਭਾਵ ਪੰਜਾਬੀ ਬੋਲੀ 'ਤੇ ਅਵੱਸ਼ ਪਿਆ ਅਤੇ ਉਰਦੂ ਫ਼ਾਰਸੀ ਦੇ ਅੱਖਰਾਂ ਸ਼ੀਨ, ਖ਼ੇ, ਜ਼ੇ, ਜ਼ਾਲ, ਜ਼ੁਏ, ਜ਼ੁਆਦ, ਗ਼ੈਨ ਅਤੇ ਫ਼ੇ ਦੀਆਂ ਧੁਨੀਆਂ ਵੀ ਓਦੋਂ ਪੰਜਾਬੀਆਂ ਵਿਚ ਆਮ ਪ੍ਰਚਲਤ ਹੋਣਗੀਆਂ। ਬਿਲਾ-ਸ਼ਕ, ਪੰਜਾਬੀ ਅਥਵਾ ਗੁਰਮੁਖੀ ਲਿਪੀ ਦੇ ਨਿਰਮਾਣ ਕਰਨ ਵਾਲੇ ਸੁਜਾਨ ਸਤ-ਪੁਰਸ਼ਾਂ ਨੇ ਬੋਲੀ ਦੀ ਸੰਜੋਗਾਤਮਿਕ ਰੁਚੀ ਅਨੁਸਾਰ, ਮਿਲਦੀਆਂ-ਜੁਲਦੀਆਂ ਧੁਨੀਆਂ ਲਈ ਕੇਵਲ ਇਕ ਇਕ ਅੱਖਰ ਦੀ ਹੀ ਰਚਨਾ ਕੀਤੀ।

ਜੇ ਉਰਦੂ ਲਿਪੀ ਵਿਚ ਲਿਖੀਆਂ ਪੁਰਾਤਨ ਪੰਜਾਬੀ ਹੱਥ-ਲਿਖਤਾਂ ਨੂੰ ਵਾਚਿਆ ਜਾਵੇ ਤਾਂ ਉਹਨਾਂ ਵਿਚ ਉਪ੍ਰੋਕਤ ਅੱਖਰਾਂ ਸ, ਖ, ਗ, ਜ ਅਤੇ ਫ ਦੀਆਂ ਦੋਹਾਂ ਧੁਨੀਆਂ ਦਾ ਪ੍ਰਯੋਗ ਮਿਲਦਾ ਹੈ।

ਜ਼ਫ਼ਰਨਾਮਾ ਫ਼ਾਰਸੀ ਭਾਸ਼ਾ ਅਤੇ ਇਸ ਦੀ ਉਰਦੂ ਲਿੱਪੀ ਵਿਚ ਲਿਖ ਕੇ ਭੇਜਿਆ ਗਿਆ, ਜਿਸ ਵਿਚ ਸ਼ੀਨ, ਖ਼ੇ, ਜ਼ੇ, ਜ਼ਾਲ, ਜ਼ੁਏ, ਜ਼ੁਆਦ, ਗ਼ੈਨ, ਫ਼ੇ ਆਦਿ ਅੱਖਰਾਂ ਦੀ ਵਰਤੋਂ ਕੀਤੀ ਗਈ। ਮਗਰੋਂ ਜਦੋਂ ਇਹ ਪੰਜਾਬੀ ਲਿਖਤ ਵਿਚ ਦਸਮ ਗ੍ਰੰਥ ਵਿਚ ਸੰਚਿਤ ਕੀਤਾ ਗਿਆ ਤਾਂ ਉਪ੍ਰੋਕਤ ਧੁਨੀਆਂ ਲਈ ਪੰਜਾਬੀ ਅੱਖਰ ਸ, ਖ, ਗ, ਜ ਅਤੇ ਫ ਦੀ ਵਰਤੋਂ ਕੀਤੀ ਗਈ। ਪਰ ਫ਼ਾਰਸੀ ਅੱਖਰਾਂ ਦੀਆਂ ਧੁਨੀਆਂ ਤਾਂ ਨਹੀਂ ਬਦਲੀਆਂ।

ਏਥੇ ਇਹ ਵਰਣਨ ਯੋਗ ਹੈ ਕਿ ਦਸਮ ਗ੍ਰੰਥ ਦੀਆਂ ਕੁਝ ਕੁ ਪੁਰਾਤਨ ਹੱਥ-ਲਿਖਤ ਬੀੜਾਂ ਵਿਚ, ਜਿਥੇ 'ਸ' ਅੱਖਰ 'ਸ਼ੀਨ' ਦੀ ਧੁਨੀ ਲਈ ਵਰਤਿਆ ਹੋਇਆ ਹੈ, ਉਸ ਦੀ ਸੱਜੀ ਲਤ ਮਰੋੜੀ ਹੋਈ ਹੈ।

ਗੁਰਬਾਣੀ ਦੀ ਸ਼ਬਦਾਵਲੀ ਉਤੇ ਜਿਥੇ ਹੋਰ ਦੇਸੀ ਬੋਲੀਆਂ ਦਾ ਪ੍ਰਭਾਵ ਦਿਸ ਆਉਂਦਾ ਹੈ ਓਥੇ ਅਰਬੀ, ਫ਼ਾਰਸੀ ਦਾ ਪ੍ਰਭਾਵ ਵੀ ਪ੍ਰਤੱਖ ਦਿਸਦਾ ਹੈ। ਕੁਝ ਸ਼ਬਦਾਂ ਵਿਚ ਤਾਂ ਫ਼ਾਰਸੀ (ਰੇਖਤਾ) ਹੀ ਪ੍ਰਧਾਨ ਹੈ; ਜਿਵੇਂ :

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ਰਹਾਉ॥
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥

*(ਤਿਲੰਗ ਮਹਲਾ ੧ ਘਰੁ ੧, ਪੰਨਾ ੭੨੧)*

ਉਪ੍ਰੋਕਤ ਚਉਪਦੇ ਦੇ ਉਚਾਰਣ ਵਿਚ ਹੇਠ ਲਿਖੇ ਸ਼ਬਦਾਂ ਨੂੰ ਸ, ਖ, ਗ, ਜ ਅਤੇ ਫ ਅੱਖਰਾਂ ਦੀ ਮੂਲ-ਧੁਨੀ ਦੀ ਬਜਾਏ ਇਹਨਾਂ ਦੀ ਵਿਸ਼ੇਸ਼ ਧੁਨੀ ਅਨੁਸਾਰ ਉਚਾਰਣ ਕਰਨਾ ਹੀ ਸ਼ੁੱਧ ਬਣਦਾ ਹੈ :

| | | | |
|---|---|---|---|
| ਅਰਜ | (ਅਰਜ਼ ਵਾਂਗ) | ਰੋਜ | (ਰੋਜ਼ ਵਾਂਗ) |
| ਗੁਫਤਮ | (ਗੁਫ਼ਤਮ ,, ) | ਗਸਤਮ | (ਗਸ਼ਤਮ ,, ) |
| ਗੋਸ | (ਗੋਸ਼ ,, ) | ਖਿਆਲ | (ਖ਼ਿਆਲ ,, ) |
| ਫਾਨੀ | (ਫ਼ਾਨੀ ,, ) | ਬਦ ਬਖਤ | (ਬਦ ਬਖ਼ਤ ,, ) |
| ਗਿਰਫਤਹ | (ਗਿਰਫ਼ਤਹ ,, ) | ਬਖੀਲ | (ਬਖ਼ੀਲ ,, ) |
| ਜਨ | (ਜ਼ਨ ,, ) | ਗਾਫਿਲ | (ਗ਼ਾਫ਼ਿਲ ,, ) |
| ਬਿਅਫਤਮ | (ਬਿਅਫ਼ਤਮ ,, ) | ਬੇਨਜਰ | (ਬੇਨਜ਼ਰ ,, ) |
| ਸਵਦ | (ਸ਼ਵੱਦ ,, ) | ਖਾਕ | (ਖ਼ਾਕ ,, ) |
| ਸਬ | (ਸ਼ਬ ,, ) | | |

ਉਚਾਰਣ ਵਿਚ ਅਗਵਾਈ ਸੰਬੰਧਤ ਸ਼ਬਦ ਦੇ ਮੂਲ ਧਾਤੂ ਤੋਂ ਲੈਣੀ ਬਣਦੀ ਹੈ। ਉਪ੍ਰੋਕਤ ਅੱਖਰਾਂ ਵਿਚ ਸਭ ਤੋਂ ਜ਼ਿਆਦਾ ਵਾਦ-ਗ੍ਰਸਤ ਅੱਖਰ 'ਸ' ਹੈ, ਕਿਉਂ ਜੁ ਇਸ ਅੱਖਰ ਦਾ ਉਚਾਰਣ ਕੁਝ ਸ਼ਬਦਾਂ ਵਿਚ ਜੇ ਇਸ ਦੀ ਵਿਸ਼ੇਸ਼ ਸੰਬੰਧਤ ਧੁਨੀ ਨਾਲ ਨਾ ਕੀਤਾ ਜਾਵੇ ਤਾਂ ਉਚਾਰਣ ਬੇਸੁਆਦਾ ਅਤੇ ਨਿਰਾਰਥਕ ਬਣ ਜਾਂਦਾ ਹੈ ਅਤੇ ਕਈ ਹਾਲਤਾਂ ਵਿਚ ਸ਼ਬਦ ਦਾ ਅਰਥ ਹੀ ਬਦਲ ਜਾਂਦਾ ਹੈ; ਜਿਵੇਂ :

(i) ਤੀਨਿ 'ਸੇਰ' ਕਾ ਦਿਹਾੜੀ ਮਿਹਮਾਨੁ ॥ ਅਵਰ ਵਸਤੁ ਤੁਝ ਪਾਹਿ ਅਮਾਨ ॥

*(ਪੰਨਾ ੩੭੪)*

ਸੇਰ—੧੬ ਛਟਾਕਾਂ ਦੇ ਤੋਲ ਦਾ ਵੱਟਾ ['ਸ' ਦਾ ਉਚਾਰਣ ਬੁੱਟੀ ਧੁਨੀ ਨਾਲ]

(ii) ਚੰਗਿਆਈ ਆਲਕੁ ਕਰੇ ਬੁਰਿਆਈ ਹੋਇ 'ਸੇਰੁ'॥ ਸਲੋਕ, ੧,੩ *(ਪੰਨਾ ੫੧੮)*
ਸੇਰੁ—ਜੰਗਲੀ ਜਾਨਵਰ (ਜੰਗਲ ਦਾ ਬਾਦਸ਼ਾਹ) ['ਸ' ਉਚਾਰਣ ਤਾਲਵੀ ਧੁਨੀ ਨਾਲ]

(iii) ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ 'ਸਾਹੁ'॥ ੩,੩ *(ਪੰਨਾ ੭੨੪)*
ਸਾਹੁ—ਸਵਾਸ ['ਸ' ਦਾ ਉਚਾਰਣ ਬੁੱਟੀ ਧੁਨੀ ਸਹਿਤ]

(iv) ਸਜਣੁ ਸਚਾ ਪਾਤਿਸਾਹੁ ਸਿਰਿ ਸਾਂਹਾਂ ਦੈ 'ਸਾਹੁ'॥ *(ਪੰਨਾ ੧੪੨੬)*
ਸਾਹੁ—ਧਨ ਸੰਪਤੀ ਦਾ ਸੁਆਮੀ ['ਸ' ਦਾ ਉਚਾਰਣ ਤਾਲਵੀ ਧੁਨੀ ਸਹਿਤ]
ਸਾਂਹਾਂ—ਧਨ ਸੰਪਤੀ ਦੇ ਸੁਆਮੀਆਂ।

### (ੲ) 'ਲ' ਅੱਖਰ ਦੀ ਦੂਹਰੀ ਧੁਨੀ

'ਲ' ਅੱਖਰ ਦੀਆਂ ਵੀ ਦੋ ਧੁਨੀਆਂ ਹਨ। ਇਕ ਧੁਨੀ ਦਾ ਉਚਾਰਣ ਬੁੱਟ ਉਤੇ ਹੁੰਦਾ ਹੈ ਅਤੇ ਦੂਜੀ ਦਾ ਕਠੋਰ ਤਾਲੂ ਉਤੇ। ਅਜੋਕੇ ਵਿਦਵਾਨਾਂ ਨੇ 'ਲ' ਅੱਖਰ ਦੀ ਦੂਜੀ ਧੁਨੀ ਦੇ ਪ੍ਰਗਟਾਅ ਲਈ ਵੀ ਮੂਲ-ਅੱਖਰ ਥੱਲੇ ਬਿੰਦੀ ਲਾ ਕੇ 'ਲ਼' ਨਵਾਂ ਚਿੰਨ੍ਹ ਬਣਾ ਲਿਆ ਹੈ। ਗੁਰਬਾਣੀ ਵਿਚ ਦੋਹਾਂ ਧੁਨੀਆਂ ਲਈ 'ਲ' ਅੱਖਰ ਹੀ ਵਰਤਿਆ ਹੋਇਆ ਹੈ, ਪਰ ਇਸ ਦਾ ਉਚਾਰਣ ਸ਼ਬਦ ਦੇ ਅਰਥ-ਭਾਵ ਅਧੀਨ ਬਣਦੀ ਸੰਬੰਧਤ ਧੁਨੀ ਅਨੁਸਾਰ ਕਰਨਾ ਹੀ ਠੀਕ ਬਣਦਾ ਹੈ; ਜਿਵੇਂ :

(i) ਇਕਿ ਆਪੀਨੈ੍ ਪਤਲੀ ਸਹ ਕੇ ਰੇ 'ਬੋਲਾ'॥ ੨,੨ *(ਪੰਨਾ ੭੯੪)*
ਬੋਲਾ—ਬੋਲ ਬਚਨ ['ਲ' ਦਾ ਉਚਾਰਣ ਬੁੱਟੀ ਧੁਨੀ ਨਾਲ]

(ii) ਮਾਇਆਧਾਰੀ ਅਤਿ ਅੰਨਾ 'ਬੋਲਾ'॥ ਸਲੋਕ, ੨,੨੪ *(੩੧੩)*
ਬੋਲਾ—ਡੋਰਾ ['ਲ' ਦਾ ਉਚਾਰਣ ਤਾਲਵੀ ਧੁਨੀ ਨਾਲ]

(iii) ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ 'ਗਲ' ਮੰਨੀ॥
*(ਪਉੜੀ ੧੨, ਪੰਨਾ ੫੯੧)*
ਗਲ—ਬਾਤ ['ਲ' ਦਾ ਉਚਾਰਣ ਬੁੱਟੀ ਧੁਨੀ ਨਾਲ]

(iv) ਦੂਯੈ ਭਾਇ ਵਿਗੁਚੀਐ 'ਗਲਿ' ਪਈਸੁ ਜਮ ਕੀ ਫਾਸ॥੫॥
*(ਬਾਰਹਮਾਹਾ, ਪੰਨਾ ੧੩੪)*
ਗਲਿ—ਗਰਦਨ ਵਿਚ ['ਲ' ਦਾ ਉਚਾਰਣ ਤਾਲਵੀ ਧੁਨੀ ਨਾਲ]

(v) 'ਖਲ' ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ॥ ੩,੨
*(ਪੰਨਾ ੧੨੫੨)*
ਖਲ—ਮੂਰਖ ['ਲ' ਦਾ ਉਚਾਰਣ ਬੁੱਟੀ ਧੁਨੀ ਨਾਲ]

(vi) ਕਾਚੀ ਸਰਸਉਂ ਪੇਲਿ ਕੈ ਨ 'ਖਲਿ' ਭਈ ਨ ਤੇਲੁ॥ ੨੪੦ *(ਪੰਨਾ ੧੩੭੭)*
ਖਲਿ—ਤੇਲ ਕਢਣ ਮਗਰੋਂ ਬਚਿਆ ਫੋਗ ['ਲ' ਦਾ ਉਚਾਰਣ ਤਾਲਵੀ ਧੁਨੀ ਨਾਲ]

### ੪.੩.੩ 'ਹ' ਅੱਖਰ ਦਾ ਉਚਾਰਣ

ਉਚਾਰਣ ਦੇ ਪੱਖੋਂ 'ਹ' ਬੜਾ ਗੁੰਝਲਦਾਰ ਅੱਖਰ ਹੈ। ਵੱਖ ਵੱਖ ਸ਼ਬਦਾਂ ਵਿਚ ਵਰਤੀਂਦੇ

ਇਸ ਅੱਖਰ ਦੀ ਧੁਨੀ ਦੇ ਠੀਕ ਠੀਕ ਉਚਾਰਣ ਉਤੇ ਵੀ ਗੁਰਬਾਣੀ ਦੇ ਚੋਖੇ ਭਾਗ ਦਾ ਸ਼ੁਧ ਉਚਾਰਣ ਕਾਫ਼ੀ ਹਦ ਤਕ ਨਿਰਭਰ ਕਰਦਾ ਹੈ।

### ੪.੩.੩.੧ 'ਹ' ਅੱਖਰ ਦੀ ਧੁਨੀ

'ਹ' ਖਹਿਵਾਂ ਨਾਦੀ ਵਿਅੰਜਨ ਹੈ। ਉਚਾਰਣ-ਤਲ ਤੋਂ ਇਸ ਦੀ ਕੰਠ-ਦੁਆਰੀ ਧੁਨੀ ਹੈ।

ਵੱਖ ਵੱਖ ਵਿਅੰਜਨ ਧੁਨੀਆਂ ਸਾਹ ਦੇ ਰਸਤੇ ਵਿਚ ਸੰਘ ਜਾਂ ਮੂੰਹ ਦੇ ਕਿਸੇ ਅੰਗ ਵਲੋਂ ਵੱਖ ਵੱਖ ਥਾਈਂ (ਕੰਠ, ਤਾਲੂ, ਬੁੱਟ, ਦੰਦ, ਬੁਲ੍ਹ ਆਦਿ ਉਤੇ) ਰੋਕ ਪਾਉਣ ਨਾਲ ਜਾਂ ਰਸਤਾ ਭੀੜਾ ਕਰਨ ਨਾਲ ਬਣਦੀਆਂ ਹਨ। 'ਹ' ਬੇਸ਼ਕ ਵਿਅੰਜਨ ਅੱਖਰਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ, ਪਰ ਇਸ ਨੂੰ ਉਚਾਰਣ ਕਰਦਿਆਂ ਸਾਹ ਦੇ ਰਸਤੇ ਵਿਚ ਕਿਧਰੇ ਰੁਕਾਵਟ ਨਹੀਂ ਪੈਂਦੀ ਅਤੇ ਨਾ ਹੀ ਸੰਘ ਜਾਂ ਮੂੰਹ ਵਿਚਲੇ ਕੋਈ ਦੋ ਅੰਗ ਆਪਸ ਵਿਚ ਸਪਰਸ਼ ਕਰਦੇ ਹਨ। ਦਰ-ਅਸਲ, 'ਹ' ਦੇ ਉਚਾਰਣ ਵਿਚ ਸੁਰ-ਜੰਤਰ ਇਕ ਦੂਜੇ ਦੇ ਏਨਾ ਨੇੜੇ ਆ ਜਾਂਦੇ ਹਨ ਕਿ ਵਿਚਾਲੇ ਤੰਗ ਜਿਹੀ ਝੀਤ ਰਹਿ ਜਾਂਦੀ ਹੈ। ਸਾਹ ਇਸ ਤੰਗ ਝੀਤ ਵਿਚੋਂ ਰਗੜ ਖਾ ਕੇ ਬਾਹਰ ਜਾਂਦਾ ਹੈ, ਜਿਸ ਨਾਲ ਇਹ ਸੁਰ-ਜੰਤਰੀ ਧੁਨੀ ਪੈਦਾ ਹੁੰਦੀ ਹੈ। ਸੋ, ਵਿਅੰਜਨ ਹੋਣ ਦੇ ਬਾਵਜੂਦ, 'ਹ' ਅੱਖਰ ਵਿਚ ਕਿਸੇ ਹਦ ਤਕ ਸ੍ਵਰਾਂ ਵਾਲੇ ਗੁਣ ਵੀ ਮੌਜੂਦ ਹਨ।

ਨਵੀਨ ਵਿਦਵਾਨ-ਮੰਡਲੀ ਦਾ ਵਿਚਾਰ ਹੈ ਕਿ /ਹ/ ਧੁਨੀ ਕੇਵਲ ਓਦੋਂ ਹੀ ਉਚਾਰਣ ਹੁੰਦੀ ਹੈ ਜਦੋਂ 'ਹ' ਅੱਖਰ ਸ਼ਬਦਾਂ ਦੇ ਅਰੰਭ ਵਿਚ ਆਵੇ, ਪਰ ਜਦੋਂ ਇਹ ਸ਼ਬਦਾਂ ਦੇ ਵਿਚਕਾਰ ਜਾਂ ਅੰਤ ਵਿਚ ਆਵੇ ਤਾਂ ਇਸ ਦਾ ਉਚਾਰਣ ਸੁਰ ਧੁਨੀ ਵਿਚ ਬਦਲ ਜਾਂਦਾ ਹੈ। ਵਿਦਵਾਨਾਂ ਦੀ ਅਜਿਹੀ ਧਾਰਨਾ ਕਿਸੇ ਖ਼ਾਸ ਇਲਾਕੇ (ਮਾਝੇ) ਦੀ ਪ੍ਰਚਲਤ ਬੋਲੀ ਉਤੇ ਅਧਾਰਤ ਹੈ, ਜਿਸ ਨੂੰ ਸਟੈਂਡਰਡ ਪੰਜਾਬੀ ਮੰਨਿਆ ਗਿਆ ਹੈ। ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਕਿ ਵਿਚਕਾਰਲੇ ਜਾਂ ਅੰਤਲੇ 'ਹ' ਦਾ ਉਚਾਰਣ /ਹ/ ਧੁਨੀ ਵਿਚ ਕੀਤਾ ਜਾਣਾ ਸੰਭਵ ਹੀ ਨਹੀਂ। ਹਕੀਕਤ ਇਹ ਹੈ ਕਿ ਪਵਾਧੀ, ਮਲਵਈ ਅਤੇ ਲਹਿੰਦੀ ਵਿਚ ਵਿਚਕਾਰਲੇ ਅਤੇ ਅੰਤਲੇ 'ਹ' ਅੱਖਰ ਦਾ ਉਚਾਰਣ ਹੁਣ ਵੀ ਸਹੀ ਰੂਪ ਵਿਚ ਕੀਤਾ ਜਾਂਦਾ ਹੈ।

ਸੋ, ਗੁਰਬਾਣੀ ਦੇ ਪ੍ਰੇਮੀਆਂ ਨੂੰ ਸ਼ਬਦਾਂ ਦੇ ਵਿਚਕਾਰਲੇ ਅਤੇ ਅੰਤਲੇ 'ਹ' ਦੀ ਸਹੀ ਧੁਨੀ (/ਹ/) ਦੇ ਉਚਾਰਣ ਦੀ ਜਾਣਕਾਰੀ ਹੋਣੀ ਅਤੇ ਇਸ ਦੀ ਮਹਾਰਤ ਹੋਣੀ ਅਤੀ ਜ਼ਰੂਰੀ ਹੈ।

### ੪.੩.੩.੨ 'ਹ' ਦੀ ਧੁਨੀ ਦਾ ਹ੍ਰਸ੍ਵ ਸ੍ਵਰਾਂ ਦੀ ਧੁਨੀ 'ਤੇ ਪ੍ਰਭਾਵ

ਇਕ ਤਾਂ 'ਹ' ਦਾ ਉਚਾਰਣ-ਤਲ ਬਾਕੀ ਵਿਅੰਜਨਾਂ ਨਾਲੋਂ ਡੂੰਘਾ ਹੈ, ਦੂਜੇ, ਇਸ ਦੇ ਉਚਾਰਣ ਵਿਚ ਪ੍ਰਾਣਤਾ (aspiration) ਦੀ ਬਹੁਲਤਾ ਹੈ ਤੇ ਤੀਜੇ ਇਸ ਦੇ ਉਚਾਰਣ ਵਿਚ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਹੀਂ ਕਰਦੇ ਤੇ ਸਾਹ ਦੇ ਰਸਤੇ ਵਿਚ ਕਿਧਰੇ ਕੋਈ ਰੁਕਾਵਟ ਨਹੀਂ ਪੈਂਦੀ, ਇਸ ਲਈ ਇਸ ਦੇ ਉਚਾਰਣ ਵਿਚ ਸਾਧਾਰਨ ਨਾਲੋਂ ਜ਼ਿਆਦਾ ਜ਼ੋਰ ਲਗਦਾ ਹੈ ਅਤੇ ਸਾਹ ਛੇਤੀ ਮੁਕ ਜਾਂਦਾ ਹੈ। ਇਸ ਦੇ ਫਲ-ਸਰੂਪ ਕਿਸੇ ਸ਼ਬਦ ਦੇ ਅੰਤਲੇ 'ਹ' ਅੱਖਰ ਨੂੰ, ਜਾਂ ਇਸ ਤੋਂ ਪਹਿਲੇ ਅਤੇ ਸ਼ਬਦ ਦੇ ਅਰੰਭਕ ਅੱਖਰ ਨੂੰ ਲਗੇ ਹ੍ਰਸ੍ਵ ਸ੍ਵਰ (ਔਂਕੜ ਅਤੇ ਸਿਹਾਰੀ) ਦੀ ਧੁਨੀ ਸਾਧਾਰਨ ਨਾਲੋਂ ਲੰਮੇਰੀ ਅਤੇ ਵਿਲੱਖਣ ਹੁੰਦੀ ਹੈ।

### ੪.੩.੩.੩ ਸ਼ਬਦਾਂ ਦਾ ਅਰੰਭਕ ਅੱਖਰ 'ਹ'

'ਹ' ਅੱਖਰ ਜਦੋਂ ਕਿਸੇ ਸ਼ਬਦ ਦੇ ਅਰੰਭ ਵਿਚ ਆਵੇ, ਮੁਕਤਾ ਰੂਪ ਵਿਚ ਜਾਂ ਕਿਸੇ ਹ੍ਰਸ੍ਵ ਜਾਂ ਦੀਰਘ ਸ੍ਵਰ ਸਹਿਤ, ਤਾਂ ਇਸ ਦੇ ਉਚਾਰਣ ਵਿਚ ਕੋਈ ਕਠਨਾਈ ਨਹੀਂ ਹੁੰਦੀ।

### ੪.੩.੩.੪ ਸ਼ਬਦਾਂ ਦਾ ਵਿਚਕਾਰਲਾ ਜਾਂ ਅੰਤਲਾ 'ਹ'

ਸ਼ਬਦਾਂ ਦੇ ਵਿਚਕਾਰਲੇ ਜਾਂ ਅੰਤਲੇ 'ਹ' ਅੱਖਰ ਨੂੰ ਜਦੋਂ ਕੋਈ ਦੀਰਘ ਸ੍ਵਰ ਲਗਾ ਹੋਵੇ ਤਾਂ ਇਸ ਦਾ ਉਚਾਰਣ ਸੁਖੈਨ ਹੀ ਹੋ ਜਾਂਦਾ ਹੈ।

ਉਦਾਰਣ ਸੰਬੰਧੀ ਮਤ-ਭੇਦ ਓਦੋਂ ਉਪਜਦਾ ਹੈ ਜਦੋਂ 'ਹ' ਅੱਖਰ ਮੁਕਤਾ ਰੂਪ ਵਿਚ ਜਾਂ ਕਿਸੇ ਹ੍ਰਸ੍ਵ ਸ੍ਵਰ ਸਹਿਤ ਕਿਸੇ ਸ਼ਬਦ ਦੇ ਵਿਚਕਾਰ ਜਾਂ ਅੰਤ ਵਿਚ ਆ ਜਾਵੇ, ਖ਼ਾਸ ਕਰਕੇ ਓਦੋਂ ਜਦੋਂ ਇਸ ਤੋਂ ਪਹਿਲਾਂ ਜਾਂ ਮਗਰੋਂ ਕੋਈ ਦੀਰਘ ਸ੍ਵਰ ਨਾ ਹੋਵੇ।

***ਨੋਟ:*** ਸ਼ਬਦਾਂ ਦੇ ਵਿਚਕਾਰਲੇ 'ਹ' ਅੱਖਰ ਨੂੰ ਲਗੇ ਹ੍ਰਸ੍ਵ ਸ੍ਵਰ (ਇ) ਦਾ ਉਚਾਰਣ ਨਿਸਚਿਤ ਧੁਨੀ ਵਿਚ ਕੀਤਾ ਜਾਣਾ ਸੰਭਵ ਹੁੰਦਾ ਹੈ, ਜਦੋਂ ਇਸ ਤੋਂ ਪਹਿਲੋਂ ਜਾਂ ਮਗਰੋਂ ਕੋਈ ਦੀਰਘ ਸ੍ਵਰ ਹੋਵੇ; ਜਿਵੇਂ:

**'ਹਿ' ਤੋਂ ਪਹਿਲਾਂ ਦੀਰਘ ਸ੍ਵਰ**

ਨਾਹਿਨ, ਸਾਹਿਬ।

**'ਹਿ' ਤੋਂ ਮਗਰੋਂ ਦੀਰਘ ਸ੍ਵਰ**

ਕਹਿਆ, ਲਹਿਆ, ਸਹਿਆ, ਗਹਿਆ, ਆਦਿ।

**'ਹਿ' ਤੋਂ ਪਹਿਲਾਂ ਵੀ ਅਤੇ ਮਗਰੋਂ ਵੀ ਦੀਰਘ ਸ੍ਵਰ**

ਆਹਿਆ, ਲਾਹਿਆ, ਚਾਹਿਆ, ਵਾਹਿਆ, ਖੋਹਿਆ, ਮੋਹਿਆ, ਆਦਿ।

### ੪.੩.੩.੫ ਵਿਚਕਾਰਲੇ ਅਤੇ ਅੰਤਲੇ 'ਹ' ਨੂੰ ਲਗੇ ਹ੍ਰਸ੍ਵ ਸ੍ਵਰਾਂ ਦਾ ਉਚਾਰਣ

**(ੳ) 'ਹਿ' ਜਦੋਂ ਇਸ ਤੋਂ ਪਹਿਲਾ ਅੱਖਰ ਮੁਕਤਾ ਹੋਵੇ**

(i) ਸ਼ਬਦਾਂ ਦੇ ਵਿਚਕਾਰ, ਪਰ ਜਦੋਂ ਇਸ ਤੋਂ ਮਗਰੋਂ ਕੋਈ ਵਿਅੰਜਨ ਹੋਵੇ } ਸਹਿਤ, ਰਹਿਤ, ਗਹਿਣਾ, ਪਹਿਲਾ, ਆਦਿ।

(ii) ਸ਼ਬਦਾਂ ਦੇ ਅੰਤ ਵਿਚ: ਨਹਿ, ਸਹਿ, ਮਹਿ, ਕਹਿ, ਬਹਿ, ਆਦਿ।

ਉਪ੍ਰੋਕਤ ਸ਼ਬਦਾਂ ਵਿਚ ਹ੍ਰਸ੍ਵ ਸ੍ਵਰ 'ਸਿਹਾਰੀ' ਕ੍ਰਮਵਾਰ ਵਿਚਕਾਰਲੇ ਅਤੇ ਅੰਤਲੇ 'ਹ' ਅੱਖਰ ਨੂੰ ਲਗੀ ਹੈ। ਪੁਰਾਤਨ ਕਾਲ ਵਿਚ ਇਸ ਸਿਹਾਰੀ ਦਾ ਉਚਾਰਣ 'ਹ' ਦੇ ਨਾਲ ਉਠਾਇਆ ਜਾਂਦਾ ਸੀ ਅਤੇ ਇਹ ਦੋ-ਸੰਧੀ ਸ੍ਵਰ (ਅਇ) ਵਰਗਾ ਸੀ, ਪਰ ਨਵੀਨ ਕਾਲ ਵਿਚ ਇਹ ਉਚਾਰਣ ਇਕਹਿਰੇ ਸਾਧਾਰਨ ਸ੍ਵਰ (ਐ) ਵਾਲਾ ਹੋ ਗਿਆ ਅਤੇ ਇਸ ਦੀ ਧੁਨੀ 'ਹ' ਤੋਂ ਪਹਿਲੇ ਅੱਖਰ ਨਾਲ ਉਠਾਈ ਜਾਂਦੀ ਹੈ, ਜਿਹਾ ਕਿ ਥੱਲੇ ਦਿੱਤੇ ਧੁਨੀ-ਚਿੱਤਰ ਤੋਂ ਪ੍ਰਗਟ ਹੁੰਦਾ ਹੈ:

| ਮੂਲ ਸ਼ਬਦ | ਪੁਰਾਤਨ ਕਾਲ ਦਾ ਉਚਾਰਣ | | ਨਵੀਨ ਕਾਲ ਦਾ ਉਚਾਰਣ ਤੇ ਸ਼ਬਦ ਦਾ ਸਰੂਪ | | |
|---|---|---|---|---|---|
| | ਧੁਨੀ-ਚਿਤਰ | ਦੋ-ਸੰਧੀ ਸੁਰ | ਧੁਨੀ-ਚਿਤਰ | ਇਕਹਿਰਾ ਸੁਰ | ਸ਼ਬਦ-ਸਰੂਪ |
| ਸਹਿਤ | /ਸ ਅ ਹ ਇ ਤ/ | ਅਇ | /ਸ ਐ ਹ ਤ/ | ਐ | ਸੈਹਤ |
| ਰਹਿਤ | /ਰ ਅ ਹ ਇ ਤ/ | ਅਇ | /ਰ ਐ ਹ ਤ/ | ਐ | ਰੈਹਤ |
| ਗਹਿਣਾ | /ਗ ਅ ਹ ਇ ਣ ਆ/ | ਅਇ | /ਗ ਐ ਹ ਣ ਆ/ | ਐ | ਗੈਹਣਾ |
| ਪਹਿਲਾ | /ਪ ਅ ਹ ਇ ਲ ਆ/ | ਅਇ | /ਪ ਐ ਹ ਲ ਆ/ | ਐ | ਪੈਹਲਾ |
| ਨਹਿ | /ਨ ਅ ਹ ਇ/ | ਅਇ | /ਨ ਐ ਹ/ | ਐ | ਨੈਹ |
| ਸਹਿ | /ਸ ਅ ਹ ਇ/ | ਅਇ | /ਸ ਐ ਹ/ | ਐ | ਸੈਹ |
| ਕਹਿ | /ਕ ਅ ਹ ਇ/ | ਅਇ | /ਕ ਐ ਹ/ | ਐ | ਕੈਹ |
| ਬਹਿ | /ਬ ਅ ਹ ਇ/ | ਅਇ | /ਬ ਐ ਹ/ | ਐ | ਬੈਹ |

***ਨੋਟ*** 1.: ਉਪ੍ਰੋਕਤ ਕਿਸਮ ਦੇ ਸ਼ਬਦਾਂ ਸੰਬੰਧੀ ਅਰੰਭ-ਕਾਲ ਵਿਚ 'ਹ' ਤੋਂ ਪਹਿਲੇ ਅੱਖਰ ਨੂੰ ਦੀਰਘ ਸੁਰ ਦੋ ਲਾਵਾਂ ( ੈ ) ਲਾਉਣ ਦੀ ਬਜਾਇ 'ਹ' ਅੱਖਰ ਨੂੰ ਹ੍ਰਸ੍ਵ ਸੁਰ (ਇ) ਲਾਉਣ ਦਾ ਮੰਤਵ ਇਹ ਭਾਸਦਾ ਹੈ ਕਿ ਇਸ ਤਰ੍ਹਾਂ 'ਹ' ਦੀ ਧੁਨੀ ਨੂੰ ਕੱਸ ਕੇ ਬੋਲਿਆ ਜਾ ਸਕੇ।

***ਨੋਟ*** 2.: ਜਦੋਂ ਸ਼ਬਦ ਦੇ ਅੰਤਲੇ 'ਹਿ' ਤੋਂ ਪਹਿਲੇ ਅੱਖਰ ਨੂੰ ਕੋਈ ਸੁਰ ਲਗਾ ਹੋਵੇ ਤਾਂ 'ਹ' ਅੱਖਰ ਦੇ, ਆਪਣੇ ਸੁਰੀ ਗੁਣ ਦੇ ਕਾਰਨ, ਅੰਤਲੇ ਹ੍ਰਸ੍ਵ ਸੁਰ (ਇ) ਦੀ ਧੁਨੀ ਸਾਧਾਰਨ ਨਾਲੋਂ ਕੁਝ ਵਧੇਰੇ ਲੰਮੀ ਹੋ ਜਾਇਆ ਕਰਦੀ ਹੈ। ਇਸ ਪੱਖੋਂ ਸਾਵਧਾਨੀ ਵਰਤੇ ਜਾਣ ਦੀ ਲੋੜ ਹੁੰਦੀ ਹੈ:

ਇਹਿ, ਆਹਿ, ਸ਼ੀਂਹਿ, ਅਸਨੇਹਿ, ਮੋਹਿ, ਮੁਹਿ ਆਦਿ ਸ਼ਬਦਾਂ ਦਾ ਉਚਾਰਣ ਕਰਦਿਆਂ ਅੰਤਲੇ 'ਹ' ਨੂੰ ਲਗੇ ਹ੍ਰਸ੍ਵ ਸੁਰ (ਇ) ਦੀ ਧੁਨੀ ਨੂੰ ਕੱਸ ਕੇ ਬੋਲਣਾ ਚਾਹੀਦਾ ਹੈ, ਤਾਂ ਜੁ ਇਹ ਲਾਂ ( ੇ ) ਦੀ ਧੁਨੀ ਨਾ ਬਣ ਜਾਏ।

***ਨੋਟ*** 3.: ਅੰਤਲੇ 'ਹ' ਨੂੰ ਲਗੀ ਸਿਹਾਰੀ ਦੀ ਧੁਨੀ ਘਟ ਲੰਮੀ ਕੀਤੀ ਜਾ ਸਕਦੀ ਹੈ, ਜੇ ਪਹਿਲੇ ਅੱਖਰ ਨੂੰ ਲਗੀ ਦੀਰਘ ਲਗ ਦੀ ਧੁਨੀ ਨੂੰ ਕੁਝ ਹੋਰ ਲਮਕਾਅ ਕੇ 'ਹ' ਦੀ ਪ੍ਰਾਣਤਾ (aspiration) ਨੂੰ ਕੱਸ ਕੇ ਛਡਿਆ ਜਾਵੇ।

ਗੁਰਬਾਣੀ ਦੇ ਸ਼ੁੱਧ ਉਚਾਰਣ ਲਈ ਉਪ੍ਰੋਕਤ ਅਤੇ ਅਜਿਹੇ ਸ਼ਬਦਾਂ ਦਾ ਪੁਰਾਤਨ ਕਾਲ ਵਾਲਾ ਉਚਾਰਣ ਸਿਖਣ ਅਤੇ ਇਸ ਦੇ ਅਭਿਆਸ ਕਰਨ ਦੀ ਲੋੜ ਹੈ।

**(ਅ) 'ਹੁ' ਜਦੋਂ ਇਸ ਤੋਂ ਪਹਿਲਾ ਅੱਖਰ ਮੁਕਤਾ ਹੋਵੇ**

(i) ਸ਼ਬਦਾਂ ਦੇ ਵਿਚਕਾਰ : ਸਹੁਰਾ, ਮਹੁਰਾ, ਖਹੁਰਾ, ਚਹੁਰਾ, ਬਹੁਤਾ, ਪਹੁਤਾ, ਆਦਿ।

(ii) ਸ਼ਬਦਾਂ ਦੇ ਅੰਤ ਵਿਚ: ਸਹੁ, ਕਹੁ, ਬਹੁ, ਲਹੁ, ਗਹੁ, ਆਦਿ।

ਉਪ੍ਰੋਕਤ ਸ਼ਬਦਾਂ ਵਿਚ ਹ੍ਰਸ੍ਵ ਸੁਰ 'ਔਂਕੜ' ਕਈਆਂ ਦੇ ਵਿਚਕਾਰਲੇ ਅਤੇ ਕਈਆਂ ਦੇ ਅੰਤਲੇ 'ਹ' ਅੱਖਰ ਨੂੰ ਲਗਾ ਹੈ। ਪੁਰਾਤਨ ਕਾਲ ਵਿਚ ਇਸ ਔਂਕੜ ਦਾ ਉਚਾਰਣ 'ਹ' ਦੇ ਨਾਲ ਉਠਾਇਆ ਜਾਂਦਾ ਸੀ ਅਤੇ ਇਹ ਦੋ-ਸੰਧੀ ਸੁਰ (ਅਉ) ਵਰਗਾ ਸੀ, ਜਦ ਕਿ ਨਵੀਨ ਕਾਲ ਵਿਚ ਇਹ ਉਚਾਰਣ ਇਕਹਿਰੇ ਸਾਧਾਰਨ ਸੁਰ (ਔ) ਵਾਲਾ ਹੈ ਅਤੇ ਇਹ

'ਹ' ਤੋਂ ਪਹਿਲੇ ਅੱਖਰ ਨਾਲ ਉਠਾਇਆ ਜਾਂਦਾ ਹੈ, ਜਿਹਾ ਕਿ ਥੱਲੇ ਦਿੱਤੇ ਧੁਨੀ-ਚਿਤਰ ਤੋਂ ਪ੍ਰਗਟ ਹੁੰਦਾ ਹੈ:

| ***ਮੂਲ ਸ਼ਬਦ*** | ***ਪੁਰਾਤਨ ਕਾਲ ਦਾ ਉਚਾਰਣ*** | | ***ਨਵੀਨ ਕਾਲ ਦਾ ਉਚਾਰਣ ਤੇ ਸ਼ਬਦ ਦਾ ਸਰੂਪ*** | | |
|---|---|---|---|---|---|
| | ***ਧੁਨੀ-ਚਿਤਰ*** | ***ਦੋ-ਸੰਧੀ ਸੁਰ*** | ***ਧੁਨੀ-ਚਿਤਰ*** | ***ਇਕਹਿਰਾ ਸੁਰ*** | ***ਸ਼ਬਦ-ਸਰੂਪ*** |
| ਸਹੁਰਾ | /ਸ ਅ ਹ ਉ ਰ ਆ/ | ਅਉ | /ਸ ਔ ਹ ਰ ਆ/ | ਔ | ਸੌਹਰਾ |
| ਮਹੁਰਾ | /ਮ ਅ ਹ ਉ ਰ ਆ/ | ਅਉ | /ਮ ਔ ਹ ਰ ਆ/ | ਔ | ਮੌਹਰਾ |
| ਖਹੁਰਾ | /ਖ ਅ ਹ ਉ ਰ ਆ/ | ਅਉ | /ਖ ਔ ਹ ਰ ਆ/ | ਔ | ਖੌਹਰਾ |
| ਬਹੁਤਾ | /ਬ ਅ ਹ ਉ ਤ ਆ/ | ਅਉ | /ਬ ਔ ਹ ਤ ਆ/ | ਔ | ਬੌਹਤਾ |
| ਪਹੁਤਾ | /ਪ ਅ ਹ ਉ ਤ ਆ/ | ਅਉ | /ਪ ਔ ਹ ਤ ਆ/ | ਔ | ਪੌਹਤਾ |
| ਸਹੁ | /ਸ ਅ ਹ ਉ/ | ਅਉ | /ਸ ਔ ਹ/ | ਔ | ਸੌਹ |
| ਕਹੁ | /ਕ ਅ ਹ ਉ/ | ਅਉ | /ਕ ਔ ਹ/ | ਔ | ਕੌਹ |
| ਬਹੁ | /ਬ ਅ ਹ ਉ/ | ਅਉ | /ਬ ਔ ਹ/ | ਔ | ਬੌਹ |

***ਨੋਟ:*** 1. ਉਪ੍ਰੋਕਤ ਸ਼ਬਦਾਂ ਵਿਚ 'ਹ' ਤੋਂ ਪਹਲੇ ਅੱਖਰ ਨੂੰ ਦੀਰਘ ਸੁਰ ਕਨੌੜਾ ਲਾਉਣ ਦੀ ਬਜਾਏ 'ਹ' ਅੱਖਰ ਨੂੰ ਹ੍ਰਸ੍ਵ ਸੁਰ ਔਂਕੜ (_) ਲਾਉਣ ਦਾ ਮੰਤਵ ਇਹ ਭਾਸਦਾ ਹੈ ਕਿ ਇਸ ਤਰ੍ਹਾਂ 'ਹ' ਦੀ ਧੁਨੀ ਨੂੰ ਜ਼ਰਾ ਕੱਸ ਕੇ ਬੋਲਿਆ ਜਾ ਸਕੇ।

2. ਜੇ ਸ਼ਬਦ ਦੇ ਅੰਤਲੇ 'ਹੁ' ਤੋਂ ਪਹਿਲੇ ਅੱਖਰ ਨੂੰ ਕੋਈ ਸੁਰ ਲਗਾ ਹੋਵੇ ਤਾਂ 'ਹ' ਅੱਖਰ ਦੇ, ਆਪਣੇ ਸੁਰੀ ਗੁਣ ਦੇ ਕਾਰਨ, ਅੰਤਲੇ ਹ੍ਰਸ੍ਵ ਸੁਰ ਔਂਕੜ (_) ਦੀ ਧੁਨੀ ਸਾਧਾਰਨ ਨਾਲੋਂ ਵਧੇਰੇ ਲੰਮੀ ਹੋ ਜਾਇਆ ਕਰਦੀ ਹੈ। ਇਸ ਧੁਨੀ ਦੇ ਹੋੜੇ ਵਲ ਉਲਾਰ ਹੋਣ ਬਾਰੇ ਸਾਵਧਾਨ ਰਹਿਣ ਦੀ ਲੋੜ ਹੁੰਦੀ ਹੈ। ਸਾਹੁ, ਕਿਹੁ, ਸਾਲਾਹਿਹੁ, ਨੀਹੁ, ਕਰੇਹੁ, ਮੁਹੁ, ਖੁਹੁ, ਮੋਹੁ ਆਦਿ ਸ਼ਬਦਾਂ ਦਾ ਉਚਾਰਣ ਕਰਦਿਆਂ ਇਹਨਾਂ ਦੇ ਅੰਤਲੇ 'ਹ' ਨੂੰ ਲਗੇ ਹ੍ਰਸ੍ਵ ਸੁਰ (_) ਦੀ ਧੁਨੀ ਨੂੰ ਕੱਸ ਕੇ ਬੋਲਣਾ ਚਾਹੀਏ, ਤਾਂ ਜੁ ਇਹ ਹੋੜੇ ਦੀ ਧੁਨੀ ਨਾ ਬਣ ਜਾਏ।

3. ਅੰਤਲੇ 'ਹ' ਅੱਖਰ ਨੂੰ ਲਗੇ ਹ੍ਰਸ੍ਵ ਸੁਰ ਔਂਕੜ ਦੀ ਧੁਨੀ ਨੂੰ ਵਧੇਰੇ ਲੰਮੇ ਹੋਣ ਤੋਂ ਰੋਕਿਆ ਜਾ ਸਕਦਾ ਹੈ ਜੇ ਪਹਿਲੇ ਅੱਖਰ ਨੂੰ ਲਗੀ ਦੀਰਘ ਲਗ ਦੀ ਧੁਨੀ ਨੂੰ ਰਤਾ ਕੁ ਹੋਰ ਲਮਕਾਅ ਕੇ 'ਹ' ਦੀ ਪ੍ਰਾਣਤਾ (aspiration) ਨੂੰ ਰਤਾ ਕੱਸ ਕੇ ਛੱਡਿਆ ਜਾਵੇ।

### ੪.੩.੩.੬ 'ਹ' ਅੱਖਰ ਦੀ ਧੁਨੀ ਦਾ ਹੋਰ ਅੱਖਰਾਂ ਨੂੰ ਲਗੇ ਹ੍ਰਸ੍ਵ ਸੁਰਾਂ ਦੀ ਧੁਨੀ 'ਤੇ ਪ੍ਰਭਾਵ

ਜਿਵੇਂ ਕਿ ਪਿਛੇ ਪੈਰਾ ੪.੩.੩.੨ ਵਿਚ ਵਰਨਨ ਕੀਤਾ ਗਿਆ ਹੈ, ਹੇਠ ਲਿਖੇ ਕਾਰਨਾਂ ਕਰਕੇ 'ਹ' ਦੇ ਉਚਾਰਣ ਵਿਚ ਸਾਧਾਰਨ ਨਾਲੋਂ ਜ਼ਿਆਦਾ ਜ਼ੋਰ ਲਗਦਾ ਹੈ:

(੧) 'ਹ' ਦਾ ਉਚਾਰਣ-ਤਲ ਬਾਕੀ ਅੱਖਰਾਂ ਦੇ ਟਾਕਰੇ 'ਤੇ ਵਧੇਰੇ ਡੂੰਘਾ ਹੈ।

(੨) 'ਹ' ਦੇ ਉਚਾਰਣ ਵਿਚ ਪ੍ਰਾਣਤਾ (aspiration) ਦੀ ਬਹੁਲਤਾ ਹੈ।

(੩) 'ਹ' ਦੇ ਉਚਾਰਣ ਵਿਚ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਹੀਂ ਕਰਦੇ ਅਤੇ ਸਾਹ ਦੇ ਰਸਤੇ ਵਿਚ ਕਿਧਰੇ ਕੋਈ ਰੁਕਾਵਟ ਨਹੀਂ ਪੈਂਦੀ।

ਉਪ੍ਰੋਕਤ ਤੱਥਾਂ ਦੇ ਫਲ-ਸਰੂਪ, ਕਿਸੇ ਸ਼ਬਦ ਦੇ ਅਰੰਭ ਵਿਚ, 'ਹ' ਅੱਖਰ ਤੋਂ ਪਹਿਲਾਂ ਆਏ ਕਿਸੇ ਅੱਖਰ ਨੂੰ ਲਗੇ ਹ੍ਰਸ੍ਵ ਸੁਰ ਦੀ ਧੁਨੀ 'ਹ' ਅੱਖਰ ਦੇ ਉਚਾਰਣ ਵਿਚ ਹੋਣ ਵਾਲੇ ਅਸਾਧਾਰਨ ਬਲ-ਪ੍ਰਯੋਗ ਦੇ ਕਾਰਨ ਪ੍ਰਭਾਵਤ ਹੋ ਕੇ ਸਾਧਾਰਨ ਨਾਲੋਂ ਵਧੇਰੇ ਲੰਮੀ ਹੋ ਜਾਇਆ ਕਰਦੀ ਹੈ।

ਇਸ ਤਰ੍ਹਾਂ / ਹ/ ਧੁਨੀ ਦੇ ਪ੍ਰਭਾਵ ਅਧੀਨ, ਇਸ ਤੋਂ ਪਹਿਲਾਂ, ਕਿਸੇ ਸ਼ਬਦ ਦੇ ਅਰੰਭ ਵਿਚ ਆਏ, ਕਿਸੇ ਅੱਖਰ ਨੂੰ ਲਗੇ ਔਂਕੜ ( ੁ ) ਦੀ ਧੁਨੀ ਸਾਧਾਰਨ ਨਾਲੋਂ ਲੰਮੇਰੀ ਹੋ ਕੇ ਹੋੜੇ ( ੋ ) ਦੀ ਧੁਨੀ ਵਲ ਉਲਾਰਵੀਂ ਹੋ ਜਾਂਦੀ ਹੈ, ਜਦ ਕਿ ਸਿਹਾਰੀ ( ਿ ) ਦੀ ਧੁਨੀ ਸਾਧਾਰਨ ਨਾਲੋਂ ਲੰਮੇਰੀ ਹੋ ਕੇ ਲਾਂ ( ੇ ) ਦੀ ਧੁਨੀ ਵਲ ਉਲਾਰਵੀਂ ਹੁੰਦੀ ਹੈ, ਜਿਵੇਂ :

(ੳ) ਸੁਹਣਾ, ਮੁਹਣਾ, ਕੁਹਣਾ, ਮੁਹਕਮ, ਮੁਹਲਤਿ ਆਦਿ ਸ਼ਬਦਾਂ ਦੇ ਉਚਾਰਣ ਵਿਚ ਇਹਨਾਂ ਦੇ ਅਰੰਭਕ ਅੱਖਰ ਨੂੰ ਲਗੇ ਔਂਕੜ ਦੀ ਧੁਨੀ ਸਾਧਾਰਨ ਨਾਲੋਂ ਲੰਮੀ ਹੋ ਕੇ ਹੋੜੇ ( ੋ ) ਵਲ ਉਲਾਰਵੀਂ ਹੋ ਜਾਂਦੀ ਹੈ।

*ਨੋਟ* 1. : ਉਪ੍ਰੋਕਤ ਸ਼ਬਦਾਂ ਦੇ ਅਰੰਭਕ ਅੱਖਰ ਨਾਲ ਹੋੜੇ ਦੀ ਬਜਾਏ ਔਂਕੜ ਦੀ ਵਰਤੋਂ, ਬੋਲੀ ਦਾ ਨਿਰਮਾਣ ਕਰਨ ਵਾਲੇ ਸੁਜਾਨ ਪੁਰਸ਼ਾਂ ਨੇ ਇਸ ਤੱਥ ਨੂੰ ਮੁਖ ਰਖ ਕੇ ਪ੍ਰਚਲਤ ਕੀਤੀ ਜਾਪਦੀ ਹੈ ਕਿ ਅੱਗੇ ਆਉਣ ਵਾਲੇ 'ਹ' ਅੱਖਰ ਦੇ ਉਚਾਰਣ ਵਿਚ ਅਸਾਧਾਰਨ ਬਲ-ਪ੍ਰਯੋਗ ਕਾਰਨ ਔਂਕੜ ਦੀ ਧੁਨੀ ਅਵੱਸ਼ ਹੀ ਹੋੜੇ ਦੀ ਧੁਨੀ ਵੱਲ ਉਲਾਰਵੀਂ ਹੋ ਜਾਣੀ ਹੁੰਦੀ ਹੈ।

*ਨੋਟ* 2. : ਗੁਰਬਾਣੀ ਵਿਚ ਕਈ ਉਪ੍ਰੋਕਤ ਕਿਸਮ ਦੇ ਸ਼ਬਦਾਂ ਦੇ ਅਰੰਭਕ ਅੱਖਰਾਂ ਨਾਲ ਹੋੜੇ ਦੀ ਵਰਤੋਂ ਵੀ ਕੀਤੀ ਮਿਲਦੀ ਹੈ। ਅਜਿਹਾ ਕਾਵਿ-ਤੋਲ ਨੂੰ ਮੁਖ ਰਖ ਕੇ ਕੀਤਾ ਜਾਪਦਾ ਹੈ।

(ਅ) ਮਿਹਰ, ਕਿਹਰ, ਕਿਹੜਾ, ਚਿਹਰਾ, ਸਿਹਰਾ, ਜਿਹੜਾ, ਇਹ, ਆਦਿ ਸ਼ਬਦਾਂ ਦੇ ਉਚਾਰਣ ਵਿਚ ਇਹਨਾਂ ਦੇ ਅਰੰਭਕ ਅੱਖਰ ਨੂੰ ਲਗੀ ਸਿਹਾਰੀ ( ਿ ) ਦੀ ਧੁਨੀ ਸਾਧਾਰਨ ਨਾਲੋਂ ਲੰਮੀ ਹੋ ਕੇ ਲਾਂ ( ੇ ) ਵਲ ਉਲਾਰਵੀਂ ਹੋ ਜਾਂਦੀ ਹੈ।

*ਨੋਟ* 1. : ਉਪ੍ਰੋਕਤ ਸ਼ਬਦਾਂ ਦੇ ਅਰੰਭਕ ਅੱਖਰ ਨਾਲ ਲਾਂ ( ੇ ) ਦੀ ਬਜਾਏ ਸਿਹਾਰੀ ( ਿ ) ਦੀ ਵਰਤੋਂ ਬੋਲੀ ਦਾ ਨਿਰਮਾਣ ਕਰਨਹਾਰੇ ਸੁਜਾਨ ਪੁਰਸ਼ਾਂ ਨੇ ਇਸ ਤੱਥ ਨੂੰ ਮੁਖ ਰਖ ਕੇ ਪ੍ਰਚਲਤ ਕੀਤੀ ਜਾਪਦੀ ਹੈ ਕਿ ਅੱਗੇ ਆਉਣ ਵਾਲੇ 'ਹ' ਅੱਖਰ ਦੇ ਉਚਾਰਣ ਵਿਚ ਅਸਾਧਾਰਨ ਬਲ-ਪ੍ਰਯੋਗ ਦੇ ਕਾਰਨ ਸਿਹਾਰੀ ਦੀ ਧੁਨੀ ਅਵੱਸ਼ ਹੀ ਲਾਂ ( ੇ ) ਦੀ ਧੁਨੀ ਵਲ ਉਲਾਰਵੀਂ ਹੋ ਜਾਣੀ ਹੁੰਦੀ ਹੈ।

*ਨੋਟ* 2. : ਗੁਰਬਾਣੀ ਵਿਚ ਕਈ ਉਪ੍ਰੋਕਤ ਕਿਸਮ ਦੇ ਸ਼ਬਦਾਂ ਦੇ ਅਰੰਭਕ ਅੱਖਰਾਂ ਨਾਲ ਲਾਂ ਦੀ ਵਰਤੋਂ ਵੀ ਕੀਤੀ ਮਿਲਦੀ ਹੈ। ਅਜਿਹਾ ਕਾਵਿ-ਤੋਲ ਨੂੰ ਮੁਖ ਰਖ ਕੇ ਕੀਤਾ ਜਾਪਦਾ ਹੈ।

### ੪.੩.੩.੭ ਵਿਚਕਾਰਲੇ ਅਤੇ ਅੰਤਲੇ 'ਹ' ਮੁਕਤਾ ਦਾ ਉਚਾਰਣ

ਜਦੋਂ 'ਹ' ਅੱਖਰ ਕਿਸੇ ਸ਼ਬਦ ਦੇ ਵਿਚਕਾਰ ਜਾਂ ਅੰਤ ਵਿਚ ਮੁਕਤਾ ਰੂਪ ਵਿਚ ਆਵੇ ਅਤੇ ਇਸ ਤੋਂ ਪਹਿਲਾਂ ਆਇਆ ਵਿਅੰਜਨ ਵੀ ਮੁਕਤਾ ਹੋਵੇ ਤਾਂ ਇਸ ਦੀ ਧੁਨੀ ਖੜੀ ਤੜੀ ਹੁੰਦੀ ਹੈ।

ਅਜੋਕੀ ਪੰਜਾਬੀ ਲਿਖਤ ਵਿਚ ਸ਼ਬਦਾਂ ਦੇ ਵਿਚਕਾਰ ਜਾਂ ਅੰਤ ਵਿਚ 'ਹ' ਮੁਕਤਾ ਦੀ ਵਰਤੋਂ ਕਿਸੇ ਮੁਕਤਾ-ਵਿਅੰਜਨ ਮਗਰੋਂ ਆਮ ਤੌਰ 'ਤੇ ਨਹੀਂ ਕੀਤੀ ਜਾਂਦੀ, ਪਰ ਪੁਰਾਤਨ ਪੰਜਾਬੀ ਅਥਵਾ ਗੁਰਬਾਣੀ ਵਿਚ ਅਜਿਹੀ ਵਰਤੋਂ ਕਾਫ਼ੀ ਮਿਲਦੀ ਹੈ।

ਪ੍ਰਚਲਤ ਪ੍ਰਥਾ ਅਨੁਸਾਰ ਸ਼ਬਦਾਂ ਦੇ ਵਿਚਕਾਰਲੇ ਅਤੇ ਅੰਤਲੇ 'ਹ' ਮੁਕਤਾ ਦੀ, ਜਦੋਂ ਇਹ ਕਿਸੇ ਮੁਕਤਾ-ਅੱਖਰ ਮਗਰੋਂ ਆਵੇ, ਠੀਕ ਠੀਕ ਧੁਨੀ ਨਹੀਂ ਬੋਲੀ ਜਾਂਦੀ, ਸਗੋਂ ਇਸ ਦਾ ਉਚਾਰਣ ਏਵੇਂ ਕੀਤਾ ਜਾਂਦਾ ਹੈ ਜਿਵੇਂ 'ਹ' ਨੂੰ ਸਿਹਾਰੀ ਲਗੀ ਹੋਵੇ।

'ਨਹ' ਅਤੇ 'ਨਹਿ', 'ਰਹਤ' ਅਤੇ 'ਰਹਿਤ', 'ਗਹਣਾ' ਅਤੇ 'ਗਹਿਣਾ'; ਇਹਨਾਂ ਸ਼ਬਦ-ਜੋਟਿਆਂ ਦਾ ਉਚਾਰਣ ਆਮ ਤੌਰ 'ਤੇ ਇਕੋ ਜਿਹਾ ਹੀ ਕੀਤਾ ਜਾਂਦਾ ਹੈ। ਪਰ ਜਦ ਇਹਨਾਂ ਸ਼ਬਦ-ਜੋਟਿਆਂ ਦੀ ਬਣਤਰ ਪਰਸਪਰ ਵਿਭਿੰਨ ਹੈ ਤਾਂ ਉਚਾਰਣ ਇਕ-ਸਾਰ ਕਿਵੇਂ ਹੋ ਸਕਦਾ ਹੈ ? 'ਹ' ਅਤੇ 'ਹਿ' ਦੀ ਧੁਨੀ ਵੱਖਰੀ ਵੱਖਰੀ ਹੈ, ਇਹਨਾਂ ਨੂੰ ਰਲ-ਗੱਡ ਕਰਨਾ ਅਨੁਚਿਤ ਹੈ।

'ਸਹਜ' ਦਾ ਉਚਾਰਣ 'ਸਹਿਜ' ਵਾਂਗ ਕੀਤਾ ਜਾਣਾ ਕਿਵੇਂ ਦਰੁਸਤ ਹੋ ਸਕਦਾ ਹੈ ?
'ਪਹਰ' ਦਾ ਉਚਾਰਣ 'ਪਹਿਰ' ,, ,, ,, ,,
'ਸਹਸਾ' ਦਾ ਉਚਾਰਣ 'ਸਹਿਸਾ' ,, ,, ,, ,,
'ਟਹਲ' ਦਾ ਉਚਾਰਣ 'ਟਹਿਲ' ,, ,, ,, ,,
'ਨਹ' ਦਾ ਉਚਾਰਣ 'ਨਹਿ' ,, ,, ,, ,,
'ਜਹ' ਦਾ ਉਚਾਰਣ 'ਜਹਿ' ,, ,, ,, ,,
'ਕਰਹ' ਦਾ ਉਚਾਰਣ 'ਕਰਹਿ' ,, ,, ,, ,,
'ਦਰਗਹ' ਦਾ ਉਚਾਰਣ 'ਦਰਗਹਿ' ,, ,, ,, ,,
'ਦਹ' ਦਾ ਉਚਾਰਣ 'ਦਹਿ' ,, ,, ,, ,,

ਸੋ 'ਹ' (ਮੁਕਤਾ) ਦੀ ਠੀਕ ਠੀਕ (ਖੜੀ ਤੜੀ) ਧੁਨੀ ਨੂੰ ਪ੍ਰਚਲਤ ਕੀਤੇ ਜਾਣ ਦੀ ਲੋੜ ਹੈ।

### ੪.੩.੩.੮ 'ਹ' ਅੱਖਰ ਦੀ ਸੁਰ-ਧੁਨੀ

ਸ਼ਬਦਾਂ ਦੇ ਅਰੰਭ ਵਿਚ ਆਏ 'ਹ' ਅੱਖਰ ਦੀ ਵਿਅੰਜਨ ਧੁਨੀ ਦਾ ਉਚਾਰਣ ਸਪੱਸ਼ਟ ਰੂਪ ਵਿਚ ਹੁੰਦਾ ਹੈ। ਇਸ ਬਾਰੇ ਸਰਬ-ਸੰਮਤੀ ਹੈ। ਕਈ ਇਲਾਕਿਆਂ ਦੀ ਪ੍ਰਚਲਤ ਬੋਲ-ਚਾਲ ਨੂੰ ਮੁਖ ਰਖਦਿਆਂ, ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਸ਼ਬਦਾਂ ਦੇ ਵਿਚਕਾਰਲੇ ਅਤੇ ਅੰਤਲੇ 'ਹ' ਦੀ ਵਿਅੰਜਨ ਧੁਨੀ ਦੀ ਬਜਾਏ ਸੁਰ-ਧੁਨੀ ਬੋਲਦੀ ਹੈ। ਪਰ ਸਾਰੇ ਭਾਸ਼ਾ-ਵਿਗਿਆਨੀ ਇਸ ਤੱਥ ਨਾਲ ਸਹਿਮਤ ਹਨ ਕਿ ਵਿਚਕਾਰਲੇ ਅਤੇ ਅੰਤਲੇ 'ਹ' ਦਾ ਉਚਾਰਣ ਪੁਆਧੀ, ਮਲਵਈ ਅਤੇ ਲਹਿੰਦੀ ਵਿਚ ਅਜੇ ਵੀ ਸਹੀ ਰੂਪ (ਵਿਅੰਜਨ ਧੁਨੀ) ਵਿਚ ਕੀਤਾ ਜਾਂਦਾ ਹੈ।

'ਹ' ਦੀ ਧੁਨੀ ਸੁਰ-ਧੁਨੀ ਓਦੋਂ ਹੁੰਦੀ ਹੈ ਜਦੋਂ ਇਹ ਕਿਸੇ ਸ਼ਬਦ ਦੇ ਅੰਤ ਵਿਚ ਉਤੋੜੁਤੀ ਦੋ ਵਾਰੀ ਆ ਜਾਵੇ, ਜਿਵੇਂ :

ਕਿਰਿਆਵੀ ਸ਼ਬਦ : ਰਹਹੁ, ਕਹਹੁ, ਬਹਹੁ
ਰਹਹਿ, ਕਹਹਿ, ਬਹਹਿ
ਨਾਂਵ ਸ਼ਬਦ : ਰਾਹਹੁ, ਸ਼ੇਹਹੁ, ਸਿਆਹਹੁ, ਕਪਾਹਹੁ, ਆਦਿ।

*ਨੋਟ:* ਕਿਰਿਆਵੀ ਪਿਛੇਤਰ 'ਹੁ' ਦੀ ਧੁਨੀ ਨਾਸਿਕਤਾ ਤੋਂ ਬਗ਼ੈਰ ਹੁੰਦੀ ਹੈ, ਜਦ ਕਿ ਨਾਂਵ-ਸ਼ਬਦਾਂ ਦਾ ਅੰਤਲਾ ਅਪਾਦਾਨ ਕਾਰਕ-ਚਿੰਨ੍ਹ 'ਹੁ' ਨਾਸਕੀ ਬੋਲਦਾ ਹੈ।

ਉਪ੍ਰੋਕਤ ਸ਼ਬਦਾਂ ਦੇ ਵਿਚਕਾਰਲੇ 'ਹ' ਦੀ ਵਿਅੰਜਨ-ਧੁਨੀ ਭਰਵੀਂ ਅਵਾਜ਼ ਵਿਚ ਬੋਲਦੀ ਹੈ, ਜਦ ਕਿ ਅੰਤਲੇ 'ਹ' ਦੀ ਸੁਰ-ਧੁਨੀ ਪਹਿਲੇ 'ਹ' ਦੀ ਵਿਅੰਜਨ-ਧੁਨੀ ਵਿਚ ਲੀਨ ਹੋ ਕੇ ਉਸ ਨੂੰ ਵਧੇਰੇ ਪ੍ਰਬਲ ਅਤੇ ਗੰਭੀਰ ਕਰਦੀ ਹੈ ਅਤੇ ਇਸ ਨੂੰ ਲਗੇ ਹ੍ਰਸ੍ਵ ਸੁਰ ਦੀ ਧੁਨੀ ਦੂਹਰੇ 'ਹ' ਦੇ ਉਚਾਰਣ ਵਿਚ ਵਿਸ਼ੇਸ਼ ਬਲ-ਪ੍ਰਯੋਗ ਕਾਰਨ ਸਾਧਾਰਨ ਨਾਲੋਂ ਵਧੇਰੇ ਲੰਮੀ ਹੋ ਕੇ ਨਾਲ ਹੀ ਬੋਲਦੀ ਹੈ।

**ਅੰਤਲੇ 'ਹ' ਦੀ ਸੁਰ-ਧੁਨੀ ਬਾਰੇ ਭੁਲੇਖਾ**

ਅੰਤਲੇ 'ਹ' ਦੀ ਸੁਰ-ਧੁਨੀ ਬਾਰੇ ਸਾਡੇ ਕੁਝ ਵੀਰਾਂ ਦਾ ਵਿਚਾਰ ਇਸ ਪ੍ਰਕਾਰ ਹੈ:

ਕਿਸੇ ਸ਼ਬਦ ਦੇ ਅੰਤ ਵਿਚ 'ਹੁ' ਲਾ ਕੇ ਜਦੋਂ ਇਸ ਨੂੰ ਸੰਬੰਧਕੀ ਬਣਾਇਆ ਗਿਆ ਹੋਵੇ ਤਾਂ ਇਸ 'ਹੁ' ਦਾ ਉਚਾਰਣ ਬਿੰਦੀ ਲਗੇ ਹੋੜੇ (ਹੋਂ) ਵਾਂਗ ਕੀਤਾ ਜਾਵੇਗਾ ਅਤੇ ਇਸ ਤਰ੍ਹਾਂ:

'ਵਿਚਹੁ' ਦਾ ਉਚਾਰਣ 'ਵਿਚੋਂ' ਹੋਵੇਗਾ।
'ਕਾਬਲਹੁ' ਦਾ ਉਚਾਰਣ 'ਕਾਬਲੋਂ' ਹੋਵੇਗਾ।
'ਮੁਖਹੁ' ਦਾ ਉਚਾਰਣ 'ਮੁਖੋਂ' ਹੋਵੇਗਾ।
'ਜੀਅਹੁ' ਦਾ ਉਚਾਰਣ 'ਜੀਓਂ' ਹੋਵੇਗਾ।
'ਮਨਹੁ' ਦਾ ਉਚਾਰਣ 'ਮਨੋਂ' ਹੋਵੇਗਾ।
'ਵਿਟਹੁ' ਦਾ ਉਚਾਰਣ 'ਵਿਟੋਂ' ਹੋਵੇਗਾ।

ਪ੍ਰੰਤੂ ਜੇਕਰ 'ਹੁ'-ਅੰਤ ਵਾਲਾ ਸ਼ਬਦ ਕਿਰਿਆ ਹੈ ਅਤੇ ਦੂਜਾ ਪੁਰਖ ਅਥਵਾ ਸੰਬੋਧਨ ਕਰਨ ਲਈ ਬਹੁ-ਵਚਨ ਵਿਚ ਵਰਤਿਆ ਹੈ ਤਾਂ ਬਿੰਦੋ ਰਹਿਤ ਹੋੜੇ ਵਾਂਗ ਬੋਲਿਆ ਜਾਵੇਗਾ, ਯਥਾ:

'ਪਾਵਹੁ' ਨੂੰ 'ਪਾਵੋ' ਪੜ੍ਹਾਂਗੇ।
'ਜਾਵਹੁ' ਨੂੰ 'ਜਾਵੋ' ਪੜ੍ਹਾਂਗੇ।
'ਸੁਣਹੁ' ਨੂੰ 'ਸੁਣੋ' ਪੜ੍ਹਾਂਗੇ। *(ਜਵਾਬ-ਉਲ-ਜਵਾਬ, ਪੰਨਾ ੧੪੩)*

ਉਪ੍ਰੋਕਤ ਲਿਖਤ ਵਿਚ ਸੁਝਾਏ ਉਚਾਰਣ ਧੁਨੀ-ਵਿਗਿਆਨ ਦੀ ਧੁਨੀ-ਵਿਉਂਤ 'ਤੇ ਆਧਾਰਤ ਨਹੀਂ ਹਨ, ਇਸ ਲਈ ਦਰੁਸਤ ਨਹੀਂ ਕਹੇ ਜਾ ਸਕਦੇ। 'ਅ' ਸੁਰ ਅੱਖਰ ਹੈ ਅਤੇ 'ਹ' ਵਿਅੰਜਨ। ਦੋਹਾਂ ਦੀ ਧੁਨੀ ਵਿਚ ਪ੍ਰਾਣਤਾ (aspiration) ਹੀ ਨਿਖੇੜਕ-ਤੱਥ ਹੈ। ਇਹ ਪ੍ਰਾਣਤਾ ਹੀ 'ਹ' ਦੀ ਧੁਨੀ ਦੀ ਵਿਸ਼ੇਸ਼ਤਾ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਪੁਆਧੀ, ਮਲਵਈ ਅਤੇ ਲਹਿੰਦੀ ਵਿਚ ਅੰਤਲੇ 'ਹ' ਦੀ ਵਿਅੰਜਨ ਧੁਨੀ ਦਾ ਉਚਾਰਣ ਸਪੱਸ਼ਟ ਤੌਰ 'ਤੇ ਅੱਜ ਵੀ ਕਾਇਮ ਹੈ। ਗੁਰਬਾਣੀ ਦੇ ਪ੍ਰੇਮੀ ਵੀ ਅੰਤਲੇ 'ਹ' ਦੀ ਧੁਨੀ ਦਾ ਸਪੱਸ਼ਟ ਉਚਾਰਣ ਕਰਨ ਦੀ ਸਮਰੱਥਾ ਰਖਦੇ ਹਨ। ਜੋ ਸਜਣ ਅਜਿਹੀ ਸਮਰੱਥਾ ਨਹੀਂ ਰਖਦੇ ਉਹ ਥੋੜਾ ਜਤਨ ਕਰ ਕੇ ਸਿੱਖ ਸਕਦੇ ਹਨ।

ਜਿਥੋਂ ਤਕ ਅੰਤਲੇ 'ਹ' ਦੀ ਧੁਨੀ ਦੇ ਟੋਨ (tone) ਵਿਚ ਵਟੀਜਣ (ਬਦਲਣ) ਦਾ ਸੰਬੰਧ ਹੈ, ਇਸ ਤਬਦੀਲੀ ਦੇ ਬਾਵਜੂਦ 'ਹ' ਦੀ ਪ੍ਰਾਣਤਾ (aspiration) ਦਾ ਅੰਸ਼ ਕਿਸੇ

ਨਾ ਕਿਸੇ ਰੂਪ ਵਿਚ ਜ਼ਰੂਰ ਰਹਿੰਦਾ ਹੈ ਤੇ ਇਸ ਪ੍ਰਾਣਤਾ ਨੂੰ ਉਜਾਗਰ ਕਰਨ ਲਈ ਆਮ ਤੌਰ 'ਤੇ ਉੱਚੀ ਸੁਰ ਵਰਤੀ ਜਾਂਦੀ ਹੈ। 'ਹ' ਦੀ ਧੁਨੀ ਮੂਲੋਂ ਹੀ 'ਅ' ਵਿਚ ਕਿਵੇਂ ਵਟੀਜ ਸਕਦੀ ਹੈ ? ਹੇਠ ਲਿਖੇ ਸ਼ਬਦਾਂ, ਜਿਨ੍ਹਾਂ ਦੇ ਅੰਤ ਵਿਚ 'ਹ' ਆਉਂਦਾ ਹੈ, ਉਹਨਾਂ ਦਾ ਉਚਾਰਣ ਅਤੇ ਅਰਥ ਉਹਨਾਂ ਸ਼ਬਦਾਂ ਤੋਂ ਵੱਖਰਾ ਹੈ, ਜਿਨ੍ਹਾਂ ਦੇ ਅੰਤ ਵਿਚ 'ਅ' ਹੈ :

| | |
|---|---|
| ਚਾਹ | ਚਾਅ |
| ਦਾਹ | ਦਾਅ |
| ਗਾਹ | ਗਾਅ |
| ਭਾਹ | ਭਾਅ |
| ਰਾਹ | ਰਾਅ |
| ਵਾਹ | ਵਾਅ |

ਉਪ੍ਰੋਕਤ ਵਿਚਾਰ ਨੂੰ ਮੁਖ ਰਖਦਿਆਂ ਸ਼ਬਦ 'ਜੀਅਹੁ' ਦਾ ਉਚਾਰਣ 'ਜੀਓਂ' ਕਿਵੇਂ ਵੀ ਨਹੀਂ ਬਣਦਾ, ਕਿਉਂਕਿ ਇਸ ਵਿਚ ਨਾ ਹੀ ਮੂਲ-ਸ਼ਬਦ (ਜੀਅਹੁ) ਦੇ ਵਿਚਕਾਰਲੇ 'ਅ' ਦਾ ਅੰਸ਼ ਹੈ ਅਤੇ ਨਾ ਹੀ 'ਹ' ਦੀ ਪ੍ਰਾਣਤਾ ਦਾ। ਕੋਈ ਪੁਛੇ 'ਸਹੁ' ਦਾ ਉਚਾਰਣ 'ਸਉ' ਜਾਂ 'ਸੋ' ਕਿਵੇਂ ਬਣ ਸਕਦਾ ਹੈ ? 'ਧੁਨੀ-ਵਿਗਿਆਨ' ਇਕ ਸੰਪੂਰਨ ਵਿਗਿਆਨ ਹੈ ਅਤੇ ਧੁਨੀ-ਉਚਾਰ ਦੇ ਨਿਸਚਿਤ ਨੇਮ ਹਨ। ਇਹ ਕੋਈ ਢਕੌਂਸਲੇ ਨਹੀਂ। ਉਚਾਰਣ ਦੇ ਸਿਲਸਿਲੇ ਵਿਚ ਵਿਚਾਰ ਧੁਨੀ-ਵਿਓਂਤ ਉਤੇ ਅਧਾਰਤ ਹੋਣੇ ਚਾਹੀਦੇ ਹਨ, ਨਾ ਕਿ ਢਕੌਂਸਲੇ-ਬਾਜ਼ੀ 'ਤੇ।

### ੪.੩.੩.੯ ਇਕਹਿਰੇ ਅਤੇ ਦੂਹਰੇ 'ਹ' ਦੀ ਧੁਨੀ ਦਾ ਪਰਸਪਰ ਫ਼ਰਕ

- ਪਿਛੇ ਅਸੀਂ ਦੇਖਿਆ ਹੈ ਕਿ ਗੁਰਬਾਣੀ ਵਿਚ ਆਏ ਕੁਝ ਸ਼ਬਦਾਂ ਦੇ ਅੰਤ ਵਿਚ 'ਹ' ਅੱਖਰ ਇਕੱਲਾ ਆਉਂਦਾ ਹੈ, ਜਦ ਕਿ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦੇ ਅੰਤ ਵਿਚ 'ਹ' ਉਤੋੜਤੀ ਦੋ ਵਾਰੀ ਆਉਂਦਾ ਹੈ, ਜਿਵੇਂ :

| | ***ਇਕੱਲੇ 'ਹ' ਵਾਲੇ*** —1— | ***ਦੂਹਰੇ 'ਹ' ਵਾਲੇ*** —2— |
|---|---|---|
| ਨਾਂਵ ਸ਼ਬਦ | ਰਾਹੁ, ਸਿਆਹੁ, ਸਾਹੁ | ਰਾਹਹੁ, ਸਿਆਹਹੁ, ਸਾਹਹੁ |
| ਕਿਰਿਆ ਸ਼ਬਦ | ਕਹੁ, ਬਹੁ, ਰਹੁ, ਸਹੁ, | ਕਹਹੁ, ਬਹਹੁ, ਰਹਹੁ, ਸਹਹੁ |

***ਨੋਟ :*** 1. ਉਪਰਲੇ ਕਾਲਮ ਨੰ. 1 ਥੱਲੇ ਅੰਕਤ ਨਾਂਵ-ਸ਼ਬਦਾਂ ਵਿਚ ਅੰਤਲਾ ਔਂਕੜ (ੁ) ਕਰਤਾ ਕਾਰਕ ਅਤੇ ਕਰਮ ਕਾਰਕ ਦਾ ਇਕ-ਵਚਨੀ ਕਾਰਕ-ਚਿੰਨ੍ਹ ਹੈ, ਜਿਸ ਦਾ ਉਚਾਰਣ ਨਾਸਿਕਤਾ ਤੋਂ ਬਗ਼ੈਰ ਹੈ, ਜਦ ਕਿ ਕਾਲਮ ਨੰ. 2 ਥੱਲੇ ਅੰਕਤ ਨਾਂਵ-ਸ਼ਬਦਾਂ ਵਿਚ ਅੰਤਲਾ 'ਹੁ' ਅਪਾਦਾਨ ਕਾਰਕ ਦਾ ਇਕ-ਵਚਨੀ ਕਾਰਕ-ਚਿੰਨ੍ਹ ਹੈ, ਜਿਸ ਦਾ ਉਚਾਰਣ ਨਾਸਕੀ ਹੁੰਦਾ ਹੈ।

2. ਉਪਰਲੇ ਕਾਲਮ ਨੰ. 1 ਥੱਲੇ ਅੰਕਤ ਕਿਰਿਆ-ਸ਼ਬਦਾਂ ਦਾ ਅੰਤਲਾ ਕਿਰਿਆਵੀ-ਪਿਛੇਤਰ ਔਂਕੜ (ੁ) ਹੈ, ਜਿਸ ਦੁਆਰਾ ਧਾਤੂਆਂ ਤੋਂ ਹੁਕਮੀ ਭਵਿਖਤ ਕਾਲ, ਮਧਮ ਪੁਰਖ, ਇਕ-ਵਚਨ ਦੀਆਂ ਕਿਰਿਆਂ ਬਣੀਆਂ ਹਨ, ਜਦ ਕਿ ਕਾਲਮ ਨੰ. 2 ਥੱਲੇ ਅੰਕਤ ਕਿਰਿਆ-ਸ਼ਬਦਾਂ ਵਿਚ ਕਿਰਿਆਵੀ-ਪਿਛੇਤਰ 'ਹੁ' ਹੈ, ਜਿਸ ਨਾਲ ਧਾਤੂਆਂ ਤੋਂ ਹੁਕਮੀ ਭਵਿਖਤ ਕਾਲ, ਮਧਮ ਪੁਰਖ, ਬਹੁ-ਵਚਨ ਦੀਆਂ

ਕਿਰਿਆਂ ਬਣੀਆਂ ਹਨ। ਦੋਹਾਂ ਕਿਸਮਾਂ ਦੀਆਂ ਕਿਰਿਆਵਾਂ ਦਾ ਉਚਾਰਣ ਨਾਸਿਕਤਾ-ਰਹਿਤ ਹੈ।

'ਕਹੁ' ਅਤੇ 'ਕਹਹੁ', ਇਹਨਾਂ ਦੋ ਕਿਸਮਾਂ ਦੇ ਸ਼ਬਦਾਂ ਦੇ ਉਚਾਰਣ ਵਿਚ ਫ਼ਰਕ ਕੇਵਲ ਇਕਹਿਰੇ ਅਤੇ ਦੂਹਰੇ 'ਹ' ਅੱਖਰ ਦੀ ਧੁਨੀ-ਬਲ ਦਾ ਹੈ। ਅੰਤਲੇ ਹ੍ਰਸ੍ਵ ਸੂਰ ਔਂਕੜ ( ੁ) ਦਾ ਉਚਾਰਣ ਤਾਂ 'ਹ' ਦੀ ਪ੍ਰਾਣਤਾ ਅਤੇ ਇਸ ਦੇ ਸੁਰੀ-ਗੁਣ ਕਾਰਨ ਦੋਹਾਂ ਸ਼ਬਦਾਂ ਵਿਚ ਸਾਧਾਰਨ ਨਾਲੋਂ ਲੰਮੇਰਾ ਹੁੰਦਾ ਹੈ। ਇਕਹਿਰੇ 'ਹ' ਦੀ ਧੁਨੀ ਨਾਲੋਂ ਦੂਹਰੇ 'ਹ' ਦੀ ਧੁਨੀ ਅਵੱਸ਼ ਹੀ ਭਰਵੀਂ, ਪ੍ਰਬਲ ਅਤੇ ਲੰਮੇਰੀ ਹੋਵੇਗੀ, ਭਾਵੇਂ ਅੰਤਲੇ 'ਹ' ਦੀ ਧੁਨੀ ਸੁਰ-ਧੁਨੀ ਵਿਚ ਵਟੀਜ ਕੇ ਪਹਿਲੇ 'ਹ' ਦੀ ਧੁਨੀ ਵਿਚ ਲੀਨ ਹੋ ਜਾਂਦੀ ਹੈ।

### ੪.੩.੩.੧੦ 'ਹ' ਦੀ ਭਾਰ-ਚਿੰਨ੍ਹ ਵਜੋਂ ਵਰਤੋਂ

ਗੁਰਬਾਣੀ ਵਿਚ 'ਹ' ਅੱਖਰ ਦੀ ਭਾਰ-ਚਿੰਨ੍ਹ ਵਜੋਂ ਵਰਤੋਂ ਆਮ ਮਿਲਦੀ ਹੈ। ਗੁਰਬਾਣੀ ਵਿਚ ਸੂਰਾਂ ਅਤੇ ਵਿਅੰਜਨਾਂ; ਇਹਨਾਂ ਦੋਹਾਂ ਦੀ ਧੁਨੀ ਨੂੰ ਭਾਰਾ ਕਰਨ ਲਈ, ਭਾਵ, ਉਸ ਦੀ ਪ੍ਰਾਣਤਾ (aspiration) ਦਾ ਅੰਸ਼ ਸ਼ਾਮਲ ਕਰਨ ਲਈ 'ਹ' ਦੀ ਵਰਤੋਂ ਕੀਤੀ ਮਿਲਦੀ ਹੈ।

#### (ੳ) ਸੂਰਾਂ ਨਾਲ ਭਾਰ-ਚਿੰਨ੍ਹ ਵਜੋਂ ਵਰਤੋਂ

ਗੁਰਬਾਣੀ ਵਿਚ ਕਈ ਸ਼ਬਦਾਂ ਦੇ ਅੰਤਲੇ ਸੂਰ ਦੀ ਧੁਨੀ ਨੂੰ ਭਾਰਾ ਕਰਨ ਲਈ ਤੇ ਇਸ ਤਰ੍ਹਾਂ ਕਾਵਿ-ਤੋਲ ਨੂੰ ਪੂਰਾ ਕਰਨ ਲਈ ਉਹਨਾਂ ਦੇ ਅੰਤ ਵਿਚ 'ਹ' ਅੱਖਰ ਦੀ (ਸੰਪੂਰਨ ਰੂਪ ਵਿਚ) ਵਰਤੋਂ, ਭਾਰ-ਚਿੰਨ੍ਹ ਵਜੋਂ, ਕੀਤੀ ਮਿਲਦੀ ਹੈ; ਜਿਵੇਂ :

(i) ਮੰਘਿਰ ਮਾਹਿ ਸੋਹੰਦੀਆ ਹਰਿ ਪਿਰ ਸੰਗਿ 'ਬੈਠੜੀਆਹ'॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬ 'ਮੇਲੜੀਆਹ'॥੧੦॥

*(ਬਾਰਹਮਾਹਾ, ੧੩੫)*

(ii) ਆਵਹੁ ਭੈਣੇ ਗਲਿ ਮਿਲਹ ਅੰਕਿ 'ਸਹੇਲੜੀਆਹ'॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ 'ਕੀਆਹ'॥ ੧,੧੦ *(੧੭)*

(iii) ਲਖ 'ਚਉਰਾਸੀਹ' ਭ੍ਰਮਤਿਆ ਦੁਲਭ ਜਨਮੁ ਪਾਇਓਇ॥ ੪,੯੨ *(੫੦)*

#### (ਅ) ਵਿਅੰਜਨ ਅੱਖਰਾਂ ਨਾਲ ਭਾਰ-ਚਿੰਨ੍ਹ ਵਜੋਂ

ਗੁਰਬਾਣੀ ਦੇ ਕੁਝ ਸ਼ਬਦਾਂ ਵਿਚ ਕਿਸੇ ਖ਼ਾਸ ਵਿਅੰਜਨ ਅੱਖਰ ਦੀ ਧੁਨੀ ਨੂੰ ਭਾਰਾ ਕਰਨ ਲਈ 'ਹ' ਅੱਖਰ ਨੂੰ ਉਸ ਅੱਖਰ ਨਾਲ ਦੁੱਤ ਕਰ ਕੇ ਪੈਰ-ਚਿੰਨ੍ਹ ਵਜੋਂ (ਸੰਖਿਪਤ ਰੂਪ ਵਿਚ) ਵਰਤਿਆ ਮਿਲਦਾ ਹੈ, ਜਿਵੇਂ :

ਜੜ੍ਹ, ਪੜ੍ਹਿ, ਦ੍ਰਿੜ੍ਹ, ਰਿੰਨ੍ਹਿ, ਕਾਨ੍ਹ, ਡੁੰਮ੍ਹ, ਬਾਮ੍ਹਣ, ਕੋਟਗੜ੍ਹ, ਸਮ੍ਹਾਲਿ, ਤੁਮ੍ਹਾਰਾ ਆਦਿ।

ਏਥੇ ਇਹ ਗੱਲ ਖ਼ਾਸ ਵਰਣਨ ਜੋਗ ਹੈ ਕਿ ਗੁਰਬਾਣੀ ਵਿਚ ਭਾਰ-ਚਿੰਨ੍ਹ 'ਹ' ਦੀ ਵਰਤੋਂ ਸੰਕੋਚਵੀਂ ਅਤੇ ਸੰਕੇਤਕ ਕੀਤੀ ਹੋਈ ਹੈ। ਸੋ, ਉਪ੍ਰੋਕਤ ਅਤੇ ਹੋਰ ਅਜਿਹੇ ਸ਼ਬਦ ਗੁਰਬਾਣੀ ਵਿਚ ਕਿਤੇ ਤਾਂ ਭਾਰ-ਚਿੰਨ੍ਹ ਸਹਿਤ ਅੰਕਤ ਮਿਲਦੇ ਹਨ ਅਤੇ ਕਿਤੇ ਇਸ ਤੋਂ ਬਗ਼ੈਰ। ਕਿਸੇ ਸ਼ਬਦ ਵਿਚਲੇ ਕਿਸੇ ਵਿਸ਼ੇਸ਼ ਅੱਖਰ ਦੇ ਭਾਰ-ਚਿੰਨ੍ਹ ਸਹਿਤ ਅਤੇ ਭਾਰ-ਚਿੰਨ੍ਹ

ਰਹਿਤ ਹੋਣ ਨਾਲ ਉਸ ਦੇ ਅਰਥਾਂ ਵਿਚ ਫ਼ਰਕ ਪੈ ਜਾਂਦਾ ਹੈ, ਜਿਵੇਂ:

ਕਾਨ—ਕਾਨੇ
ਕਾਨ੍ਹ—ਕ੍ਰਿਸ਼ਨ (ਜੀ)
ਜੜ—(ਮੋਤੀ ਆਦਿ) ਜੜਤ ਕਰਨ ਦੀ ਕਿਰਿਆ
ਜੜ੍ਹ—ਕਿਸੇ ਬ੍ਰਿਛ ਦਾ ਮੁਢ (root)
ਪੜ—ਪੈਣ ਦੀ ਕਿਰਿਆ
ਪੜ੍ਹ—ਕਿਸੇ ਪੁਸਤਕ ਦਾ ਪਠਨ ਪਾਠਨ
ਚਰਨਾ—ਪਸ਼ੂਆਂ ਦੇ ਘਾਹ-ਪਠੇ ਖਾਣ ਦੀ ਕਿਰਿਆ
ਚੜ੍ਹਨਾ—ਚੜ੍ਹਾਈ ਚੜ੍ਹਨ ਦੀ ਕਿਰਿਆ
ਗਲ—ਬਾਤ
ਗਲ੍ਹ—ਕਪੋਲ
ਬੰਨ—ਖੇਤੀ ਦੀ ਵੱਟ
ਬੰਨ੍ਹ—ਰੱਸੀ ਆਦਿ ਨਾਲ ਬੰਨ੍ਹਣ ਦੀ ਕਿਰਿਆ
ਗੜ—ਫੋੜਾ
ਗੜ੍ਹ—ਕਿਲ੍ਹਾ
ਸਨ—'ਹੋ' ਧਾਤੂ ਤੋਂ ਭੂਤ ਕਾਲ, ਬਹੁ-ਵਚਨ ਦੀ ਸੰਸਰਗੀ ਕਿਰਿਆ
ਸਨ੍ਹ—ਚੋਰੀ ਲਈ ਲਾਇਆ ਪਾੜ

ਸੋ, ਕਿਸੇ ਸ਼ਬਦ ਦੇ ਮੂਲ-ਧਾਤੂ ਅਤੇ ਉਸ ਦੇ ਅਰਥ-ਭਾਵ ਨੂੰ ਮੁਖ ਰਖਦਿਆਂ ਅਤੇ ਗੁਰਬਾਣੀ ਵਿਚਲੇ ਭਾਰ-ਚਿੰਨ੍ਹ ਸਹਿਤ ਅੰਕਤ ਸ਼ਬਦਾਂ ਤੋਂ ਸੇਧ ਲੈ ਕੇ, ਉਸ ਦਾ ਭਾਰ-ਚਿੰਨ੍ਹ ਸਹਿਤ ਕੀਤਾ ਉਚਾਰਣ ਹੀ ਸ਼ੁੱਧ ਉਚਾਰਣ ਕਿਹਾ ਜਾ ਸਕਦਾ ਹੈ। ਇਸ ਤੱਥ ਨੂੰ ਸਪੱਸ਼ਟ ਕਰਨ ਲਈ ਕੇਵਲ ਇਕੋ ਉਦਾਹਰਣ ਕਾਫ਼ੀ ਹੈ।

ਨਾਂਵ ਸ਼ਬਦ ਗੁਰਬਾਣੀ ਵਿਚ ਇਕੋ ਰੂਪ ਵਿਚ ਵੱਖ ਵੱਖ ਅਰਥਾਂ ਵਿਚ ਆਉਂਦਾ ਹੈ, ਜਿਵੇਂ:

1. ਤੀਰਥਿ 'ਨਾਵਾ' ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥ ੬, ਜਪੁ ਜੀ
   ਨਾਵਾ—ਮੈਂ ਇਸ਼ਨਾਨ ਕਰਾਂ (ਉਚਾਰਣ ਨ੍ਹਾਵਾਂ) *(ਪੰਨਾ ੨)*
2. ਥਾਵਾ ਨਾਵ ਨ ਜਾਣੀਅਹਿ 'ਨਾਵਾ' ਕੇਵਡੁ ਨਾਉ॥ ੫,੧ *(ਪੰਨਾ ੫੩)*
   ਨਾਵਾ—ਨਾਵਾਂ ਵਿਚੋਂ (ਉਚਾਰਣ ਨਾਵਾਂ)
3. ਅਠੀ ਪਹਰੀ ਅਠ ਖੰਡ 'ਨਾਵਾ' ਖੰਡੁ ਸਰੀਰੁ॥ ਸਲੋਕ ੧,੧੮ *(ਪੰਨਾ ੧੪੬)*
   ਨਾਵਾ—ਗਿਣਤੀ ਵਿਚ ਨੌਵਾਂ (ਉਚਾਰਣ ਨਾਂਵਾਂ)
4. ਜੇ ਤੂੰ ਪੜਿਆ ਪੰਡਿਤ ਬੀਨਾ ਦੁਇ ਅਖਰ ਦੁਇ ਨਾਵਾ॥ ੩,੧੦ *(ਪੰਨਾ ੧੧੭੧)*
   ਨਾਵਾ—ਨਉਕਾ, ਬੇੜੀ [ਉਚਾਰਣ ਨਾਵਾ (ਨਾਸਿਕਤਾ ਰਹਿਤ)]

ਅਸਾਂ ਦੇਖਿਆ ਹੈ ਕਿ 'ਨਾਵਾ' ਸ਼ਬਦ ਦੇ ਅਰਥ ਉਪ੍ਰੋਕਤ ਪੰਗਤੀਆਂ ਵਿਚ ਵਖਰੇ ਵਖਰੇ ਹਨ, ਜਿਸ ਕਰਕੇ ਉਸ ਦਾ ਵੱਖ ਵੱਖ ਥਾਈਂ ਉਚਾਰਣ ਵੀ ਫ਼ਰਕੋ ਫ਼ਰਕੀ ਹੈ।

ਜੇਕਰ ਅਜਿਹੇ ਸ਼ਬਦਾਂ ਦਾ ਉਚਾਰਣ ਉਹਨਾਂ ਦੇ ਅਰਥ-ਭਾਵ ਨੂੰ ਸਮਝ ਕੇ ਠੀਕ

ਠੀਕ ਕੀਤਾ ਜਾਵੇ ਤਾਂ ਸਰੋਤਿਆਂ ਨੂੰ ਉਸ ਦਾ ਅਰਥ ਸੁਤੇ ਹੀ ਸਪੱਸ਼ਟ ਹੋ ਜਾਂਦਾ ਹੈ।

### ੪.੩.੪ ਪੈਰ-ਚਿੰਨ੍ਹਾਂ ਦਾ ਰਲ-ਗੱਡ

ਇਥੇ ਹੀ ਇਕ ਹੋਰ ਮਹੱਤਵਪੂਰਨ ਵਿਸ਼ੇ ਵਲ ਸੰਕੇਤ ਕਰਨਾ ਪ੍ਰਥਾਇ ਹੈ। ਗੁਰਬਾਣੀ ਵਿਚ ਪੈਰ-ਚਿੰਨ੍ਹ ਦੇ ਤੌਰ 'ਤੇ ਵਰਤੇ ਅੱਖਰਾਂ ਵਿਚ 'ਰ' ਅਤੇ 'ਵ' ਤਾਂ ਆਪਣੇ ਸਗਵੇਂ ਰੂਪ, ਪਰ ਛੋਟੇ ਅਕਾਰ ਵਿਚ ਅੰਕਿਤ ਮਿਲਦੇ ਹਨ, ਪਰ 'ਯ' ਅਤੇ 'ਹ' ਚਿੰਨ੍ਹ ਰੂਪ ਵਿਚ ਆਉਂਦੇ ਹਨ। ਇਹਨਾਂ ਦੋਹਾਂ ਦੇ ਚਿੰਨ੍ਹ ਰੂਪ ਵਿਭਿੰਨ ਹਨ—ਹ ( ੍ਹ ) ਅਤੇ ਯ ( ੵ )। ਇਹਨਾਂ ਦੋਹਾਂ ਚਿੰਨ੍ਹਾਂ ਤੋਂ ਛੁਟ ਇਕ ਹੋਰ ਪੈਰ-ਚਿਨ੍ਹ ਹਲੰਤ ( ੍ ) ਦੀ ਵਰਤੋਂ ਵੀ ਗੁਰਬਾਣੀ ਵਿਚ ਕਿਧਰੇ ਕਿਧਰੇ ਮਿਲਦੀ ਹੈ। ਪੁਰਾਤਨ ਹੱਥ-ਲਿਖਤ ਬੀੜਾਂ ਵਿਚ ਇਹਨਾਂ ਤਿੰਨਾਂ ਦੇ ਨਿਸਚਿਤ ਵੱਖ ਵੱਖ ਰੂਪ ਮਿਲਦੇ ਹਨ, ਪਰ ਨਵੀਨ ਪੰਜਾਬੀ ਸਾਹਿਤ ਵਿਚ ਪੈਰ-ਚਿੰਨ੍ਹ 'ਯ' ਅਤੇ ਹਲੰਤ; ਇਹਨਾਂ ਦੋਹਾਂ ਦੀ ਵਰਤੋਂ ਬੰਦ ਹੋ ਚੁੱਕੀ ਹੈ। ਫ਼ਾਊਂਡਰੀ ਵਾਲਿਆਂ ਨੇ ਇਹਨਾਂ ਦੀਆਂ ਕਲਮਾਂ ਬਣਾਉਣੀਆਂ ਬੰਦ ਕਰ ਦਿੱਤੀਆਂ ਹੋਈਆਂ ਹਨ। ਸੋ, ਬੀੜਾਂ ਦੀ ਛਪਾਈ ਵਿਚ ਇਹਨਾਂ ਸਾਰੇ ਪੈਰ-ਚਿੰਨ੍ਹਾਂ ਨੂੰ ਰਲ-ਗੱਡ ਕਰ ਦਿੱਤਾ ਗਿਆ ਹੈ। ਕਈ ਪ੍ਰਚਲਤ ਛਾਪੇ ਦੀਆਂ ਬੀੜਾਂ ਵਿਚ ਇਹਨਾਂ ਦੀ ਥਾਵੇਂ ਇਕ ਸਾਂਝੇ ਚਿੰਨ੍ਹ ਬਿੰਦੂ ਜਿਹੇ (.) ਦੀ ਵਰਤੋਂ ਕੀਤੀ ਮਿਲਦੀ ਹੈ, ਜੋ ਬੀੜਾਂ ਦੀ ਸ਼ੁੱਧ ਛਪਾਈ ਅਤੇ ਸ਼ਬਦਾਂ ਦੇ ਸ਼ੁੱਧ ਉਚਾਰਣ ਵਿਚ ਬਾਧਕ ਸਾਬਤ ਹੋ ਰਹੀ ਹੈ।

### ੪.੩.੫ ਬੀੜਾਂ ਦੀ ਛਪਾਈ

ਬੀੜਾਂ ਦੀ ਛਪਾਈ ਦਾ ਪ੍ਰਬੰਧ ਬੜਾ ਨਾਕਸ ਹੈ। ਵਪਾਰੀ-ਪ੍ਰਕਾਸ਼ਕਾਂ ਦੀ ਬੇਸਮਝੀ ਅਤੇ ਅਣਗਹਿਲੀ ਕਾਰਨ ਵੱਖ ਵੱਖ ਵਪਾਰੀ-ਪ੍ਰਕਾਸ਼ਕਾਂ ਵਲੋਂ ਛਾਪੀਆਂ ਜਾ ਰਹੀਆਂ ਬੀੜਾਂ ਵਿਚ ਅੱਖਰਾਂ, ਲਗਾਂ, ਮਾਤ੍ਰਾਂ ਆਦਿ ਦੇ ਹਜ਼ਾਰਾਂ ਦੀ ਗਿਣਤੀ ਵਿਚ ਭੇਦ ਹਨ। ਇਹ ਤੱਥ ਵੱਖ ਵੱਖ ਵਪਾਰੀ-ਪ੍ਰਕਾਸ਼ਕਾਂ ਵਲੋਂ ਛਪੀਆਂ ਬੀੜਾਂ ਦੇ ਪਰਸਪਰ ਮੇਲਾਨ ਕਰਨ ਨਾਲ ਸਾਮ੍ਹਣੇ ਆਏ ਹਨ, ਜਿਸ ਦਾ ਪੂਰਾ ਵੇਰਵਾ ਲੇਖਕ ਪਾਸ ਮੌਜੂਦ ਹੈ। ਇਸ ਅਣਗਹਿਲੀ ਦਾ ਦੋਸ਼ ਵਪਾਰੀ-ਪ੍ਰਕਾਸ਼ਕਾਂ 'ਤੇ ਤਾਂ ਆਉਂਦਾ ਹੀ ਹੈ, ਪਰ ਇਹ ਦੋਸ਼ ਸਮੁੱਚੀ ਕੌਮ ਉਤੇ ਅਤੇ ਖ਼ਾਸ ਕਰਕੇ ਸਾਡੀਆਂ ਪ੍ਰਮੁਖ ਸੰਸਥਾਵਾਂ ਉਤੇ ਵੀ ਆਉਂਦਾ ਹੈ। ਇਸ ਤੱਥ ਵੱਲ ਸੰਕੇਤ ਪ੍ਰਸਿੱਧ ਸਿਖ ਸਕਾਲਰ ਸਚਖੰਡ ਵਾਸੀ ਪ੍ਰਿੰ. ਜੋਧ ਸਿੰਘ ਜੀ ਨੇ ਆਪਣੀ ਪੁਸਤਕ *ਗੁਰਮਤਿ ਨਿਰਣਯ* ਦੀ ਉੱਥਾਨਿਕਾ ਵਿਚ ਕੀਤਾ ਸੀ:

> "ਵਾਹ ਲਗਦੀ ਗੁਰਬਾਣੀ ਨੂੰ ਸ਼ੁੱਧ ਛਾਪਣ ਦਾ ਯਤਨ ਕੀਤਾ ਗਿਆ ਹੈ। ਅਤੇ ਇਸ ਵਿਚ ਬਹੁਤ ਸਾਰੀ ਸਹਾਇਤਾ ਮੈਨੂੰ ਆਪਣੇ ਨੌਜਵਾਨ ਮਿੱਤਰ ਭਾਈ ਸਾਹਿਬ ਸਿੰਘ ਜੀ ਲੈਕਚਰਾਰ ਪੰਜਾਬੀ ਅਤੇ ਧਰਮ ਵਿਦਿਆ, ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਜੀ, ਪਾਸੋਂ ਪ੍ਰਾਪਤ ਹੋਈ ਹੈ। ਪਰ ਇਸ ਸੋਧ ਵਿਚ ਇਕ ਖ਼ਤਰਾ ਜੋ ਮੈਨੂੰ ਪ੍ਰਤੀਤ ਹੋਇਆ ਹੈ, ਉਸ ਵਲ ਵੀ ਪੰਥ ਦੇ ਮੁਖੀ ਜਥਿਆਂ ਦਾ ਧਿਆਨ ਦਿਵਾਏ ਬਿਨਾਂ ਮੈਂ ਨਹੀਂ ਰਹਿ ਸਕਦਾ। ਸਸਤਾ ਵੇਚਣ ਦੀ ਦੌੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਲਗ ਕੰਨੇ ਆਦਿ ਦੀਆਂ ਬੇਅੰਤ ਅਸ਼ੁਧੀਆਂ ਆ ਗਈਆਂ ਹਨ। ਜੇ ਕਿਸੇ ਜ਼ੁੰਮੇਵਾਰ ਜਥੇ ਨੇ ਇਹ ਬੀੜਾਂ ਪ੍ਰਕਾਸ਼ਤ ਕਰਨ ਦਾ ਕੰਮ ਆਪਣੇ ਜ਼ੁੰਮੇ ਨਾ

ਲਿਆ ਤਾਂ ਥੋੜੇ ਚਿਰ ਮਗਰੋਂ ਸ਼ੁੱਧ ਪਾਠ ਸਹੀ ਕਰਨਾ ਅਤਿ ਕਠਿਨ ਹੋ ਜਾਵੇਗਾ।"
*(ਉਥੰਨਿਕਾ, ਪੰਨਾ-ੲ ਅਤੇ ਸ, ਗੁਰਮਤਿ ਨਿਰਣਯ)*

ਦੂਰ-ਅੰਦੇਸ਼ ਵਿਦਵਾਨ ਵਲੋਂ ਚਿਤਾਵਨੀ ਦਿਤੇ ਜਾਣ ਦੇ ਬਾਵਜੂਦ ਕਿਸੇ ਜ਼ਿੰਮੇਵਾਰ ਸੰਸਥਾ ਨੇ ਗੱਲ ਨਹੀਂ ਗੌਲੀ। **ਹੱਥ-ਲਿਖਤ ਪ੍ਰਮਾਣੀਕ ਮੂਲਕ ਬੀੜ/ਬੀੜਾਂ ਨਾਲ ਮੇਲਾਨ ਕਰ ਕੇ ਛਾਪੇ ਦੀਆਂ ਉਕਾਈਆਂ ਦੂਰ ਕੀਤੇ ਜਾਣ ਅਤੇ ਬੀੜਾਂ ਦੀ ਛਪਾਈ ਦਾ ਕੰਮ ਇਕ ਟ੍ਰਸਟ ਨੂੰ ਸਉਂਪੇ ਜਾਣ ਦੀ ਅਤਿਅੰਤ ਲੋੜ ਹੈ। ਦੂਜੇ ਪਾਸੇ ਦੇਸ ਪਰਦੇਸ ਵਿਚ ਬਿਰਾਜਮਾਨ ਹੱਥ-ਲਿਖਤ ਬੀੜਾਂ ਦਾ ਵੇਰਵੇ ਸਹਿਤ ਕੈਟਾਲਾਗ ਬਣਾਏ ਜਾਣ ਅਤੇ ਉਹਨਾਂ ਦੀ ਸਾਂਭ ਸੰਭਾਲ ਵਲ ਵੀ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ।**

### ੪.੩.੬ ਛਾਪੇ ਵਾਲਿਆਂ ਦੀ ਅਣਗਹਿਲੀ

ਛਾਪੇ ਵਾਲਿਆਂ ਦੀ ਅਣਗਹਿਲੀ ਦੀ ਇਕ ਨਿੱਗਰ ਉਦਾਹਰਣ ਦੇਣ ਨਾਲ ਗੱਲ ਪੂਰੀ ਸਪੱਸ਼ਟ ਹੋ ਜਾਵੇਗੀ। ਸ੍ਰੀ ਜਪੁ ਜੀ ਸਾਹਿਬ ਦੀਆਂ ਹੇਠ ਲਿਖੀਆਂ ਪੰਗਤੀਆਂ ਵਿਚ ਸ਼ਬਦ 'ਮੁਹੌ', 'ਆਪੌ' ਅਤੇ 'ਜੀਭੌ' ਵਿਚ ਕਨੌੜੇ ( ੌ ) ਦੀ ਵਰਤੋਂ ਕੀਤੀ ਹੋਈ ਹੈ।

1. 'ਮੁਹੌ' ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ *(ਪਉੜੀ ੪)*
2. ਨਾਨਕ ਜੇ ਕੋ 'ਆਪੌ' ਜਾਣੈ ਅਗੈ ਗਇਆ ਨ ਸੋਹੈ॥ *(ਪਉੜੀ ੨੧)*
3. ਇਕ ਦੂ 'ਜੀਭੌ' ਲਖ ਹੋਹਿ ਲਖ ਹੋਵਹਿ ਲਖ ਵੀਸ॥ *(ਪਉੜੀ ੩੨)*

ਇਸ ਸੰਬੰਧ ਵਿਚ ਲਿਖਤੀ ਬੀੜਾਂ ਦੇ ਦਰਸ਼ਨ ਕਰਨ ਦੀ ਲੋੜ ਮਹਿਸੂਸ ਹੋਈ। ਲਿਖਤੀ ਬੀੜਾਂ ਵਿਚ ਪੁਰਾਤਨ ਲਿਖਣ-ਢੰਗ ਮੂਜਬ ਨਾਸਕੀ ਚਿੰਨ੍ਹ ਟਿੱਪੀ ਅਤੇ ਬਿੰਦੀ ਦੀ ਵਰਤੋਂ ਲਗਾਂ ਤੋਂ ਪਹਿਲਾਂ ਸੰਬੰਧਤ ਅੱਖਰਾਂ ਉਤੇ ਕੀਤੀ ਮਿਲਦੀ ਹੈ। ਚਲੰਤ ਢੰਗ ਨਾਲ ਲਿਖੀਆਂ ਬੀੜਾਂ ਵਿਚ ਹੋੜੇ ( ੋ ) ਅਤੇ ਟਿੱਪੀ/ਬਿੰਦੀ ਦਾ ਸੰਮਿਲਤ ਰੂਪ ਵੱਖ ਵੱਖ ਥਾਈਂ ਦੇਖਣ ਵਿਚ ਆਉਂਦਾ ਹੈ। ਪੁਰਾਤਨ ਲਿਖਣ-ਢੰਗ ਤੋਂ ਅਨਜਾਣ ਵਪਾਰੀ-ਪ੍ਰਕਾਸ਼ਕਾਂ ਵਲੋਂ ਹੋੜੇ ਅਤੇ ਟਿੱਪੀ/ਬਿੰਦੀ ਦੇ ਸੰਮਿਲਤ ਰੂਪ ਨੂੰ ਠੀਕ ਰੂਪ ਵਿਚ ਛਾਪਣ ਦੀ ਬਜਾਏ ਉਹਨਾਂ ਦੀ ਥਾਵੇਂ ਕਨੌੜਾ ( ੌ ) ਛਾਪ ਦਿੱਤਾ ਹੋਇਆ ਹੈ। ਕਈ ਪੁਰਾਤਨ ਹੱਥ-ਲਿਖਤ ਬੀੜਾਂ ਵਿਚ ਉਪ੍ਰੋਕਤ ਸ਼ਬਦ ਹੋੜੇ ਅਤੇ ਬਿੰਦੀ ਸਹਿਤ 'ਮੁਹੋਂ'[੧], 'ਆਪੋਂ'[੧] ਅਤੇ 'ਜੀਭੋਂ'[੧] ਦੇ ਰੂਪ ਵਿਚ ਮਿਲਦੇ ਹਨ।

**ਪ੍ਰਮਾਣੀਕ ਹੱਥ-ਲਿਖਤ ਬੀੜਾਂ ਤੋਂ ਤਸਦੀਕ ਕਰ ਕੇ ਜਿਥੇ ਉਪ੍ਰੋਕਤ ਸ਼ਬਦਾਂ ਦਾ ਸ਼ੁੱਧ ਉਚਾਰਣ ਪ੍ਰਚੱਲਤ ਕੀਤੇ ਜਾਣ ਦੀ ਲੋੜ ਹੈ, ਓਥੇ ਉਹਨਾਂ ਸ਼ਬਦਾਂ ਦੀ ਗੁਟਕਿਆਂ ਅਤੇ ਬੀੜਾਂ ਵਿਚ ਸ਼ੁੱਧ ਰੂਪ ਵਿਚ ਛਾਪੇ ਜਾਣ ਦੀ ਵੀ ਲੋੜ ਹੈ।**

### ੪.੩.੭ ਵਿਸਰਗ ਦੀ ਧੁਨੀ

ਗੁਰਬਾਣੀ ਦੀ 'ਗਾਥਾ' ਨਾਮ ਦੀ ਬਾਣੀ ਵਿਚ ਇਕ ਚਿੰਨ੍ਹ ( ਃ ) ਦੀ ਵਰਤੋਂ ਕੀਤੀ ਮਿਲਦੀ ਹੈ, ਜਿਸ ਨੂੰ 'ਵਿਸਰਗ' ਕਿਹਾ ਜਾਂਦਾ ਹੈ। ਇਸ ਦੀ ਧੁਨੀ 'ਹ' ਦੀ ਧੁਨੀ ਵਾਂਗ ਹੈ। ਇਸ ਚਿੰਨ੍ਹ ਦੀ ਵਰਤੋਂ ਸ਼ਬਦਾਂ ਦੇ ਅੰਤ ਵਿਚ ਹੀ ਕੀਤੀ ਮਿਲਦੀ ਹੈ:

---

੧. ਮੁਹੋਂ, ਆਪੋਂ ਅਤੇ ਜੀਭੋਂ ਸ਼ਬਦਾਂ ਦੇ ਛਾਪੇ ਦੇ ਉਪ੍ਰੋਕਤ ਸਰੂਪਾਂ ਵਿਚ ਬਿੰਦੀਆਂ ਇਹਨਾਂ ਸ਼ਬਦਾਂ ਦੇ ਅੰਤਲੇ ਹੋੜੇ ਮਗਰੋਂ ਲਾਈਆਂ ਗਈਆਂ ਹਨ, ਪਰ ਲਿਖਤੀ ਬੀੜਾਂ ਵਿਚ ਇਹ ਬਿੰਦੀਆਂ ਹੋੜੇ ਦੇ ਥੱਲੇ ਲਗੀਆਂ ਹੋਈਆਂ ਮਿਲਦੀਆਂ ਹਨ।

ਸਰਬ ਦੋਖ ਪਰੰਤਿਆਗੀ ਸਰਬ ਧਰਮ ਦ੍ਰਿੜੰਤਣ:॥
ਲਬਧੇਣ ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਣ:॥੨੨॥ *(ਪੰਨਾ ੧੩੬੧)*

ਦ੍ਰਿੜੰਤਣ: — ਦ੍ਰਿੜੰਤਣਹ
ਲਿਖ੍ਣ: — ਲਿਖ੍ਣਹ

ਆਮ ਕਰਕੇ ਵਾਰਾਂ ਅੰਦਰ ਸਲੋਕਾਂ ਦੇ ਸਿਰਲੇਖ ਵਿਚ ਵਰਤਿਆ ਚਿੰਨ੍ਹ 'ਮਃ' ਮਹਲਾ ਦਾ ਸੂਚਕ ਹੈ।

### ੪.੩.੮ ਅੰਕਾਂ ਦਾ ਉਚਾਰਣ

(ੳ) ਗੁਰਬਾਣੀ ਦੇ ਸਿਰਲੇਖਾਂ ਵਿਚ 'ਮਹਲਾ' ਅਤੇ 'ਘਰੁ' ਨਾਲ ਆਏ ਅੰਕ 'ਕਰਮ ਵਾਚਕ ਸੰਖਿਅਕ ਵਿਸ਼ੇਸ਼ਣ' ਹਨ, ਜੋ ਸੰਬੰਧਤ ਮਹਲੇ ਅਤੇ ਘਰ ਦਾ ਗਿਣਤੀ ਵਿਚ ਨੰਬਰ ਜਾਂ ਦਰਜਾ ਦਸਦੇ ਹਨ। ਅਜਿਹੇ ਅੰਕਾਂ ਦਾ ਉਚਾਰਣ ਪਹਿਲਾ, ਦੂਜਾ, ਤੀਜਾ, ਚਉਥਾ, ਪੰਜਵਾਂ, ਨਾਵਾਂ ਆਦਿ ਵਾਂਗ ਹੈ।

***ਨੋਟ:*** ਕਈ ਸਿਰਲੇਖਾਂ ਵਿਚ 'ਮਹਲਾ' ਅਥਵਾ 'ਘਰ' ਨਾਲ ਦਿੱਤਾ ਸੰਕੇਤ ਅੰਕਾਂ ਵਿਚ ਦੇ ਕੇ ਨਾਲ ਸ਼ਬਦਾਂ ਵਿਚ ਵੀ ਉਚਾਰਣ ਦੀ ਸੋਧ ਦੇਣ ਲਈ ਦਿੱਤਾ ਹੋਇਆ ਹੈ, ਜਿਵੇਂ:

1. ਗੂਜਰੀ ਮਹਲਾ ੩ ਤੀਜਾ
2. ਵਡਹੰਸੁ ਮਹਲਾ ੩ ਤੀਜਾ
3. ਸਵਈਏ ਮਹਲੇ ਪਹਿਲੇ ਕੇ ੧

ਉਪ੍ਰੋਕਤ ਅਤੇ ਹੋਰ ਅਜਿਹੇ ਸਿਰਲੇਖਾਂ ਵਿਚ 'ਤੀਜਾ' 'ਤੀਜਾ' ਦੋ ਵਾਰੀ ਪੜ੍ਹੇ ਜਾਣ ਦਾ ਵਿਧਾਨ ਨਹੀਂ। ਅੰਕ '੩' ਨੂੰ ਸ਼ਬਦਾਂ ਵਿਚ ਵੀ ਅੰਕਿਤ ਕਰ ਕੇ ਇਸ ਦੇ ਉਚਾਰਣ ਸੰਬੰਧੀ ਸੋਧ ਦਿੱਤੀ ਹੋਈ ਹੈ।

(ਅ) ਕਿਧਰੇ ਕਿਧਰੇ, ਖ਼ਾਸ ਕਰਕੇ ਭਗਤ ਬਾਣੀ ਵਿਚ ਕਿਸੇ ਖ਼ਾਸ ਕਾਵਿ-ਸ਼੍ਰੇਣੀ ਜਾਂ ਕਿਸੇ ਵਿਸ਼ੇਸ਼ 'ਘਰ' ਦੇ ਸ਼ਬਦਾਂ ਦੀ ਕੁਲ ਗਿਣਤੀ ਦਾ ਸੰਕੇਤ ਵੀ ਸ਼ਬਦਾਂ ਦੇ ਸਿਰਲੇਖਾਂ ਵਿਚ ਅੰਕਿਤ ਮਿਲਦਾ ਹੈ, ਜਿਵੇਂ:

1. ਗਉੜੀ ਸ੍ਰੀ ਕਬੀਰ ਜੀਉ ਕੇ ਚਉਪਦੇ '੧੪'
2. ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ '੯' ਦੁਤੁਕੇ '੫'

ਖ਼ਾਸ ਖ਼ਾਸ ਕਾਵਿ-ਸ਼੍ਰੇਣੀਆਂ ਦੇ ਸ਼ਬਦਾਂ ਦੀ ਗਿਣਤੀ ਦੇ ਸੂਚਕ ਉਪ੍ਰੋਕਤ ਅੰਕ ੧੪, ੯, ਅਤੇ ੫ ਸਾਧਾਰਣ ਸੰਖਿਅਕ ਵਿਸ਼ੇਸ਼ਣ ਹਨ ਅਤੇ ਇਹਨਾਂ ਦਾ ਉਚਾਰਣ ਕ੍ਰਮਵਾਰ 'ਚਉਦਾਂ', 'ਨੌਂ' ਅਤੇ 'ਪੰਜ' ਹੈ।

(ੲ) ਸ਼ਬਦਾਂ (ਚਉਪਦਿਆਂ, ਅਸ਼ਟਪਦੀਆਂ, ਛੰਤਾਂ ਆਦਿ) ਅਤੇ ਲੰਮੀਆਂ ਬਾਣੀਆਂ ਦੇ ਵਿਚਕਾਰ (ਪਦਿਆਂ ਦੀ ਗਿਣਤੀ ਵਜੋਂ) ਅਤੇ ਅੰਤ ਵਿਚ (ਸਮੁੱਚੇ ਜੋੜ ਵਜੋਂ) ਆਏ ਅੰਕ ਉਚਾਰਣ ਵਿਚ ਨਹੀਂ ਆਉਂਦੇ।

(ਸ) ਕਈ ਸ਼ਬਦਾਂ/ਅਸ਼ਟਪਦੀਆਂ ਦੇ ਅੰਤ ਵਿਚ 'ਛਕਾ ੧', 'ਛਕੇ ੨' ਅਤੇ 'ਛਕੇ ੩' ਆਦਿ ਸੂਚਨਾ ਅੰਕਿਤ ਹੈ। ਇਸ ਦਾ ਉਚਾਰਣ ਕ੍ਰਮਵਾਰ 'ਛੱਕਾ ਇਕ', 'ਛੱਕੇ ਦੋ' ਅਤੇ 'ਛੱਕੇ ਤਿੰਨ' ਹੈ।

### ੪.੩.੯ ਅੱਖਰਾਂ ਦਾ ਦੁੱਤ ਉਚਾਰਣ ('ਬਲ' ਧੁਨੀ)

ਗੁਰਬਾਣੀ ਵਿਚ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਉਚਾਰਣ ਉਹਨਾਂ ਵਿਚਲੇ ਕਿਸੇ

ਖ਼ਾਸ ਅੱਖਰ ਦੀ ਧੁਨੀ 'ਤੇ ਬਲ ਦਿਤਿਆਂ, ਅਥਵਾ ਉਸ ਅੱਖਰ ਦੀ ਧੁਨੀ ਨੂੰ ਦੁੱਤ ਕੀਤਿਆਂ ਠੀਕ ਬਣਦਾ ਹੈ। ਇਹ ਪ੍ਰਥਾ ਪੁਰਾਤਨ ਹੈ, ਤੇ ਤਕਰੀਬਨ ਸਾਰੀਆਂ ਭਾਸ਼ਾਵਾਂ ਵਿਚ ਮਿਲਦੀ ਹੈ। ਪੰਜਾਬੀ ਲਿੱਪੀ ਦੇ ਅਰੰਭ ਕਾਲ ਵਿਚ ਇਸ ਲਈ ਕੋਈ ਖ਼ਾਸ ਨਿਸਚਿਤ ਚਿੰਨ੍ਹ ਨਹੀਂ ਸੀ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਝ ਸ਼ਬਦਾਂ ਦੇ ਉਚਾਰਣ ਵਿਚ, ਉਹਨਾਂ ਵਿਚਲੇ ਕਿਸੇ ਖ਼ਾਸ ਅੱਖਰ ਦੀ ਧੁਨੀ ਨੂੰ ਦੁੱਤ ਕਰਨ ਦੀ ਪ੍ਰਥਾ ਓਦੋਂ ਵੀ ਪ੍ਰਚਲਤ ਸੀ। ਇਸ ਮੰਤਵ ਲਈ ਅੱਜ-ਕਲ੍ਹ ਇਕ ਨਵਾਂ ਚਿੰਨ੍ਹ ਅੱਧਕ ( ੱ ) ਰਚ ਲਿਆ ਗਿਆ ਹੈ। ਗੁਰਬਾਣੀ ਵਿਚ ਇਸ ਚਿੰਨ੍ਹ ਦੀ ਵਰਤੋਂ ਮੂਲੋਂ ਹੀ ਨਹੀਂ ਮਿਲਦੀ।

ਕੁਝ ਸ਼ਬਦ ਤਾਂ ਅਜਿਹੇ ਹਨ, ਜਿਨ੍ਹਾਂ ਦਾ ਨਿਸਚਿਤ ਅੱਖਰ ਦੀ ਧੁਨੀ ਨੂੰ ਦੁੱਤ ਕੀਤੇ ਬਗ਼ੈਰ ਉਚਾਰਣ ਬੇਸੁਆਦਾ ਅਤੇ ਨਿਰਾਰਥਕ ਲਗਦਾ ਹੈ, ਪਰ ਕਈਆਂ ਦੇ ਅਰਥ-ਭਾਵ ਵਿਚ ਹੀ ਫ਼ਰਕ ਆ ਜਾਂਦਾ ਹੈ। ਅਜਿਹੇ ਕੁਝ ਸ਼ਬਦ ਥੱਲੇ ਦਿੱਤੇ ਜਾਂਦੇ ਹਨ:

**(ੳ) ਨਿਸਚਿਤ ਅੱਖਰ ਨੂੰ ਦੁੱਤ ਕੀਤੇ ਜਾਣ ਵਾਲੇ ਸ਼ਬਦ**

| *ਸ਼ਬਦ* | *ਧੁਨੀ ਦੁੱਤ ਕੀਤੇ ਜਾਣ ਵਾਲਾ ਅੱਖਰ* | *ਸ਼ਬਦ* | *ਧੁਨੀ ਦੁੱਤ ਕੀਤੇ ਜਾਣ ਵਾਲਾ ਅੱਖਰ* |
|---|---|---|---|
| ਮੁਸਲਾ | ਲ | ਮਸਕਤਿ | ਕ |
| ਬਿਰਕਤ | ਕ | ਮੁਕਦਮ | ਦ |
| ਬਹਤਰਿ | ਤ | ਸਰਬਤ | ਤ |
| ਉਚਕਾ | ਕ | ਵਿੜਤੇ | ਤ |
| ਬਿਚਖਣ | ਖ | ਸਰਬਸੁ | ਸ |
| ਦੁਲਭ | ਭ | ਕੁਚਜੀ | ਜ |
| ਕੁਸਤ | ਤ | ਸਵਲੀ | ਲ |
| ਸੁਚਜੀ | ਜ | ਮੁਰਟੀਐ | ਟ |
| ਦਬਟੀਐ | ਟ | ਕੁਮਤਿ | ਤ |
| ਉਵਟੀਐ | ਟ | | |

**(ਅ) ਨਿਸਚਿਤ ਅੱਖਰ ਨੂੰ ਦੁੱਤ ਕਰਨ ਅਤੇ ਨਾ ਕਰਨ ਨਾਲ ਅਰਥ-ਭੇਦ**

| *ਸ਼ਬਦ* | *ਧੁਨੀ ਦੁੱਤ ਕੀਤੇ ਜਾਣ ਵਾਲਾ ਅੱਖਰ* | *ਨਿਸਚਿਤ ਅੱਖਰ ਦੀ ਦੁੱਤ ਧੁਨੀ ਸਹਿਤ ਅਰਥ* | *ਸਾਧਾਰਨ ਧੁਨੀ ਸਹਿਤ ਅਰਥ* |
|---|---|---|---|
| ਮੁਸਲਾ | ਲ | ਬੈਠਣ ਲਈ ਸਫ਼ | ਗ਼ਲਤ ਕਿਸਮ ਦੇ ਮੁਸਲਮਾਨ ਲਈ ਘਿਰਣਤ ਸ਼ਬਦ |
| ਫ਼ਰਕ | ਕ | ਤੁਰਤ | ਅੰਤਰ |
| ਸਰਬਤ | ਤ | ਸਮੂਹ | ਮਿਠਾ ਪਾਣੀ |
| ਨਿਰਸ | ਸ | ਰਸ-ਹੀਣ | ਘਟੀਆ |
| ਮਤਾ | ਤ | ਮਸਤ ਹੋਇਆ ਹੋਇਆ | ਫ਼ੈਸਲਾ |

| | | | |
|---|---|---|---|
| ਮਾਤਾ | ਤ | ਮਸਤ ਹੋਇਆ ਹੋਇਆ | ਮਾਂ |
| ਕੁਹਥੀ | ਥ | ਗ਼ਲਤ ਹੱਥੀਂ | ਗੰਦੀ ਮੰਦੀ |
| ਗੁਨਹਾ | ਹ | ਪਾਪ | ਗੁਣ |
| ਉਧਰਿ | ਰ | ਪਾਰ ਕਰ ਦੇ | ਪਾਰ ਪੈ ਜਾ |

*ਨੋਟ:* ਸ਼ਬਦਾਂ ਦੇ ਸਿਰਲੇਖਾਂ ਵਿਚ ਆਏ 'ਮਹਲਾ' ਸ਼ਬਦ ਦਾ ਉਚਾਰਣ ਅਜੇ ਤਕ ਵਾਦ-ਗ੍ਰਸਤ ਹੈ। ਇਹ ਆਪਣੇ ਆਪ ਵਿਚ ਇਕ ਵਖਰਾ ਵਿਸ਼ਾ ਹੈ।

**(ੲ) ਲਮਕਾਅ—ਅੰਤਲੇ ਸ੍ਵਰ ਦੀ ਧੁਨੀ 'ਤੇ ਦਬਾਅ (ਬਲ)**

ਪੰਜਾਬੀ ਦੇ ਕੁਝ ਸ਼ਬਦ ਮੁਕਤਾ-ਅੰਤਿਕ ਹਨ ਅਤੇ ਕੁਝ ਸ਼ਬਦਾਂ ਦੇ ਅੰਤ ਵਿਚ ਕੋਈ ਹ੍ਰਸ੍ਵ ਜਾਂ ਦੀਰਘ ਸ੍ਵਰ ਹੁੰਦਾ ਹੈ। ਸ੍ਵਰ-ਅੰਤਿਕ ਸ਼ਬਦਾਂ ਦੀ ਸ਼੍ਰੇਣੀ ਵਿਚ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਭਾਵ ਉਹਨਾਂ ਦੇ ਅੰਤਲੇ ਸ੍ਵਰ ਦੀ ਧੁਨੀ ਨੂੰ ਸਾਧਾਰਨ ਮਾਤ੍ਰਾ ਨਾਲੋਂ ਵਧੇਰੇ ਲੰਮਾ ਕੀਤਿਆਂ ਸਪੱਸ਼ਟ ਹੁੰਦਾ ਹੈ, ਜਿਵੇਂ:

ਤਲਾ (ਸਾਧਾਰਨ ਮਾਤ੍ਰਾ)—ਹੇਠਲਾ ਪਾਸਾ
ਤਲਾ (ਸਾਧਾਰਨ ਨਾਲੋਂ ਲੰਮੇਰੀ ਮਾਤ੍ਰਾ)—ਨ੍ਹਾਉਣ ਵਾਲਾ ਸਰੋਵਰ
ਸੁਖਾ (ਅੰਤਲੀ ਸਾਧਾਰਨ ਮਾਤ੍ਰਾ)—ਸੁਖ-ਨਿਧਾਨ, ਭੰਗ
ਸੁਖਾ (ਸਾਧਾਰਨ ਨਾਲੋਂ ਲੰਮੇਰੀ ਮਾਤ੍ਰਾ)—ਸੁਖ ਦਾ ਅਨੁਭਵ
ਬਚਾ (ਅੰਤਲੀ ਸਾਧਾਰਨ ਮਾਤ੍ਰਾ)—ਛੋਟਾ ਬਾਲਕ
ਬਚਾ (ਸਾਧਾਰਨ ਨਾਲੋਂ ਲੰਮੇਰੀ ਮਾਤ੍ਰਾ)—ਸੁਰੱਖਿਆ
ਦਿਲੀ (ਅੰਤਲੀ ਸਾਧਾਰਨ ਮਾਤ੍ਰਾ)—ਸ਼ਹਿਰ ਦਾ ਨਾਂ
ਦਿਲੀ (ਸਾਧਾਰਨ ਨਾਲੋਂ ਲੰਮੇਰੀ ਮਾਤ੍ਰਾ)—ਹਾਰਦਿਕ

ਗੁਰਬਾਣੀ ਵਿਚ ਆਏ ਉਪ੍ਰੋਕਤ ਵਰਣਿਤ ਸ਼੍ਰੇਣੀ ਦੇ ਸ਼ਬਦਾਂ (ਜਿਨ੍ਹਾਂ ਦਾ ਭਾਵ ਉਹਨਾਂ ਦੇ ਅੰਤਲੇ ਸ੍ਵਰ ਦੀ ਧੁਨੀ ਨੂੰ ਲੰਮੇਰਾ ਕੀਤਿਆਂ ਸਪੱਸ਼ਟ ਹੁੰਦਾ ਹੈ) ਦੇ ਉਚਾਰਣ ਦੀ ਵਿਧੀ ਇਹੀ ਹੈ ਕਿ ਉਹਨਾਂ ਦੇ ਅੰਤਲੇ ਸ੍ਵਰ ਦੀ ਧੁਨੀ 'ਤੇ ਦਬਾਅ (stress) ਦੇ ਕੇ ਉਹਨਾਂ ਨੂੰ ਬੋਲਿਆ ਜਾਵੇ, ਜਿਵੇਂ:

ਜਬ ਅਪੁਨੀ ਜੋਤਿ ਖਿੰਚਹਿ, ਤੂ ਸੁਆਮੀ
ਤਬ ਕੋਈ ਕਰਉ 'ਦਿਖਾ' ਵਖਿਆਨਾ॥ ੨, ੩ *(ਪੰਨਾ ੭੯੭)*
ਦਿਖਾ—ਉਚਾਰਣ ਦਿਖਾਅ ਵਾਂਗ

*ਨੋਟ:* ਪੰਜਾਬੀ ਵਿਚ ਦਬਾਅ ਨੂੰ ਪ੍ਰਗਟਾਉਣ ਲਈ ਹੁਣ ਅੱਧਕ ( ੱ ) ਦੀ ਵਰਤੋਂ ਕੀਤੀ ਜਾਂਦੀ ਹੈ।

ਗੁਰਬਾਣੀ ਵਿਚ ਕਿਧਰੇ ਕਿਧਰੇ ਅੰਤਲੇ ਸ੍ਵਰ ਦੀ ਧੁਨੀ ਦੇ ਲਮਕਾਅ ਲਈ 'ਅ' ਦੀ ਵਰਤੋਂ ਕੀਤੀ ਵੀ ਮਿਲਦੀ ਹੈ। ਇਸ ਸੰਬੰਧੀ ਦੇਖੋ [੪.੨.੫ (ੳ) (iii)]

### ੪.੩.੧੦ ਦੁੱਤ (ਸੰਜੋਗੀ) ਅੱਖਰ

ਉਪਰ-ਥੱਲੇ ਲਿਖੇ ਦੋ ਅੱਖਰਾਂ ਦੇ ਸੁਮੇਲ ਤੋਂ ਬਣੇ ਜੁੱਟ ਨੂੰ ਦੁੱਤ-ਅੱਖਰ ਅਥਵਾ ਸੰਜੋਗੀ ਅੱਖਰ ਆਖਦੇ ਹਨ। ਦੁੱਤ ਦਾ ਉਪਰਲਾ ਅੱਖਰ ਪੂਰੇ ਅਕਾਰ ਦਾ ਹੁੰਦਾ ਹੈ, ਜਦ ਕਿ ਥਲੜਾ

ਅੱਖਰ ਛੋਟੇ ਅਕਾਰ ਦਾ, ਜਾਂ ਚਿੰਨ੍ਹ ਰੂਪ ਵਿਚ ਹੁੰਦਾ ਹੈ।

ਗੁਰਬਾਣੀ ਵਿਚ ਵਧੇਰੇ ਕਰਕੇ 'ਹ', 'ਰ', 'ਵ' ਅਤੇ 'ਯ' ਹੀ ਦੁੱਤ ਕੀਤੇ ਮਿਲਦੇ ਹਨ, ਪਰ ਕਿਧਰੇ ਕਿਧਰੇ ਅਤੇ ਖ਼ਾਸ ਕਰਕੇ ਸਹਸਕ੍ਰਿਤੀ ਸਲੋਕਾਂ ਅਤੇ ਗਾਥਾ ਵਿਚ ਕੁਝ ਹੋਰ ਅੱਖਰ ਵੀ ਦੁੱਤ ਕੀਤੇ ਮਿਲਦੇ ਹਨ।

**'ਹ' ਦੀ ਦੁੱਤ ਵਜੋਂ ਵਰਤੋਂ**

ਅਨ੍ਹੇਰਾ, ਅੰਨ੍ਹਾ, ਕਾਨ੍ਹ, ਗੜ੍ਹ, ਚੜ੍ਹ, ਪੜ੍ਹ, ਥੰਮ੍ਹ, ਬਾਮ੍ਹਣ, ਆਦਿ।

*ਨੋਟ:* ਦੁੱਤ ਕੀਤੇ 'ਹ' ਦੀ ਧੁਨੀ ਉਪਰਲੇ ਅੱਖਰ ਦੀ ਧੁਨੀ ਨੂੰ ਭਾਰਾ ਕਰਦੀ ਹੈ, ਇਸ ਲਈ ਇਸ ਨੂੰ ਭਾਰ-ਚਿੰਨ੍ਹ ਵੀ ਆਖਦੇ ਹਨ।

**'ਰ' ਦੀ ਦੁੱਤ ਵਜੋਂ ਵਰਤੋਂ**

ਪ੍ਰਭ, ਪ੍ਰਾਣ, ਕ੍ਰਿਪਾ, ਪ੍ਰੀਤਿ, ਪ੍ਰੇਮ, ਦ੍ਰੁਮ, ਕ੍ਰੂਰ, ਕ੍ਰੋਧ, ਗ੍ਰੰਥ, ਆਦਿ।

**'ਗ' ਦੀ ਦੁੱਤ ਵਜੋਂ ਵਰਤੋਂ**

ਜਗਦ੍ਗੁਰੋ

**'ਚ' ਦੀ ਦੁੱਤ ਵਜੋਂ ਵਰਤੋਂ**

ਅਸ੍ਚਰਜ

**'ਟ' ਦੀ ਦੁੱਤ ਵਜੋਂ ਵਰਤੋਂ**

ਗਰਿਸ੍ਟ

**'ਤ' ਦੀ ਦੁੱਤ ਵਜੋਂ ਵਰਤੋਂ**

ਅਸ੍ਤ, ਹਸ੍ਤ, ਪੁਸ੍ਤਕ, ਦਸ੍ਤਗੀਰੀ, ਮਸ੍ਤਕ, ਬਿਗ੍ਯਾਪ੍ਤਿ

**'ਨ' ਦੀ ਦੁੱਤ ਵਜੋਂ ਵਰਤੋਂ**

ਕ੍ਰਿਸ੍ਨੰ, ਸ੍ਨੇਹੰ, ਬੈਸ੍ਨਵਹ

**'ਯ' ਦੀ ਦੁੱਤ ਵਜੋਂ ਵਰਤੋਂ**

ਗ੍ਯਾਨ, ਨਖ੍ਯ੍ਤ੍ਰ, ਬਾਕ੍ਯ, ਗੁਣਗ੍ਯ, ਅਨਿਤ੍ਯ

**'ਵ' ਦੀ ਦੁੱਤ ਵਜੋਂ ਵਰਤੋਂ**

ਸ੍ਵਾਮੀ, ਸ੍ਵਾਨ, ਸ੍ਵੈ, ਦ੍ਵਾਰਕਾ, ਸ੍ਵਛ

*ਨੋਟ:* ਦੁੱਤ ਹੋ ਕੇ ਆਏ 'ਯ' ਦੀ ਧੁਨੀ ਸ੍ਵਰੀ ਧੁਨੀ ਹੁੰਦੀ ਹੈ, ਜਿਸ ਦਾ ਸਵਿਸਥਾਰ ਵਰਣਨ 'ਸ੍ਵਰ' ਵਾਲੇ ਅਧਿਆਇ ਵਿਚ ਕੀਤਾ ਗਿਆ ਹੈ।

**੪.੩.੧੦.੧ ਦੁੱਤ ਅੱਖਰਾਂ ਦਾ ਉਚਾਰਣ-ਨੇਮ**

ਦੁੱਤ ਦੇ ਦੋਹਾਂ ਅੱਖਰਾਂ ਵਿਚਕਾਰ ਕੋਈ ਲਗ ਨਹੀਂ ਹੁੰਦੀ ਅਤੇ ਦੋਹਾਂ ਦਾ ਉਚਾਰਣ ਮਿਲਵਾਂ ਹੁੰਦਾ ਹੈ। ਇਸ ਸੁਮੇਲ ਵਿਚ ਦੋਹਾਂ ਅੱਖਰਾਂ ਦੀ ਧੁਨੀ ਸਾਧਾਰਨ ਨਾਲੋਂ ਕੁਝ ਛੁਟੇਰੀ

ਅਤੇ ਕੋਮਲ ਹੋ ਕੇ ਬੋਲਦੀ ਹੈ।

ਦੁੱਤ ਦਾ ਉਪਰਲਾ ਅੱਖਰ ਸਦਾ ਲਗ-ਰਹਿਤ ਬੋਲਦਾ ਹੈ। ਦੁੱਤ ਨੂੰ ਲਗੀ ਲਗ ਹਮੇਸ਼ਾ ਪੈਰ-ਵਿਚ ਆਏ ਅੱਖਰ ਨਾਲ ਬੋਲਦੀ ਹੈ, ਜਿਵੇਂ :

ਪ੍ਰੇਮ—ਪਰੇਮ ਵਾਂਗ

ਕ੍ਰੋਧ—ਕਰੋਧ ਵਾਂਗ

ਗ੍ਰਾਮ—ਗਰਾਮ ਵਾਂਗ

ਦ੍ਰੁਮ—ਦਰੁਮ ਵਾਂਗ

*ਨੋਟ :* (i) 'ਕ੍ਰਿਪਾ' ਸ਼ਬਦ ਵਿਚ ਦੁੱਤ ਨੂੰ ਲੱਗੀ ਲਗ ਪੈਰ-ਵਿਚ ਆਏ 'ਰ' ਨਾਲ ਬੋਲਦੀ ਹੈ, ਕਰਿਪਾ ਵਾਂਗ। ਇਸ ਲਈ ਇਸ ਦਾ 'ਕਿਰਪਾ' ਵਾਂਗ ਉਚਾਰਣ ਦਰੁਸਤ ਨਹੀਂ ਹੁੰਦਾ।

(ii) ਏਸੇ ਤਰ੍ਹਾਂ 'ਸ੍ਰੀ' ਸ਼ਬਦ ਜਿਥੇ ਕਿਧਰੇ ਇਸ ਰੂਪ ਵਿਚ ਅੰਕਿਤ ਹੈ, ਇਸ ਦਾ ਉਚਾਰਣ 'ਸਰੀ' ਵਾਂਗ ਸ਼ੁੱਧ ਬਣਦਾ ਹੈ। ਇਸ ਰੂਪ ਵਿਚ ਇਸ ਦਾ 'ਸਿਰੀ' ਉਚਾਰਣ ਦਰੁਸਤ ਨਹੀਂ।

### ੪.੩.੧੦.੨ ਅਗੜ-ਪਿਛੜ ਦੁੱਤ ਅੱਖਰ

ਗੁਰਬਾਣੀ ਦੇ 'ਸਹਸਕ੍ਰਿਤੀ ਸਲੋਕਾਂ' ਅਤੇ 'ਗਾਥਾ' ਵਿਚ ਕੁਝ ਕੁ ਸ਼ਬਦ ਅਜਿਹੇ ਵੀ ਮਿਲਦੇ ਹਨ, ਜਿਨ੍ਹਾਂ ਵਿਚ ਦੁੱਤ ਅੱਖਰ ਉਪਰ-ਥਲੇ ਦੀ ਬਜਾਏ ਅਗੜ-ਪਿਛੜ ਅੰਕਿਤ ਮਿਲਦੇ ਹਨ, ਜਿਵੇਂ :

ਸ੍ਥਾਨ, ਸੁਸ੍ਥ, ਸ੍ਥੂਲ, ਸ੍ਥਿਤ, ਆਦਿ।

### ੪.੩.੧੦.੩ ਅਰੰਭਕ ਦੁੱਤ ਅੱਖਰਾਂ ਵਾਲੇ ਸੰਸਕ੍ਰਿਤ/ਪ੍ਰਾਕ੍ਰਿਤ ਸ਼ਬਦਾਂ ਦਾ ਪੰਜਾਬੀ ਰੂਪ

ਗੁਰਬਾਣੀ ਵਿਚ ਸੰਸਕ੍ਰਿਤ/ਪ੍ਰਾਕ੍ਰਿਤ ਭਾਸ਼ਾ ਦੇ ਕੁਝ ਅਜਿਹੇ ਸ਼ਬਦ ਹਨ, ਜਿਨ੍ਹਾਂ ਦੇ ਅਰੰਭ ਵਿਚ ਹੀ ਦੁੱਤ ਆਉਂਦਾ ਹੈ। ਗੁਰਬਾਣੀ ਵਿਚ ਹੋਰਥੇ ਉਹਨਾਂ ਦਾ ਪੰਜਾਬੀ ਰੂਪ ਵੀ ਮਿਲਦਾ ਹੈ। ਉਹਨਾਂ ਦਾ ਪੰਜਾਬੀ ਰੂਪ ਆਮ ਕਰਕੇ ਉਹਨਾਂ ਦੇ ਅਰੰਭ ਵਿਚ 'ਉ', 'ਅ' ਜਾਂ 'ਇ' ਆਦਿ ਲਾਉਣ ਨਾਲ ਬਣਦਾ ਹੈ ਅਤੇ ਅਗੇਤਰ ਚਿੰਨ੍ਹ ਲਾਉਣ ਮਗਰੋਂ ਇਹਨਾਂ ਸ਼ਬਦਾਂ ਵਿਚ ਕੋਈ ਅੱਖਰ ਦੁੱਤ ਰੂਪ ਵਿਚ ਨਹੀਂ ਰਹਿਣ ਦਿੱਤਾ ਜਾਂਦਾ, ਜਿਵੇਂ :

ਸ੍ਥਾਨ ਦਾ ਪੰਜਾਬੀ ਰੂਪ ਅਸਥਾਨ ਹੈ

ਸ੍ਥੂਲ ਦਾ ,, ,, ਅਸਥੂਲ ਹੈ

ਸ੍ਨਾਨ ਦਾ ,, ,, ਅਸਨਾਨ ਜਾਂ ਇਸਨਾਨ ਹੈ

ਸ੍ਥਲ ਦਾ ,, ,, ਅਸਥਲ ਹੈ

ਸ੍ਥਿਰ ਦਾ ,, ,, ਅਸਥਿਰ ਹੈ

ਸ੍ਥਿਤ ਦਾ ,, ,, ਅਸਥਿਤ ਹੈ

ਸ੍ਤ੍ਰੀ ਦਾ ,, ,, ਇਸਤ੍ਰੀ ਹੈ

ਸ੍ਤੁਤੀ ਦਾ ,, ,, ਉਸਤਤੀ ਹੈ

### ੪.੩.੧੧ ਨਾਸਿਕਤਾ

ਨਾਸਿਕਤਾ ਵੀ ਪੰਜਾਬੀ ਦੀ ਇਕ ਅਖੰਡ ਧੁਨੀ ਹੈ। ਟਿੱਪੀ (ੰ) ਅਤੇ ਬਿੰਦੀ (ਂ) ਦੋ ਨਾਸਕੀ ਚਿੰਨ੍ਹ ਹਨ, ਜੋ ਸੁਰਾਂ ਨੂੰ ਨਾਸਕੀ ਕਰਨ ਲਈ ਵਰਤੇ ਜਾਂਦੇ ਹਨ।

ਟਿੱਪੀ ਅਤੇ ਬਿੰਦੀ ਕੁਝ ਸ਼ਬਦਾਂ ਦੀਆਂ ਮੂਲਕ-ਭਾਗੀ ਲਗਾਂ ਹੁੰਦੀਆਂ ਹਨ, ਜਿਵੇਂ:

ਪੁਲਿੰਗ : ਗੋਬਿੰਦ, ਮੰਦਰ, ਧੰਧਾ, ਅੰਧਾ, ਪਰਪੰਚ, ਖੰਡ, ਡੰਡਾ, ਸੰਦੇਸ।
ਇ: ਲਿੰਗ : ਬੂੰਦ, ਧੁੰਧ, ਗੰਢਿ, ਕੂੰਜ, ਗੂੰਜ, ਚੁੰਝ।
ਪੁਲਿੰਗ : ਭਾਂਡਾ, ਸਾਂਗ, ਸਾਈਂ, ਕਰਮਕਾਂਡ, ਕਾਂਖੀ, ਪੈਕਾਂਬਰ।
ਇ: ਲਿੰਗ : ਕਾਇਆਂ, ਸਾਂਤਿ, ਠਾਂਢਿ।

ਕੁਝ ਸ਼ਬਦਾਂ ਦੇ ਅੰਤਲੇ ਸੁਰਾਂ ਨਾਲ ਬਿੰਦੀ ਵਿਆਕਰਣਿਕ ਨੇਮਾਂ ਅਨੁਸਾਰ ਲਗਦੀ ਹੈ, ਜਿਵੇਂ:

ਮੁਹੋਂ, ਹਥੀਂ, ਰੁਖੀਂ, ਬਿਰਖੀਂ, ਕਰਾਂ, ਖਾਵਾਂ, ਦੇਖੀਂ, ਬੈਠਾਂਗਾ, ਜਾਂ, ਤਾਂ, ਆਦਿ।

### ੪.੩.੧੧.੧ ਮੂਲਕ-ਅੰਗੀ ਨਾਸਕੀ-ਚਿੰਨ੍ਹ

ਗੁਰਬਾਣੀ ਵਿਚ ਮੂਲਕ-ਅੰਗੀ ਨਾਸਕੀ-ਚਿਨ੍ਹਾਂ ਦੀ ਵਰਤੋਂ ਵੀ ਮਿਲਦੀ ਹੈ ਅਤੇ ਵਿਆਕਰਣਿਕ ਨਾਸਕੀ-ਚਿੰਨ੍ਹਾਂ ਦੀ ਵੀ। ਅਸੀਂ ਦੇਖਦੇ ਹਾਂ ਕਿ ਛਾਪੇ ਦੀਆਂ ਬੀੜਾਂ ਵਿਚ ਓਹੀ ਸ਼ਬਦ ਕਿਧਰੇ ਟਿੱਪੀ/ਬਿੰਦੀ ਸਹਿਤ ਮਿਲਦੇ ਹਨ ਅਤੇ ਕਿਧਰੇ ਇਸ ਤੋਂ ਬਗ਼ੈਰ। ਮੂਲਕ-ਅੰਗੀ ਟਿੱਪੀਆਂ/ਬਿੰਦੀਆਂ ਤਕਰੀਬਨ 90% ਲਗੀਆਂ ਮਿਲਦੀਆਂ ਹਨ। ਬਾਕੀ 10% ਸੰਭਵ ਹੈ ਛਾਪੇ ਦੀ ਅਣਗਹਿਲੀ ਕਾਰਨ ਰਹੀਆਂ ਹੋਈਆਂ ਹੋਣ। ਇਹਨਾਂ ਵਿਚੋਂ ਬਹੁਤ ਸਾਰੀਆਂ ਪੁਰਾਤਨ ਲਿਖਤੀ ਬੀੜਾਂ ਵਿਚ ਲਗੀਆਂ ਮਿਲਦੀਆਂ ਹਨ। ਏਸ ਪੱਖ ਵੱਲ ਕਿਸੇ ਜ਼ਿੰਮੇਵਾਰ ਸੰਸਥਾ ਨੇ ਅੱਜ ਤਕ ਧਿਆਨ ਹੀ ਨਹੀਂ ਦਿੱਤਾ। ਏਧਰ ਤੁਰਤ ਧਿਆਨ ਦਿੱਤੇ ਜਾਣ ਦੀ ਲੋੜ ਹੈ।

ਬ-ਹਰ ਹਾਲ ਗੋਬਿਦ, ਮਦਰ, ਖਭ, ਕਾਇਆ, ਬੂਦ, ਬਿਦ, ਆਦਿ ਸ਼ਬਦਾਂ ਦਾ ਮੂਲਕ-ਅੰਗੀ ਨਾਸਕੀ ਚਿੰਨ੍ਹਾਂ ਸਹਿਤ ਕੀਤਾ ਉਚਾਰਣ ਹੀ ਸ਼ੁੱਧ ਬਣਦਾ ਹੈ। ਪ੍ਰਮਾਣੀਕ ਮੂਲਕ ਬੀੜ/ਬੀੜਾਂ ਤੋਂ ਅਗਵਾਈ ਲੈ ਕੇ ਛਾਪੇ ਦੀ ਉਕਾਈ ਦਰੁਸਤ ਕਰ ਲੈਣੀ ਉਚਿਤ ਹੈ।

### ੪.੩.੧੧.੨ ਵਿਆਕਰਣਿਕ ਨਾਸਕੀ-ਚਿੰਨ੍ਹ

ਜਿਥੋਂ ਤਕ ਵਿਆਕਰਣਿਕ ਨਾਸਿਕਤਾ ਦਾ ਸੰਬੰਧ ਹੈ, ਇਹ ਗੁਰਬਾਣੀ ਦੇ ਲਗ-ਮਾਤ੍ਰੀ ਨੇਮਾਂ ਅਨੁਸਾਰ ਸ਼ਬਦਾਂ ਦੇ ਅੰਤਲੇ ਸੁਰਾਂ ਵਿਚ ਆਉਂਦੀ ਹੈ। ਗੁਰਬਾਣੀ ਦੇ ਲਗ-ਮਾਤ੍ਰੀ ਨੇਮਾਂ ਦੀ ਟੋਹ ਲਾਣ ਸੰਬੰਧੀ ਬੀਤੇ ਕਾਲ ਵਿਚ ਪ੍ਰਿੰ. ਤੇਜਾ ਸਿੰਘ ਜੀ, ਪ੍ਰੋ. ਸਾਹਿਬ ਸਿੰਘ ਜੀ, ਭਾ: ਸਾ: ਭਾ: ਰਣਧੀਰ ਸਿੰਘ ਜੀ, ਪੰਡਿਤ ਕਰਤਾਰ ਸਿੰਘ ਜੀ ਦਾਖਾ ਆਦਿ ਗੁਰਮਤਿ-ਖੋਜੀਆਂ ਵਲੋਂ ਖੋਜ ਕਰ ਕੇ ਕੁਝ ਰਚਨਾਵਾਂ ਕੀਤੀਆਂ ਗਈਆਂ ਹਨ, ਪਰ ਇਸ ਪਾਸੇ ਅਜੇ ਬੜਾ ਕੁਝ ਕਰਨ ਵਾਲਾ ਪਿਆ ਹੈ, ਜਿਸ ਵਲ ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਲੋਂ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ।

ਇਸ ਲੇਖ ਵਿਚ ਕੇਵਲ ਕੁਝ ਕੁ ਲਗ-ਮਾਤ੍ਰੀ ਨੇਮਾਂ ਵਲ ਸੰਕੇਤ ਕਰਨਾ ਜ਼ਰੂਰੀ ਹੈ, ਜਿਨ੍ਹਾਂ ਅਧੀਨ ਸ਼ਬਦਾਂ ਦੇ ਅੰਤਲੇ ਸੁਰ ਨਾਸਕੀ ਹੁੰਦੇ ਹਨ। ਇਹਨਾਂ ਨੇਮਾਂ ਦਾ ਅਧਾਰ ਗੁਰਬਾਣੀ ਵਿਚ ਵਰਤੀਆਂ ਹੋਈਆਂ ਵਿਆਕਰਣਿਕ ਬਿੰਦੀਆਂ ਹੀ ਹਨ। ਇਹ ਕੋਈ ਮਨ-ਘੜਤ ਨੇਮ ਨਹੀਂ।

### ੪.੩.੧੨ ਅੰਤਲੇ ਸੁਰਾਂ ਦੀ ਨਾਸਿਕਤਾ ਦੇ ਨੇਮ

#### ੪.੩.੧੨.੧ ਪੁਲਿੰਗ ਨਾਂਵ

(ੳ) ਕਰਤਾ ਕਾਰਕ ਅਤੇ ਕਰਮ ਕਾਰਕ ਦੇ ਸਾਧਾਰਨ ਰੂਪ (ਜਦੋਂ ਨਾਂਵ ਨਾਲ ਕੋਈ ਸੰਬੰਧਕੀ-ਪਦ ਨਾ ਹੋਵੇ) ਅਤੇ ਸੰਬੋਧਨ ਕਾਰਕ ਨੂੰ ਛਡ ਕੇ ਬਾਕੀ ਸਾਰੇ ਕਾਰਕਾਂ ਵਿਚ ਪੁਲਿੰਗ ਬਹੁ-ਵਚਨੀ ਨਾਂਵਾਂ ਦਾ ਅੰਤਲਾ ਕਾਰਕੀ ਚਿੰਨ੍ਹ 'ਾ' ਅਥਵਾ 'ਆ' ਨਾਸਕੀ ਹੁੰਦਾ ਹੈ।

1. **ਕਰਤਾ ਕਾਰਕ, ਬਹੁ-ਵਚਨ ਪੁਲਿੰਗ** (ਕੇਵਲ ਸੰਬੰਧਕੀ ਰੂਪ)

'ਸਾਹਾਂ' ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ ੫,੧੧ *(ਪੰਨਾ ੪੧੭)*

ਮੁਕਤਾ-ਅੰਤਿਕ ਨਾਂਵ 'ਸਾਹ' ਤੋਂ ਬਹੁ-ਵਚਨ 'ਸਾਹਾਂ'—ਸਾਹਾਂ ਨੇ।

ਤਿਨਾ ਪਿਆਰਿਆ 'ਭਾਈਆਂ' ਅਗੈ ਦਿਤਾ ਬੰਨਿ॥ ੧੦੦ *(ਪੰਨਾ ੧੩੮੩)*

ੀ—ਅੰਤਿਕ ਨਾਂਵ 'ਭਾਈ' ਤੋਂ ਬਹੁ-ਵਚਨ 'ਭਾਈਆਂ'—ਭਾਈਆਂ ਨੇ।

2 **ਕਰਮ ਕਾਰਕ, ਬਹੁ-ਵਚਨ, ਪੁਲਿੰਗ**

ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ॥
'ਗੁਨਹਾਂ' ਬਖਸਣਹਾਰੁ ਸਬਦੁ ਕਮਾਵਹੀ॥੮॥੧੬॥ *(ਪੰਨਾ ੪੨੦)*

ਮੁਕਤਾ-ਅੰਤਿਕ ਨਾਂਵ 'ਗੁਨਹ' ਤੋਂ ਬਹੁ-ਵਚਨ 'ਗੁਨਹਾਂ'—ਗੁਨਹਾਂ ਨੂੰ। (ਉਚਾਰਣ ਗੁਨੱਹਾਂ ਵਾਂਗ)

*ਨੋਟ:* ਕਰਤਾ ਕਾਰਕ ਅਤੇ ਕਰਮ ਕਾਰਕ ਦੇ ਪੁਲਿੰਗ ਬਹੁ-ਵਚਨ ਨਾਂਵਾਂ ਦੇ ਸਾਧਾਰਨ ਰੂਪ ਦਾ ਅੰਤਲਾ 'ਾ' ਨਾਸਕੀ ਨਹੀਂ ਹੁੰਦਾ, ਜਿਵੇਂ:

(i) **ਕਰਤਾ ਕਾਰਕ, ਪੁਲਿੰਗ, ਬਹੁ-ਵਚਨ**

ਜੇ ਸਉ 'ਚੰਦਾ' ਉਗਵਹਿ ਸੂਰਜ ਚੜਹਿ ਹਜਾਰ॥ ਸਲੋਕ, ੨,੧ *(ਪੰਨਾ ੪੬੩)*

(ii) **ਕਰਮ ਕਾਰਕ, ਪੁਲਿੰਗ, ਬਹੁ-ਵਚਨ**

(ੳ) ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹਉਮੈ 'ਪਾਪਾ'॥ ੨,੪ *(ਪੰਨਾ ੫੭੪)*

(ਅ) ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ 'ਵਿਸੂਰਿਆ'॥ ੨,੬ *(ਪੰਨਾ ੪੫੬)*

3. **ਕਰਣ ਕਾਰਕ, ਬਹੁ-ਵਚਨ, ਪੁਲਿੰਗ**

ਅਖਰੀ ਲਿਖਣੁ ਬੋਲਣੁ ਬਾਣਿ॥ 'ਅਖਰਾ' ਸਿਰਿ ਸੰਜੋਗੁ ਵਖਾਣਿ॥ ੧੯, ਜਪੁ ਜੀ *(ਪੰਨਾ ੪)*

ਮੁਕਤਾ-ਅੰਤਿਕ ਨਾਂਵ 'ਅਖਰ' ਤੋਂ ਬਹੁ-ਵਚਨ 'ਅਖਰਾ' (ਉਚਾਰਣ ਨਾਸਕੀ)—ਅੱਖਰਾਂ ਦੁਆਰਾ।

**4. ਸੰਪ੍ਰਦਾਨ ਕਾਰਕ, ਬਹੁ-ਵਚਨ, ਪੁਲਿੰਗ**

ਫਰੀਦਾ 'ਲੋਕਾਂ' ਆਪੋ ਆਪਣੀ, ਮੈ ਆਪਣੀ ਪਈ॥ ੯੪ *(ਪੰਨਾ ੧੩੮੨)*

ਮੁਕਤਾ-ਅੰਤਿਕ ਨਾਂਵ 'ਲੋਕ' ਤੋਂ ਬਹੁ-ਵਚਨ 'ਲੋਕਾਂ'—ਲੋਕਾਂ ਨੂੰ।

ਪਤਿਤ ਪਾਵਨੁ ਨਾਮੁ ਨਰਹਰਿ 'ਮੰਦਭਾਗੀਆਂ' ਨਹੀ ਭਾਇਓ॥ ੩,੩ *(ਪੰਨਾ ੯੮੫)*

ੀ-ਅੰਤਿਕ ਨਾਂਵ 'ਮੰਦਭਾਗੀ' ਤੋਂ ਬਹੁ-ਵਚਨ 'ਮੰਦਭਾਗੀਆਂ' —ਮੰਦਭਾਗੀਆਂ ਨੂੰ।

**5. ਸੰਬੰਧ ਕਾਰਕ, ਬਹੁ-ਵਚਨ, ਪੁਲਿੰਗ**

ਚਰਨ ਕਮਲ 'ਭਗਤਾਂ' ਮਨਿ ਵੁਠੇ॥ ਵਿਣੁ ਪਰਮੇਸਰ ਸਗਲੇ ਮੁਠੇ॥ ੩, ੫੦ *(ਪੰਨਾ ੧੦੯)*

ਮੁਕਤਾ-ਅੰਤਿਕ ਨਾਂਵ 'ਭਗਤ' ਤੋਂ ਬਹੁ-ਵਚਨ 'ਭਗਤਾਂ'—ਭਗਤਾਂ ਦੇ।

ਦੁਹਾਂ 'ਸਿਰਿਆਂ' ਕਾ ਕਰਤਾ ਆਪਿ॥ ਕੁਰਬਾਣੁ ਜਾਂਈ ਤੇਰੇ ਪਰਤਾਪ॥ ੩, ੨੦ *(ਪੰਨਾ ੧੨੭੧)*

ਾ-ਅੰਤਿਕ ਨਾਂਵ 'ਸਿਰਾ' ਤੋਂ ਬਹੁ-ਵਚਨ 'ਸਿਰਿਆਂ'—ਸਿਰਿਆਂ ਦਾ।

ਮੁਹ ਕਾਲੇ ਤਿਨ 'ਲੋਭੀਆਂ' ਜਾਸਨਿ ਜਨਮੁ ਗਵਾਇ॥ ੪੦ *(ਪੰਨਾ ੧੪੧੭)*

ੀ-ਅੰਤਿਕ ਨਾਂਵ 'ਲੋਭੀ' ਤੋਂ ਬਹੁ-ਵਚਨ 'ਲੋਭੀਆਂ'—ਲੋਭੀਆਂ ਦੇ।

**6. ਅਧਿਕਰਣ ਕਾਰਕ, ਬਹੁ-ਵਚਨ, ਪੁਲਿੰਗ**

ਲਖ ਤਪ ਉਪਰਿ 'ਤੀਰਥਾਂ' ਸਹਜ ਜੋਗ ਬੇਬਾਣ॥ ਸਲੋਕ, ੨, ੮ *(ਪੰਨਾ ੪੬੭)*

ਮੁਕਤਾ-ਅੰਤਿਕ ਨਾਂਵ 'ਤੀਰਥ' ਤੋਂ ਬਹੁ-ਵਚਨ 'ਤੀਰਥਾਂ'—ਤੀਰਥਾਂ ਉਤੇ।

**7. ਅਪਾਦਾਨ ਕਾਰਕ, ਬਹੁ-ਵਚਨ, ਪੁਲਿੰਗ**

'ਨਿੰਦਕਾਂ' ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ॥ ਸਲੋਕ, ੨, ੩੦ *(ਪੰਨਾ ੩੧੬)*

ਮੁਕਤਾ-ਅੰਤਿਕ ਨਾਂਵ 'ਨਿੰਦਕ' ਤੋਂ ਬਹੁ-ਵਚਨ 'ਨਿੰਦਕਾਂ'।

**(ਅ)** ਹੇਠ ਦਿੱਤੇ ਕਾਰਕਾਂ ਵਿਚ ਨਾਂਵ ਦੇ ਸੰਬੰਧਕੀ ਰੂਪ ਵਿਚ (ਜਦੋਂ ਨਾਂਵ ਨਾਲ ਕੋਈ ਪ੍ਰਗਟ ਜਾਂ ਲੁਪਤ ਸੰਬੰਧਕੀ ਪਦ ਹੋਵੇ) ਪੁਲਿੰਗ ਬਹੁ-ਵਚਨ-ਨਾਂਵ ਦਾ ਅੰਤਲਾ ਕਾਰਕ-ਚਿੰਨ੍ਹ ' ਿ' ਅਤੇ 'ਈ' ਨਾਸਕੀ ਹੁੰਦਾ ਹੈ।

**1. ਕਰਤਾ ਕਾਰਕ, ਪੁਲਿੰਗ, ਬਹੁ-ਵਚਨ** (ਸੰਬੰਧਕੀ ਰੂਪ)

ਏਨੀ 'ਠਗੀਂ' ਜਗੁ ਠਗਿਆ ਕਿਨੈ ਨ ਰਖੀ ਲਜ॥ ਸਲੋਕ, ੨, ੨੩ *(ਪੰਨਾ ੧੨੮੮)*

ਮੁਕਤਾ-ਅੰਤਿਕ ਨਾਂਵ 'ਠਗ' ਤੋਂ ਬਹੁ-ਵਚਨ 'ਠਗੀਂ'—ਠੱਗਾਂ ਨੇ।

ਕਹਦੇ ਕਚੇ ਸੁਣਦੇ ਕਚੇ 'ਕਚੀਂ' ਆਖਿ ਵਖਾਣੀ॥ ੨੪, ਅਨੰਦੁ *(ਪੰਨਾ ੯੨੦)*

ਾ-ਅੰਤਿਕ ਨਾਂਵ 'ਕਚਾ' ਤੋਂ ਬਹੁ-ਵਚਨ 'ਕਚੀਂ'—ਕਚਿਆਂ ਨੇ।

ਵਸਤੁ ਲਈ 'ਵਣਜਾਰਈ' ਵਖਰੁ ਬਧਾ ਪਾਇ॥ ੧, ੩ *(ਪੰਨਾ ੧੨੩੮)*

ਾ-ਅੰਤਿਕ ਨਾਂਵ, 'ਵਣਜਾਰਾ' ਤੋਂ ਬਹੁ-ਵਚਨ 'ਵਣਜਾਰਈ' (ਉਚਾਰਣ ਨਾਸਕੀ)—ਵਣਜਾਰਿਆਂ ਨੇ।

ਸੇਵ ਕੀਤੀ 'ਸੰਤੋਖੀਈ' ਜਿਨ੍ਹੀ ਸਚੋ ਸਚੁ ਧਿਆਇਆ॥ ਪਉੜੀ, ੭ *(ਪੰਨਾ ੪੬੬)*

ੀ-ਅੰਤਿਕ ਨਾਵ 'ਸੰਤੋਖੀ' ਤੋਂ ਬਹੁ-ਵਚਨ 'ਸੰਤੋਖੀਈ'—ਸੰਤੋਖੀਆਂ ਨੇ।

**2. ਕਰਮ ਕਾਰਕ, ਪੁਲਿੰਗ, ਬਹੁ-ਵਚਨ (ਸੰਬੰਧਕੀ ਰੂਪ)**

ਜਰਾ ਮਰਣ ਗਤੁ ਗਰਬੁ ਨਿਵਾਰੇ॥ ਆਪਿ ਤਰੈ 'ਪਿਤਰੀ' ਨਿਸਤਾਰੇ॥ ੩, ੭ *(ਪੰਨਾ ੨੨੩)*

ਮੁਕਤਾ-ਅੰਤਿਕ ਨਾਂਵ 'ਪਿਤਰ' ਤੋਂ ਬਹੁ-ਵਚਨ 'ਪਿਤਰੀ' (ਉਚਾਰਣ ਨਾਸਕੀ)—ਪਿਤਰਾਂ ਨੂੰ।

*ਨੋਟ :* ਪੁਲਿੰਗ ਬਹੁ-ਵਚਨ ਨਾਂਵਾਂ ਦੇ ਸਾਧਾਰਨ ਰੂਪ ਦਾ ਅੰਤਲਾ ਸੂਰ ' ੀ' ਨਾਸਕੀ ਨਹੀਂ ਹੁੰਦਾ, ਜਿਵੇਂ :

'ਪਾਪੀ' ਕਰਮ ਕਮਾਵਦੇ ਕਰਦੇ ਹਾਏ ਹਾਇ॥੯॥ *(ਪੰਨਾ ੧੪੨੫)*

**3. ਕਰਣ ਕਾਰਕ, ਪੁਲਿੰਗ, ਬਹੁ-ਵਚਨ**

'ਗਜੀ' ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ॥ ੨, ੩, ੫੪ *(ਪੰਨਾ ੩੩੫)*

ਮੁਕਤਾ-ਅੰਤਿਕ ਨਾਂਵ 'ਗਜ' ਤੋਂ ਬਹੁ-ਵਚਨ 'ਗਜੀ' (ਉਚਾਰਣ ਨਾਸਕੀ)—ਗਜਾਂ ਨਾਲ।

**4. ਅਧਿਕਰਣ ਕਾਰਕ, ਪੁਲਿੰਗ, ਬਹੁ-ਵਚਨ**

'ਰੂਖੀ' 'ਬਿਰਖੀ' ਊਡਉ ਭੂਖਾ ਪੀਵਾ ਨਾਮੁ ਸੁਭਾਈ॥ ੪, ੩ *(ਪੰਨਾ ੧੨੭੪)*

ਮੁਕਤਾ-ਅੰਤਿਕ ਨਾਂਵ 'ਰੁਖ', 'ਬਿਰਖ' ਤੋਂ ਬਹੁ-ਵਚਨ 'ਰੂਖੀ' 'ਬਿਰਖੀ'—ਰੁਖਾਂ ਬਿਰਖਾਂ ਉਤੇ।

ਸਗਲੀ 'ਸਉਦੀ' ਤੋਟਾ ਆਵੈ॥ ਨਾਨਕ ਰਾਮ ਨਾਮੁ ਮਨਿ ਭਾਵੈ॥ ੫, ੨੪ *(ਪੰਨਾ ੩੫੬)*

ਾ-ਅੰਤਿਕ ਨਾਂਵ 'ਸਉਦਾ' ਤੋਂ ਬਹੁ-ਵਚਨ 'ਸਉਦੀ'—ਸਉਦਿਆਂ ਵਿਚ।

ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ 'ਭਾਂਈ'॥ ਰਹਾਉ, ੧੨ *(ਪੰਨਾ ੪੧੭)*

ੀ-ਅੰਤਿਕ ਨਾਂਵ 'ਭਾਈ' ਤੋਂ ਬਹੁ-ਵਚਨ 'ਭਾਂਈ'—ਭਾਈਆਂ ਵਿਚ।

(ੲ) ਅਪਾਦਾਨ ਕਾਰਕ, ਪੁਲਿੰਗ, ਇਕ-ਵਚਨ ਅਤੇ ਬਹੁ-ਵਚਨ ਨਾਂਵਾਂ ਦਾ ਅੰਤਲਾ ਕਾਰਕ ਚਿੰਨ੍ਹ 'ਹੁ' ਨਾਸਕੀ ਹੁੰਦਾ ਹੈ।

'ਬਾਹਰਹੁ' ਪੰਡਿਤ ਸਦਾਇਦੇ 'ਮਨਹੁ' ਮੂਰਖ ਗਾਵਾਰ॥ ਸਲੋਕ, ੧, ੧੬ *(ਪੰਨਾ ੧੦੯੦)*

ਮੁਕਤਾ-ਅੰਤਿਕ ਨਾਂਵ 'ਬਾਹਰ' ਤੋਂ ਇਕ-ਵਚਨ 'ਬਾਹਰਹੁ'—ਬਾਹਰ ਤੋਂ।

'ਸੂਖਹੁ' ਦੂਖ ਭਏ ਨਿਤ ਪਾਪ ਕਮਾਇਣੁ ॥ ੨, ੧੧ *(ਪੰਨਾ ੪੬੦)*

ਮੁਕਤਾ-ਅੰਤਿਕ ਨਾਂਵ 'ਸੂਖ' ਤੋਂ ਬਹੁ-ਵਚਨ 'ਸੂਖਹੁ'—ਸੁਖਾਂ ਤੋਂ।

### ੪.੩.੧੨.੨ ਇਸਤ੍ਰੀ-ਲਿੰਗ ਨਾਂਵ

(ੳ) ਹੇਠ ਲਿਖੇ ਕਾਰਕਾਂ ਵਿਚ ਇਸਤ੍ਰੀ-ਲਿੰਗ ਦੇ ਬਹੁ-ਵਚਨ ਨਾਂਵਾਂ ਦਾ ਅੰਤਲਾ ਚਿੰਨ੍ਹ 'ਾ' ਨਾਸਕੀ ਹੁੰਦਾ ਹੈ।

**1. ਕਰਤਾ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

ਕਤਿਕ 'ਕੂੰਜਾਂ' ਚੇਤਿ ਡਉ ਸਾਵਣਿ ਬਿਜੁਲੀਆਂ ॥ ੬, ੨ *(ਪੰਨਾ ੪੮੮)*

ਮੁਕਤਾ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਕੂੰਜ' ਤੋਂ ਬਹੁ-ਵਚਨ 'ਕੂੰਜਾਂ'।

ਸੇ 'ਦਾੜੀਆਂ' ਸਚੀਆ ਜਿ ਗੁਰ ਚਰਨੀ ਲਗੰਨਿ ॥ ੫੨ *(ਪੰਨਾ ੧੪੧੯)*

ੀ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਦਾੜੀ' ਤੋਂ ਬਹੁ-ਵਚਨ 'ਦਾੜੀਆਂ'।

**2. ਕਰਮ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

'ਆਸਾ' ਸਭੇ ਲਾਹਿ ਕੈ ਇਕਾ ਆਸ ਕਮਾਉ ॥ ੧, ੭੫ *(ਪੰਨਾ ੪੩)*

ਮੁਕਤਾ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਆਸ' ਤੋਂ ਬਹੁ-ਵਚਨ 'ਆਸਾ' (ਉਚਾਰਣ ਨਾਸਕੀ)।

ਬਾਜ ਪਏ ਤਿਸੁ ਰਬ ਦੇ 'ਕੇਲਾਂ' ਵਿਸਰੀਆਂ ॥ ੯੯ *(ਪੰਨਾ ੧੩੮੩)*

ਮੁਕਤਾ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਕੇਲ' ਤੋਂ ਬਹੁ-ਵਚਨ 'ਕੇਲਾਂ'।

ਨਾਨਕ ਦੁਨੀਆ ਕੀਆਂ 'ਵਡਿਆਈਆਂ' ਅਗੀ ਸੇਤੀ ਜਾਲਿ ॥ ੨, ੨੬ *(ਪੰਨਾ ੧੨੯੦)*

ੀ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਵਡਿਆਈ' ਤੋਂ ਬਹੁ-ਵਚਨ 'ਵਡਿਆਈਆਂ'।

**3. ਸੰਪ੍ਰਦਾਨ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

ਕਾਮਿ ਵਿਆਪੇ ਕੁਸੁਧ ਨਰ ਸੇ 'ਜੋਰਾ' ਪੁਛਿ ਚਲਾ ॥ ਸਲੋਕ, ੨, ੯ *(ਪੰਨਾ ੩੦੪)*

ਇਸਤ੍ਰੀ-ਲਿੰਗ ਨਾਂਵ, 'ਜੋਰੂ' ਤੋਂ ਬਹੁ-ਵਚਨ 'ਜੋਰਾ' (ਉਚਾਰਣ ਨਾਸਕੀ)—ਜੋਰੂਆਂ ਨੂੰ।

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥
ਨਾਗਾਂ ਮਿਰਗਾਂ 'ਮਛੀਆਂ' ਰਸੀਆਂ ਘਰਿ ਧਨੁ ਹੋਇ ॥ ਸਲੋਕ, ੧, ੨ *(ਪੰਨਾ ੧੨੭੯)*

ੀ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਮਛੀ' ਤੋਂ ਬਹੁ-ਵਚਨ 'ਮਛੀਆਂ'—ਮਛੀਆਂ ਨੂੰ।

**4. ਅਪਾਦਾਨ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

ਸਲੋਕ 'ਵਾਰਾਂ' ਤੇ ਵਧੀਕ (ਸਿਰਲੇਖ) *(ਪੰਨਾ ੧੪੧੦)*

ਮੁਕਤਾ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਵਾਰ' ਤੋਂ ਬਹੁ-ਵਚਨ 'ਵਾਰਾਂ'।

**5. ਅਧਿਕਰਣ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

ਜਾਲਣ 'ਗੋਰਾਂ' ਨਾਲਿ ਉਲਾਮੇ ਜੀਅ ਸਹੇ॥ ੮, ੨ *(ਪੰਨਾ ੪੮੮)*

ਮੁਕਤਾ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਗੋਰ' ਤੋਂ ਬਹੁ-ਵਚਨ 'ਗੋਰਾਂ'।

**6. ਸੰਬੰਧ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

ਨਾਮਿ ਰਤੇ 'ਕੁਲਾਂ' ਕਾ ਕਰਹਿ ਉਧਾਰੁ॥ ੧, ੯ *(ਪੰਨਾ ੧੧੭੪)*

ਮੁਕਤਾ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਕੁਲ' ਤੋਂ ਬਹੁ-ਵਚਨ 'ਕੁਲਾਂ'।

ਕਾਮ ਕ੍ਰੋਧੁ 'ਬੁਰਿਆਈਆਂ' ਸੰਗਿ ਸਾਧੂ ਤੁਟੁ॥ ਪਉੜੀ, ੨੯ *(ਪੰਨਾ ੩੧੫)*

ੀ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਬੁਰਿਆਈ' ਤੋਂ ਬਹੁ-ਵਚਨ 'ਬੁਰਿਆਈਆਂ'—ਬੁਰਿਆਈਆਂ ਦਾ।

(ਅ) ਹੇਠ ਲਿਖੇ ਕਾਰਕਾਂ ਵਿਚ ਇਸਤ੍ਰੀ-ਲਿੰਗ ਬਹੁ-ਵਚਨ ਨਾਂਵਾਂ ਦਾ ਅੰਤਲਾ ਕਾਰਕ-ਚਿੰਨ੍ਹ ( ੀ) ਨਾਸਕੀ ਹੁੰਦਾ ਹੈ:

**1. ਕਰਤਾ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ** (ਸੰਬੰਧਕੀ ਰੂਪ)

ਜਿਨੀ 'ਸਖੀ' ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ॥ ੧, ੬੧ *(ਪੰਨਾ ੩੭)*

ੀ-ਅੰਤਿਕ ਨਾਂਵ 'ਸਖੀ' ਤੋਂ ਬਹੁ-ਵਚਨ 'ਸਖੀ'—ਸਖੀਆਂ ਨੇ।

ਏਨੀ 'ਜਲੀਈ' ਨਾਮੁ ਵਿਸਾਰਿਆ ਇਕ ਨਾ ਚਲੀਆ ਨਾਲਿ॥ ਸਲੋਕ, ੨, ੨੬ *(ਪੰਨਾ ੧੨੯੦)*

ੀ-ਅੰਤਿਕ ਕਿਰਦੰਤ-ਨਾਂਵ 'ਜਲੀ' ਤੋਂ ਬਹੁ-ਵਚਨ 'ਜਲੀਈ' —ਸੜੀਆਂ ਹੋਈਆਂ ਨੇ ਅਥਵਾ ਸੜ ਜਾਣੀਆਂ ਨੇ।

**2. ਕਰਣ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

'ਗਲੀ' ਅਸੀ ਚੰਗੀਆ ਆਚਾਰੀ ਬੁਰੀਆਹ॥ ਸਲੋਕ, ੨, ੭ *(ਪੰਨਾ ੮੫)*

ਮੁਕਤਾ-ਅੰਤਿਕ ਇਸਤ੍ਰੀ-ਲਿੰਗ ਨਾਂਵ, 'ਗਲ' ਤੋਂ ਬਹੁ-ਵਚਨ 'ਗਲੀ' —ਗੱਲਾਂ ਬਾਤਾਂ ਨਾਲ।

**3. ਸੰਪ੍ਰਦਾਨ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

'ਚੰਗਿਆਈ' ਆਲਕੁ ਕਰੇ ਬੁਰਿਆਈ ਹੋਇ ਸੇਰੁ॥ ਸਲੋਕ, ੧, ੩ *(ਪੰਨਾ ੫੧੮)*

ੀ-ਅੰਤਿਕ ਇਸਤ੍ਰੀ-ਲਿੰਗ ਨਾਂਵ ਚੰਗਿਆਈ ਤੋਂ ਬਹੁ-ਵਚਨ 'ਚੰਗਿਆਈ'—ਚੰਗਿਆਈਆਂ ਨੂੰ (ਵਲੋਂ)।

**4. ਅਧਿਕਰਣ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

ਪਿੰਜਰਿ ਪੰਖੀ ਬੰਧਿਆ ਕੋਇ॥ 'ਛੇਰੀ' ਭਰਮੈ ਮੁਕਤਿ ਨ ਹੋਇ॥ ੭, ੨੦ (੧)
*(ਪੰਨਾ ੮੩੯)*

ਮੁਕਤਾ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਛੇਰ' ਤੋਂ ਬਹੁ-ਵਚਨ 'ਛੇਰੀ' —ਛੇਰਾਂ ਵਿਚ।

ਖੰਡੀ ਬ੍ਰਹਮੰਡੀ ਪਾਤਾਲੀ 'ਪੁਰੀਈ' ਤ੍ਰਿਭਵਣ ਤਾੜੀ ਲਾਈ ਹੇ॥ ੧੦, ੩
*(ਪੰਨਾ ੧੦੨੩)*

ੀ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਪੁਰੀ' ਤੋਂ ਬਹੁ-ਵਚਨ 'ਪੁਰੀਈ' (ਉਚਾਰਣ ਨਾਸਕੀ)—ਪੁਰੀਆਂ ਵਿਚ।

**5. ਸੰਬੰਧ ਕਾਰਕ, ਇਸਤ੍ਰੀ-ਲਿੰਗ, ਬਹੁ-ਵਚਨ ਨਾਂਵ**

ਆਖਹਿ ਥਕਹਿ ਆਖਿ ਆਖਿ ਕਰਿ 'ਸਿਫਤੀ' ਵੀਚਾਰ॥ ਸਲੋਕ, ੧,੧੧
*(ਪੰਨਾ ੧੨੪੧)*

ਿ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਸਿਫਤਿ' ਤੋਂ ਬਹੁ-ਵਚਨ 'ਸਿਫਤੀ' —ਸਿਫਤਾਂ ਦਾ।

'ਅਖੀ' ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥ ਸਲੋਕ, ੨, ੧੮
*(ਪੰਨਾ ੪੭੨)*

ਮੁਕਤਾ-ਅੰਤਿਕ ਇਸਤ੍ਰੀ-ਲਿੰਗ ਨਾਂਵ 'ਅਖ' ਤੋਂ ਬਹੁ-ਵਚਨ 'ਅਖੀ' (ਉਚਾਰਣ ਨਾਸਕੀ)—ਅੱਖਾਂ ਦਾ।

### ੪.੩.੧੨.੩ ਵਿਸ਼ੇਸ਼ਣ

(ੳ) 'ਗੁਣ-ਵਾਚਕ' ਵਿਸ਼ੇਸ਼ਣ ਸੰਬੰਧੀ ਨਾਸਿਕਤਾ ਦੇ ਨੇਮ ਨਾਂਵ ਵਾਲੇ ਹੀ ਹਨ।

(ਅ) ਸੰਬੰਧਕੀ-ਰੂਪ ਵਾਲੇ ਸੰਖਿਅਕ ਵਿਸ਼ੇਸ਼ਣਾਂ ਦਾ ਅੰਤਲਾ ਚਿੰਨ੍ਹ 'ਾ' ਅਤੇ 'ੀ' ਨਾਸਕੀ ਹੁੰਦੇ ਹਨ।

'ਦੁਹਾਂ' ਸਿਰਿਆਂ ਕਾ ਕਰਤਾ ਆਪਿ॥ ੩, ੨੦ *(ਪੰਨਾ ੧੨੭੧)*

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ॥
'ਦੁਹੀ' ਮਿਲਿ ਕੈ ਸ੍ਰਿਸਟਿ ਉਪਾਈ॥ ੪, ੨੮ *(ਪੰਨਾ ੧੨੬)*

ਸੋ ਪੰਡਿਤੁ ਜੋ 'ਤਿਹਾਂ' ਗੁਣਾ ਕੀ ਪੰਡ ਉਤਾਰੈ॥ ੩, ੧੦ *(ਪੰਨਾ ੧੨੬੧)*

'ਤਿਹੀ' ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥ ੨੭, ਅਨੰਦੁ
*(ਪੰਨਾ ੯੨੦)*

ਚਾਰਿ ਬਰਨ 'ਚਉਹਾ' ਕੇ ਮਰਦਨ ਖਟੁ ਦਰਸਨ ਕਰ ਤਲੀ ਰੇ॥ ੧, ੧੩੨
*(ਪੰਨਾ ੪੦੪)*

ਪਾਪ ਕਰਹਿ 'ਪੰਚਾਂ' ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥ ੨, ੨
*(ਪੰਨਾ ੧੩੪੮)*

ਪੰਜਿ ਨਿਵਾਜਾ ਵਖਤ ਪੰਜਿ 'ਪੰਜਾ' ਪੰਜੇ ਨਾਉ॥ ਸਲੋਕ, ੩, ੭
*(ਪੰਨਾ ੧੪੧)*

ਇਕੁ ਸਿਖ ਦੁਇ ਸਾਧ ਸੰਗੁ 'ਪੰਜੀਂ' ਪਰਮੇਸਰ॥ ਵਾਰ ੧੩, ੫ : ੧੯
*(ਭਾ: ਗੁਰਦਾਸ ਜੀ)*

'ਸਤੀ' ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਸਲੋਕ, ੧, ੧੮
*(ਪੰਨਾ ੧੪੬)*

'ਅਠੀ' ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥ ਸਲੋਕ ੧, ੧੮ *(ਪੰਨਾ ੧੪੬)*

'ਦਸੀ' ਮਾਸੀ ਹੁਕਮਿ ਬਾਲਕ ਜਨਮੁ ਲੀਆ॥ ੨, ੧੦੧ *(ਪੰਨਾ ੩੯੬)*

ਦਸ ਬਾਲਤਣਿ ਬੀਸ ਰਵਣਿ 'ਤੀਸਾ' ਕਾ ਸੁੰਦਰੁ ਕਹਾਵੈ॥
'ਚਾਲੀਸੀ' ਪੁਰੁ ਹੋਇ 'ਪਚਾਸੀ' ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥
ਸਤਰਿ ਕਾ ਮਤਿਹੀਣੁ 'ਅਸੀਹਾਂ' ਕਾ ਵਿਉਹਾਰੁ ਨ ਪਾਵੈ॥ ਸਲੋਕ, ੨, ੧
*(ਪੰਨਾ ੧੩੮)*

(ੲ) ਜਿਨ੍ਹਾਂ ਕਰਮ-ਵਾਚਕ ਸੰਖਿਅਕ ਵਿਸ਼ੇਸ਼ਣਾਂ ਦੇ ਅੰਤ ਵਿਚ (ਵ) ਚਿੰਨ੍ਹ ਕਿਸੇ ਸ੍ਵਰ ਸਹਿਤ ਆਵੇ, ਉਹ ਅੰਤਲਾ ਸ੍ਵਰ ਨਾਸਕੀ ਬੋਲਦਾ ਹੈ:

| | | |
|---|---|---|
| ਪੰਜਵਾਂ | ਪੰਜਵੀਂ | ਪੰਜਵੈਂ |
| ਛੇਵਾਂ | ਛੇਵੀਂ | ਛੇਵੈਂ |
| ਸਤਵਾਂ | ਸਤਵੀਂ | ਸਤਵੈਂ |
| ਅਠਵਾਂ | ਅਠਵੀਂ | ਅਠਵੈਂ |
| ਨਾਵਾਂ | ਨਾਵੀਂ | ਨਾਵੈਂ |
| ਦਸਵਾਂ | ਦਸਵੀਂ | ਦਸਵੈਂ |

**ਉਦਾਹਰਣਾਂ**

ਸਿਰੀ ਰਾਗੁ ਮਹਲਾ ੫ (ਅੰਕ '੫' ਦਾ ਉਚਾਰਣ 'ਪੰਜਵਾਂ' ਹੈ)
'ਦੋਵੈ' ਥਾਵ ਰਖੇ ਗੁਰ ਸੂਰੇ॥ ਰਹਾਉ, ੧੦੮ *(ਪੰਨਾ ੮੨੫)*
'ਪੰਜਵੈ' ਖਾਣ ਪੀਅਣੁ ਕੀ ਧਾਤੁ॥ 'ਛਿਵੈ' ਕਾਮੁ ਨ ਪੁਛੈ ਜਾਤਿ॥
'ਸਤਵੈ' ਸੰਜਿ ਕੀਆ ਘਰ ਵਾਸੁ॥ 'ਅਠਵੈ' ਕ੍ਰੋਧੁ ਹੋਆ ਤਨ ਨਾਸੁ॥
'ਨਾਵੈ' ਧਉਲੇ ਉਭੇ ਸਾਹ॥ 'ਦਸਵੈ' ਦਧਾ ਹੋਆ ਸੁਆਹ॥ ਸਲੋਕ, ੨, ੧
*(ਪੰਨਾ ੧੩੭-੩੮)*

### ੪.੩.੧੨.੪ ਪੜਨਾਂਵ

ਹੇਠ ਲਿਖੇ ਪੁਰਖ-ਵਾਚਕ ਪੜਨਾਂਵਾਂ ਦਾ ਅੰਤਲਾ ਸ੍ਵਰ ਨਾਸਕੀ ਬੋਲਦਾ ਹੈ:

**1. ਮਧਮ ਪੁਰਖ ਵਿਚ ਪੁਰਖ-ਵਾਚਕ ਪੜਨਾਂਵ..... ਤੈਂ**

ਪਹਿਲੋ ਦੇ ਤੈਂ ਰਿਜਕ ਸਮਾਹਾ॥ ਪਿਛੋਂ ਦੇ ਤੈਂ ਜੰਤ ਉਪਾਹਾ॥ ੬, ੩੫
*(ਪੰਨਾ ੧੩੦)*

**2. ਉਤਮ ਪੁਰਖ ਵਿਚ ਪੁਰਖ ਵਾਚਕ ਪੜਨਾਂਵ..... ਹੰਉ**

ਹੰਉ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ ਪਛਾਨੀ॥ ੩, ੧੩੫ *(ਪੰਨਾ ੪੦੪)*

## ੪.੩.੧੨.੫ ਕਿਰਿਆ—ਕਰਤ੍ਰੀ-ਵਾਚ

### (ੳ) ਵਰਤਮਾਨ ਕਾਲ

ਵਰਤਮਾਨ ਕਾਲ ਦੀਆਂ ਕਿਰਿਆਵਾਂ ਦਾ ਅੰਤਲਾ ਚਿੰਨ੍ਹ ਜਿਨ੍ਹਾਂ ਹਾਲਤਾਂ ਵਿਚ ਨਾਸਕੀ ਹੁੰਦਾ ਹੈ, ਉਹਨਾਂ ਦਾ ਵੇਰਵਾ ਥੱਲੇ ਦਿੱਤਾ ਜਾਂਦਾ ਹੈ:

**1. ਵਰਤਮਾਨ ਕਾਲ, ਅਨ-ਪੁਰਖ, ਬਹੁ-ਵਚਨ.....ਅੰਤਲਾ ਚਿੰਨ੍ਹ 'ਹਿ', 'ਹੀ', ' ੈ '**

ਦੂਜੈ ਭਾਇ ਪਰਪੰਚਿ ਲਾਗੇ॥ 'ਆਵੰਹਿ' ਜਾਵਹਿ ਮਰਹਿ ਅਭਾਗੇ॥ ੧, ੨
*(ਪੰਨਾ ੮੪੨)*

ਹਿੰਦੂ ਮੂਲੇ ਭੂਲੇ ਅਖੁਟੀ 'ਜਾਂਹੀ'॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥ ਸਲੋਕ, ੨, ੨੦ *(ਪੰਨਾ ੫੫੬)*

ਗੁਰਮਤੀ ਸਬਦਿ ਸੂਰ 'ਹੈਂ' ਕਾਮੁ ਕ੍ਰੋਧੁ ਜਿਨ੍ੀ ਮਾਰਿਆ॥ ਪਉੜੀ, ੫
*(ਪੰਨਾ ੧੨੮੦)*

**2. ਵਰਤਮਾਨ ਕਾਲ, ਮਧਮ ਪੁਰਖ, ਇਕ-ਵਚਨ.....ਅੰਤਲਾ ਚਿੰਨ੍ਹ 'ਹਿ', 'ਹੀ', ' ੈ '**

'ਦੇਂਹਿ' ਅਧਾਰੁ ਸਰਬ ਕਉ ਠਾਕੁਰ ਜੀਅ ਪ੍ਰਾਨ ਸੁਖਦਾਤੇ॥ ੧, ੨੬
*(ਪੰਨਾ ੧੨੦੯)*

ਕੀ ਨ 'ਸੁਣੇਹੀ' ਗੋਰੀਏ ਆਪਣ ਕੰਨੀ ਸੋਇ॥
ਲਗੀ 'ਆਵਹਿ' ਸਾਹੁਰੈ ਨਿਤ ਨ ਪੇਈਆ ਹੋਇ॥ ੩, ੨੪ *(ਪੰਨਾ ੨੩)*

ਸਗਲ ਸੂਖ ਜਾਂ ਤੂੰ ਚਿਤਿ 'ਆਵੈਂ'॥
ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ॥ ਰਹਾਉ, ੫, ੯ *(ਪੰਨਾ ੩੮੫)*

ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ 'ਹੈਂ' ਅਤਿ ਭੁਜ ਭਇਓ ਅਪਾਰਲਾ॥ ੩, ੨
*(ਪੰਨਾ ੧੨੯੨)*

**3. ਵਰਤਮਾਨ ਕਾਲ, ਉਤਮ ਪੁਰਖ, ਇਕ-ਵਚਨ.....ਅੰਤਲਾ ਚਿੰਨ੍ਹ 'ਾ', ' ੀ', 'ਉ', 'ਊ'**

ਰੁਪੀ ਭੁਖ ਨ ਉਤਰੈ ਜਾਂ 'ਦੇਖਾਂ' ਤਾਂ ਭੁਖ॥ ਸਲੋਕ, ੨, ੨੧
*(ਪੰਨਾ ੧੨੮੭)*

ਕਰਿ ਕਿਰਪਾ ਪ੍ਰਤਿਪਾਲਣ ਲਾਗਾ 'ਕਰੀਂ' ਤੇਰਾ ਕਰਾਇਆ॥ ਰਹਾਉ, ੭੧
*(ਪੰਨਾ ੬੨੭)*

ਮਨ ਤਨ ਅੰਤਰਿ ਤੁਝੈ 'ਧਿਆਈਂ'॥ ਤੁਮਰੈ ਲਵੈ ਨ ਕੋਊ 'ਲਾਈਂ'॥ ੩, ੬੦
*(ਪੰਨਾ ੩੮੬)*

ਹਉ 'ਮਾਂਗਉ' ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥ ੧, ੧੧
*(ਪੰਨਾ ੬੫੬)*

ਖਿਨੁ ਪਲੁ ਘੜੀ ਨ 'ਜੀਵਊ' ਬਿਨੁ ਦੇਖੇ 'ਮਰਾਂ' ਮਾਇ॥ ਪਉੜੀ, ੨੯
*(ਪੰਨਾ ੧੨੪੮)*

**4. ਵਰਤਮਾਨ ਕਾਲ, ਉਤਮ ਪੁਰਖ, ਬਹੁ-ਵਚਨ.....ਅੰਤਲਾ ਚਿੰਨ੍ਹ 'ਹ', 'ਹਾਂ'**

ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ 'ਗਾਵਹ' ਹਰਿ ਗੁਣ ਛੰਤਾ॥
ਹਰਿ ਕੀਰਤਨੁ 'ਕਰਹ' ਹਰਿ ਜਸੁ 'ਸੁਣਹ' ਤਿਸੁ ਕਵਲਾ ਕੰਤਾ॥ ਪਉੜੀ, ੨੦
*(ਪੰਨਾ ੬੫੦)*

ਹਮ ਮੂਰਖ ਕਿਛੂਅ ਨ 'ਜਾਣਹਾ' ਕਿਵ 'ਪਾਵਹ' ਪਾਰੋ॥ ੩, ੨੭ *(ਪੰਨਾ ੪੫੦)*

**(ਅ) ਭੂਤ ਕਾਲ**

1. ਭੂਤ ਕਾਲ ਦੀਆਂ ਅਨ-ਪੁਰਖ, ਇਕ-ਵਚਨ ਦੀਆਂ ਇਸਤ੍ਰੀ-ਲਿੰਗ ਕਿਰਿਆਵਾਂ ਦਾ ਅੰਤਲਾ ਚਿੰਨ੍ਹ 'ਆ' ਨਾਸਕੀ ਹੁੰਦਾ ਹੈ:

ਚਲਿ ਚਲਿ 'ਗਈਆਂ' ਪੰਖੀਆਂ ਜਿਨੀ ਵਸਾਏ ਤਲ॥ ੬੬ *(ਪੰਨਾ ੧੩੮੧)*

2. ਭੂਤ ਕਾਲ ਦੀਆਂ ਮਧਮ-ਪੁਰਖ, ਇਕ-ਵਚਨ ਦੀਆਂ ਕਰਤ੍ਰੀ ਅਤੇ ਕਰਮਨੀ ਵਾਚ ਦੀਆਂ ਪੁਲਿੰਗ ਅਤੇ ਇਸਤ੍ਰੀ-ਲਿੰਗ ਕਿਰਿਆਵਾਂ ਦਾ ਮਧਮ ਪੁਰਖ ਇਕ-ਵਚਨ ਦਾ ਵਾਚਕ ਅੰਤਲਾ ਪੜਨਾਂਵੀਂ ਪਿਛੇਤਰ 'ਹੁ' ਅਤੇ 'ਹਿ' ਨਾਸਕੀ ਬੋਲਦਾ ਹੈ:

'ਬਧੋਹੁ' ਪੁਰਖਿ ਬਿਧਾਤੈ ਤਾਂ ਤੂ ਸੋਹਿਆ॥ ੧੦, ਫੁਨਹੇ *(ਪੰਨਾ ੧੩੬੨)*
ਬਧੋਹੁ—ਤੂ ਬਧਾ ਗਿਆ।

ਫਰੀਦਾ ਪਿਛਲ ਰਾਤਿ ਨ 'ਜਾਗਿਓਹਿ' ਜੀਵਦੜੋ 'ਮੋਇਓਹਿ'॥ ੧੦੭
*(ਪੰਨਾ ੧੩੮੩)*

ਨ ਜਾਗਿਓਹਿ—ਤੂੰ ਨਾ ਜਾਗਿਆ, ਮੋਇਓਹਿ—ਤੂੰ ਮਰ ਗਿਆ।

ਹੰਸੁ ਚਲਿਆ ਤੂੰ ਪਿਛੈ 'ਰਹੀਏਹਿ' ਛੁਟੜਿ 'ਹੋਈਅਹਿ' ਨਾਰੀ॥ ੨, ੧੩
*(ਪੰਨਾ ੧੫੫)*

ਰਹੀਏਹਿ—ਤੂੰ ਰਹਿ ਗਈ ਹੈਂ, ਹੋਈਅਹਿ—ਤੂੰ ਹੋ ਗਈ ਹੈਂ।

**(ੲ) ਭਵਿਖਤ ਕਾਲ**

ਭਵਿਖਤ ਕਾਲ ਦੀਆਂ ਕਿਰਿਆਵਾਂ ਦਾ ਅੰਤਲਾ ਚਿੰਨ੍ਹ ਜਿਨ੍ਹਾਂ ਹਾਲਤਾਂ ਵਿਚ ਨਾਸਕੀ ਹੁੰਦਾ ਹੈ, ਉਨ੍ਹਾਂ ਦਾ ਵੇਰਵਾ ਥੱਲੇ ਦਿੱਤਾ ਜਾਂਦਾ ਹੈ:

**1. ਭਵਿਖਤ ਕਾਲ, ਅਨ-ਪੁਰਖ, ਬਹੁ-ਵਚਨ.....ਅੰਤਲਾ ਚਿੰਨ੍ਹ 'ਹਿ', 'ਹੀ'**

ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ 'ਹੋਹਿ' ਨ ਅੰਤਿ ਸਖਾਇਆ॥ ਰਹਾਉ, ੨੬
*(ਪੰਨਾ ੨੩)*

ਨਾਮਿ ਲਗੇ ਸੇ ਊਬਰੇ, ਬਿਨੁ ਨਾਵੈ ਜਮਪੁਰਿ 'ਜਾਂਹਿ'॥ ੨੪ *(ਪੰਨਾ ੧੪੧੫)*
ਇਕਿ ਚਾਲੇ ਇਕਿ 'ਚਾਲਸਹਿ' ਸਭਿ ਅਪਨੀ ਵਾਰ॥ ੩, ੩੧ *(ਪੰਨਾ ੮੦੮)*
ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮਰਾਇ ਕੈ 'ਜਾਹੀ'॥ ੪੫
*(ਪੰਨਾ ੧੪੧੮)*

**2. ਭਵਿਖਤ ਕਾਲ, ਮਧਮ-ਪੁਰਖ, ਇਕ-ਵਚਨ.....ਅੰਤਲਾ ਚਿੰਨ੍ਹ 'ਹਿ', 'ਹੇ', 'ਹੀ'**

ਨਾਨਕ ਸਦਾ ਅਰਾਧਿ ਕਦੇ ਨਾ 'ਜਾਂਹਿ' ਮਰਿ॥ ੧੭, ਫੁਨਹੇ *(ਪੰਨਾ ੧੩੬੩)*

ਏ ਮਨ ਗੁਰ ਕੀ ਸਿਖ ਸੁਣਿ 'ਪਾਇਹਿ' ਗੁਣੀ ਨਿਧਾਨੁ॥ ਸਲੋਕ,੨, ੬ *(ਪੰਨਾ ੮੫੧)*

ਏਹ ਵੇਲਾ ਨ 'ਲਹਸਹਿ' ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ॥ ੧੨, ਪਟੀ *(ਪੰਨਾ ੪੩੫)*

ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ 'ਪਛੁਤਾਵਹੇ'॥ ੬, ੭ *(ਪੰਨਾ ੪੪੧)*

ਧਰਮਰਾਇ ਜਬ ਪਕਰਸਿ ਬਵਰੇ ਤਬ ਕਾਲ ਮੁਖਾ ਉਠਿ 'ਜਾਹੀ'॥ ੩, ੧੬ *(ਪੰਨਾ ੧੨੦੭)*

**3. ਭਵਿਖਤ ਕਾਲ, ਉਤਮ ਪੁਰਖ, ਇਕ-ਵਚਨ.....ਅੰਤਲਾ ਚਿੰਨ੍ਹ (ਪਿਛੇਤਰ-ਚਿੰਨ੍ਹ 'ਗਾ', 'ਗੀ' ਤੋਂ ਪਹਿਲਾਂ) 'ਉ', 'ਊ', 'ਾ', 'ੀ'**

ਜਿਨੀ ਸਖੀ ਸਹੁ ਰਾਵਿਆ ਤਿਨ 'ਪੂਛਉਗੀ' ਜਾਏ॥
ਪਾਇ 'ਲਗਉ' ਬੇਨਤੀ 'ਕਰਉ' 'ਲੇਉਗੀ' ਪੰਥੁ ਬਤਾਏ॥ ੫, ੧ *(ਪੰਨਾ ੭੨੫)*

ਤੀਰਥ ਦੇਖਿ ਨ ਜਲ ਮਹਿ 'ਪੈਸਉ' ਜੀਅ ਜੰਤ ਨ ਸਤਾਵਉਗੋ॥ ੩, ੨ *(ਪੰਨਾ ੯੭੩)*

ਹਉ ਤਉ ਏਕੁ ਰਮਈਆ 'ਲੈਹਉ'॥
ਆਨ ਦੇਵ ਬਦਲਾਵਨਿ 'ਦੈਹਉ'॥ ਰਹਾਉ ੨, ੬ *(ਪੰਨਾ ੮੭੪)*

ਹਉ ਨਾਹੀ ਕਿਛੁ ਮੈ ਕਿਆ 'ਹੋਸਾ' ਸਭ ਤੁਮ ਹੀ ਕਲ ਧਾਰੀ॥ ੨, ੨੫ *(ਪੰਨਾ ੧੨੦੯)*

ਜੋ ਤੂ ਕਹਹਿ ਸੁ ਕਾਰ 'ਕਮਾਵਾ'॥ ਜਨ ਨਾਨਕ ਗੁਰਮੁਖ ਨੇੜਿ ਨ 'ਆਵਾ'॥ ੪, ੧ *(ਪੰਨਾ ੩੭੦)*

ਜਿਨਿ ਨਾਮੁ ਦੀਆ ਤਿਸੁ 'ਸੇਵਸਾ' ਤਿਸੁ ਬਲਿਹਾਰੈ 'ਜਾਉ'॥ ੩੧, ਓਅੰਕਾਰੁ *(ਪੰਨਾ ੯੩੪)*

ਜੇ ਪਾਸਿ ਬਹਾਲਹਿ ਤਾ ਤੁਝਹਿ 'ਅਰਾਧੀ'
ਜੇ ਮਾਰਿ ਕਢਹਿ ਭੀ 'ਧਿਆਈ'॥ ੮, ੩੨ (੧) *(ਪੰਨਾ ੭੫੭)*

**4. ਭਵਿਖਤ ਕਾਲ, ਉਤਮ ਪੁਰਖ, ਬਹੁ-ਵਚਨ.....ਅੰਤਲਾ ਚਿੰਨ੍ਹ 'ਹ', 'ਸਹ'**

ਹਮ ਕੀਆ ਹਮ 'ਕਰਹਗੇ' ਹਮ ਮੂਰਖ ਗਾਵਾਰ॥ ੩, ੬੪ *(ਪੰਨਾ ੩੯)*

ਦੁਸਟ ਸਭਾ ਮਿਲਿ ਮੰਤਰੁ ਉਪਾਇਆ 'ਕਰਸਹ' ਅਉਧ ਘਨੇਰੀ॥ ੩, ੯ *(ਪੰਨਾ ੧੧੬੫)*

***ਨੋਟ:*** ਭਵਿਖਤ ਕਾਲ ਵਾਚੀ ਪਿਛੇਤਰ-ਪਦ ਗਾ, ਗੇ, ਗੀ ਨਾਸਕੀ ਨਹੀਂ ਹੁੰਦੇ।

**(ਸ) ਹੁਕਮੀ ਭਵਿਖਤ ਕਾਲ**

ਹੁਕਮੀ ਭਵਿਖਤ ਕਾਲ ਦੀਆਂ ਕਿਰਿਆਵਾਂ ਦਾ ਅੰਤਲਾ ਚਿੰਨ੍ਹ ਜਿਨ੍ਹਾਂ ਹਾਲਤਾਂ ਵਿਚ ਨਾਸਕੀ ਹੁੰਦਾ ਹੈ, ਉਨ੍ਹਾਂ ਦਾ ਵੇਰਵਾ ਥੱਲੇ ਦਿੱਤਾ ਜਾਂਦਾ ਹੈ:

1. **ਸੰਭਾਵ ਭਵਿਖਤ ਕਾਲ, ਅਨ-ਪੁਰਖ, ਬਹੁ-ਵਚਨ.....ਅੰਤਲਾ ਚਿੰਨ੍ਹ 'ਹਿ'**

ਸਹਸ ਸਿਆਣਪਾ ਲਖ 'ਹੋਹਿ' ਤ ਇਕ ਨ ਚਲੈ ਨਾਲਿ॥ ੧, ਜਪੁਜੀ *(ਪੰਨਾ ੧)*

2. **ਸੰਭਾਵ ਭਵਿਖਤ ਕਾਲ, ਮਧਮ ਪੁਰਖ, ਇਕ-ਵਚਨ.....ਅੰਤਲਾ ਚਿੰਨ੍ਹ 'ਹਿ', 'ਹੀ', 'ੀ', 'ੇ', 'ੈ'**

ਜੇ ਪਾਸਿ 'ਬਹਾਲਹਿ' ਤ ਤੁਝਹਿ ਅਰਾਧੀ
ਜੇ ਮਾਰਿ 'ਕਢਹਿ' ਭੀ ਧਿਆਈ॥ ੮, ੩੨ (੧) *(ਪੰਨਾ ੭੫੭)*

ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ 'ਡਰਾਂਹੀ'॥ ੩, ੩ *(ਪੰਨਾ ੪੮੮)*

ਜੇ ਤੂ ਕਿਸੇ ਨ 'ਦੇਹੀ' ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ॥ ੩, ੨ *(ਪੰਨਾ ੬੬੦)*

'ਆਖੀਂ' ਸੇਖਾਂ ਬੰਦਗੀ ਚਲਣੁ ਅਜੁ ਕਿ ਕਲਿ॥ ੯੭ *(ਪੰਨਾ ੧੩੮੩)*

'ਤਿਆਗੇਂ' ਮਨ ਕੀ ਮਤੜੀ 'ਵਿਸਾਰੇਂ' ਦੂਜਾ ਭਾਉ ਜੀਉ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥ ੩ *(ਪੰਨਾ ੭੬੩)*

ਚਰਨ ਕਮਲ ਮੇਰੇ ਹੀਅਰੇ ਬਸੈਂ॥ ੧, ਰਹਾਉ *(ਪੰਨਾ ੧੧੯੫)*

3. **ਸੰਭਾਵ ਭਵਿਖਤ ਕਾਲ, ਉਤਮ ਪੁਰਖ, ਇਕ-ਵਚਨ.....ਅੰਤਲਾ ਚਿੰਨ੍ਹ 'ਉ', 'ਊ', 'ਾ', 'ੀ'**

ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ 'ਪਾਂਉ'॥ ਰਹਾਉ,੧
ਕਦਿ ਪਾਂਉ—ਕਦੋਂ ਪਾਵਾਂ। *(ਪੰਨਾ ੧੨੦੨)*

ਜੇ ਜਾਣਾ ਲੜੁ ਛਿਜਣਾ ਪੀਡੀ 'ਪਾਈ' ਗੰਢਿ॥ ੫ *(ਪੰਨਾ ੧੩੭੮)*
ਪਾਈਂ—ਪਾਵਾਂ।

ਖੰਭ ਵਿਕਾਂਦੜੇ ਜੇ 'ਲਹਾਂ' 'ਘਿੰਨਾ' ਸਾਵੀ ਤੋਲਿ॥ ੨੧ *(ਪੰਨਾ ੧੪੨੬)*
ਲਹਾਂ—ਲਭ ਲਵਾਂ, ਘਿੰਨਾ—ਲੈ ਲਵਾਂ।

4. **ਸੰਭਾਵ ਭਵਿਖਤ ਕਾਲ, ਉਤਮ ਪੁਰਖ, ਬਹੁ-ਵਚਨ.....ਅੰਤਲਾ ਚਿੰਨ੍ਹ 'ਹ'**

ਹਰਿ ਨਾਮੁ 'ਸਾਲਾਹਹ' ਦਿਨੁ ਰਾਤਿ ਏਹਾ ਆਸ ਆਧਾਰੋ॥ ੩, ੧੭ *(ਪੰਨਾ ੪੫੦)*

ਸਾਲਾਹਹ—ਅਸੀਂ ਸਾਲਾਹੀਏ।

### ੪.੩.੧੨.੬ ਕਿਰਿਆ-ਕਰਮਨੀ ਵਾਚ

ਕਰਮਨੀ-ਵਾਚ ਕਿਰਿਆਵਾਂ ਦੇ ਪਿਛੇਤਰ-ਚਿੰਨ੍ਹਾਂ ਦੇ ਨਾਸਿਕੀ ਹੋਣ ਬਾਰੇ ਨੇਮ ਓਹੀ ਹਨ ਜੋ ਕਰਤ੍ਰੀ ਵਾਚ ਕਿਰਿਆਵਾਂ ਦੇ ਹਨ।

ਏਥੇ ਕੇਵਲ ਇਕ ਖ਼ਾਸ ਕਿਸਮ ਦੀਆਂ ਕਰਮਨੀ ਵਾਚ ਕਿਰਿਆਵਾਂ ਬਾਰੇ ਜ਼ਿਕਰ ਕਰਨਾ ਜ਼ਰੂਰੀ ਹੈ, ਕਿਉਂ ਜੁ ਇਹਨਾਂ ਦਾ ਉਚਾਰਣ ਆਮ ਤੌਰ 'ਤੇ ਦਰੁਸਤ ਨਹੀਂ ਕੀਤਾ ਜਾਂਦਾ।

ਕਰਮਨੀ-ਵਾਚ ਦੀਆਂ ਸੰਭਾਵ ਭਵਿਖਤ ਕਾਲ, ਉਤਮ ਪੁਰਖ ਇਕ-ਵਚਨ ਦੀਆਂ ਕਿਰਿਆਵਾਂ ਦਾ ਅੰਤਲਾ ਚਿੰਨ੍ਹ 'ਾ', 'ਿਆ', 'ਈਆ' ਨਾਸਕੀ ਬੋਲਦਾ ਹੈ:

'ਕੁਸਾ' 'ਕਟੀਆ' ਵਾਰ ਵਾਰ ਪੀਸਣਿ 'ਪੀਸਾ' ਪਾਇ॥
ਅਗੀ ਸੇਤੀ 'ਜਾਲੀਆ' ਭਸਮ ਸੇਤੀ ਰਲਿ ਜਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੨, ੨ *(ਪੰਨਾ ੧੪)*
ਸੇਵਾ ਮੰਗੈ ਸੇਵਕੋ 'ਲਾਈਆਂ' ਅਪੁਨੀ ਸੇਵ॥ ੩, ੭੫ *(ਪੰਨਾ ੪੩)*
ਹਉ ਮੂਰਖ ਕਾਰੈ 'ਲਾਈਆ' ਨਾਨਕ ਹਰਿ ਕੰਮੇ॥ ੩, ੧੬ *(ਪੰਨਾ ੪੪੯)*
ਤੁਧੁ ਭਾਵੈ 'ਸੰਤੋਖੀਆਂ' ਚੂਕੈ ਆਲ ਜੰਜਾਲੁ॥ ਸਲੋਕ, ੧, ੧ *(ਪੰਨਾ ੧੨੭੯)*
ਦੇਹਿ ਨਾਮੁ 'ਸੰਤੋਖੀਆ' ਉਤਰੈ ਮਨ ਕੀ ਭੁਖ॥ ਸਲੋਕ, ੨, ੩ *(ਪੰਨਾ ੯੫੮)*

ਕੁਸਾ—ਮੈਂ ਕੋਹਿਆ ਜਾਵਾਂ।
ਕਟੀਆ—ਮੈਂ ਕਟਿਆ ਜਾਵਾਂ।
ਪੀਸਾ—ਮੈਂ ਪੀਠਾ ਜਾਵਾਂ।
ਜਾਲੀਆ—ਮੈਂ ਜਾਲਿਆ ਜਾਵਾਂ।
ਲਾਈਆਂ—ਮੈਂ ਲਾਇਆ ਜਾਵਾਂ।
ਸੰਤੋਖੀਆ—ਮੈਂ ਸੰਤੋਖਿਆ ਜਾਵਾਂ।

### ੪.੩.੧੨.੭ ਕਿਰਦੰਤ

ਕਿਰਦੰਤ ਦੀਆਂ ਵੱਖ ਵੱਖ ਕਿਸਮਾਂ ਵਿਚੋਂ ਵਰਤਮਾਨ ਕਿਰਦੰਤ ਹੀ ਆਮ ਤੌਰ 'ਤੇ ਨਾਸਿਕਤਾ ਤੋਂ ਪ੍ਰਭਾਵਤ ਹੁੰਦਾ ਹੈ।

ਵਰਤਮਾਨ ਕਿਰਦੰਤ, ਧਾਤੂ ਦੇ ਅੰਤਲੇ ਸੂਰ ਨੂੰ (ਜੇ ਕੋਈ ਹੋਵੇ ਤਾਂ) ਨਾਸਕੀ ਕਰ ਕੇ ਅੰਤ ਵਿਚ 'ਦਾ' ਜਾਂ 'ਦਿਆਂ' ਲਾਉਣ ਨਾਲ ਬਣਦੇ ਹਨ। 'ਦਾ'-ਅੰਤਿਕ ਕਿਰਦੰਤਾਂ ਦੀ ਰੂਪ-ਸਾਧਨਾ ਲਿੰਗ ਵਚਨ ਦੇ ਭੇਦ ਕਰਕੇ 'ਦਾ', 'ਦੇ', 'ਦੀ', 'ਦੀਆਂ' ਅੰਤਿਕ ਹੋ ਜਾਂਦੀ ਹੈ।

'ਖਾਂਦਿਆ' 'ਖਾਂਦਿਆ' ਮੁਹੁ ਘਠਾ 'ਪੈਨੰਦਿਆ' ਸਭੁ ਅੰਗੁ॥ ਸਲੋਕ, ੨, ੧੮ *(ਪੰਨਾ ੫੨੩)*
ਏਤੇ ਚਾਨਣ 'ਹੋਦਿਆਂ' ਗੁਰ ਬਿਨੁ ਘੋਰ ਅੰਧਾਰ॥ ਸਲੋਕ ੨, ੧ *(ਪੰਨਾ ੪੬੩)*
ਮੋਇਆ ਰੋਂਹਿ 'ਰੋਂਦੇ' ਮਰਿ ਜਾਂਹੀ॥ ਸਲੋਕ ੧, ੨੦ *(ਪੰਨਾ ੧੨੮੭)*
ਹਰਿ ਅਰਥਿ ਜੋ ਖਰਚਦੇ 'ਦੇਂਦੇ' ਸੁਖੁ ਪਾਇਆ॥ ਪਉੜੀ, ੨੨ *(ਪੰਨਾ ੧੨੪੬)*

ਵਰਤਮਾਨ ਕਿਰਦੰਤ ਦੇ ਏਹੀ ਰੂਪ ਗੁਰਬਾਣੀ ਵਿਚ ਕਿਰਿਆ ਅਤੇ ਕਰਤ੍ਰੀ ਵਾਚਕ ਸੰਗਿਆ ਦੇ ਤੌਰ 'ਤੇ ਵੀ ਵਰਤੇ ਮਿਲਦੇ ਹਨ।

**ਕਿਰਿਆ ਵਜੋਂ :**

ਨਾਨਕ ਹਟ ਪਟਣ ਵਿਚਿ ਕਾਇਆ ਹਰਿ 'ਲੈਂਦੇ' ਗੁਰਮੁਖਿ ਸਉਦਾ ਜੀਉ ॥ ੪, ੫
*(ਪੰਨਾ ੯੫)*

**ਕਰਤ੍ਰੀ ਵਾਚਕ ਸੰਗਿਆ ਵਜੋਂ :**

'ਦੇਦਾ' ਦੇ 'ਲੈਦੇ' ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥ ੩, ਜਪੁ ਜੀ
*(ਪੰਨਾ ੨)*

ਕੁਝ ਵਰਤਮਾਨ ਕਿਰਦੰਤ, ਧਾਤੂ ਦੇ ਅੰਤ ਵਿਚ ਨਾਸਿਕੀ ਚਿੰਨ੍ਹ 'ਿ ਆਂ' (ਜੇ ਧਾਤੂ ਵਿਅੰਜਨ-ਅੰਤਿਕ ਹੋਵੇ) ਅਤੇ 'ਇਆਂ' (ਜੇ ਧਾਤੂ ਸੁਰ-ਅੰਤਿਕ ਹੋਵੇ) ਲਾਇਆਂ ਬਣਦੇ ਹਨ :

ਜਾ ਕੀ ਸਰਣਿ 'ਪਇਆਂ' ਸੁਖੁ ਪਾਈਐ ਬਾਹੁੜਿ ਦੂਖ ਨ ਹੋਈ ॥ ਰਹਾਉ, ੩੩
*(ਪੰਨਾ ੬੧੭)*

ਹਰਿ ਕੇ ਸੰਤ ਸੰਤ ਜਨ ਨੀਕੇ ਜਿਨ 'ਮਿਲਿਆਂ' ਮਨੁ ਰੰਗਿ ਰੰਗੀਤਿ ॥ ੩, ੫
*(ਪੰਨਾ ੧੨੯੬)*

ਵਰਤਮਾਨ ਕਿਰਦੰਤ ਇਕ ਹੋਰ ਤਰੀਕੇ ਨਾਲ ਵੀ ਬਣਦੇ ਹਨ। ਉਹ ਇੰਜ ਕਿ ਭੂਤ-ਕਿਰਦੰਤ ਦਾ ਅੰਤਲਾ ਕੰਨਾ (ਾ) ਲਾਹ ਕੇ ਉਸ ਦੀ ਥਾਵੇਂ ਦੋਲਾਵਾਂ ( ੈ ) ਲਾਈਆਂ ਜਾਂਦੀਆਂ ਹਨ :

| *ਮੂਲ ਧਾਤੂ* | *ਭੂਤ-ਕਿਰਦੰਤ* | *ਵਰਤਮਾਨ ਕਿਰਦੰਤ* |
|---|---|---|
| ਕਰ | ਕੀਤਾ | ਕੀਤੈ |
| | ਕਰਿਆ | ਕਰਿਐ |
| ਪੀ | ਪੀਤਾ | ਪੀਤੈ |
| | ਪੀਆ | ਪੀਐ |
| ਲੈ | ਲੀਤਾ | ਲੀਤੈ |
| | ਲਇਆ | ਲਇਐ |
| ਦੇਖ | ਡਿਠਾ | ਡਿਠੈ |
| | ਦੇਖਿਆ | ਦੇਖਿਐ |
| ਸੁਣ | ਸੁਣਿਆ | ਸੁਣਿਐ |
| ਬੋਲ | ਬੋਲਿਆ | ਬੋਲਿਐ |
| ਮਿਲ | ਮਿਲਿਆ | ਮਿਲਿਐ |
| ਕਮਾ | ਕਮਾਇਆ | ਕਮਾਇਐ |
| | ਕਮਾਣਾ | ਕਮਾਣੈ |

ਇਸ ਕਿਸਮ ਦੇ ਵਰਤਮਾਨ ਕਿਰਦੰਤ ਦੀਆਂ ਗੁਰਬਾਣੀ ਦੀਆਂ ਕੁਝ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

(i) ਜਿਤੁ 'ਸੇਵਿਐ' ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥ ੨੧
*(ਪੰਨਾ ੪੭੪)*

(ii) 'ਸੁਣਿਐ' ਦੂਖ ਪਾਪ ਕਾ ਨਾਸੁ ॥ ੮ *(ਪੰਨਾ ੨)*

(iii) ਜਿਤੁ 'ਬੋਲਿਐ' ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ੩, ੪ (ਪੰਨਾ ੧੫)

(iv) ਆਈ ਪੰਥੀ ਸਗਲ ਜਮਾਤੀ ਮਨਿ 'ਜੀਤੈ' ਜਗੁ ਜੀਤੁ ॥ ੨੮ (ਪੰਨਾ ੬)

(v) ਕੂੜਿ 'ਕਮਾਣੈ' ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥ ੩, ੨੨ (ਪੰਨਾ ੪੭੪)

ਸੇਵਿਐ—ਸੇਵੇ ਜਾਣ ਨਾਲ। ਸੁਣਿਐ—ਸੁਣੇ ਜਾਣ ਨਾਲ।
ਬੋਲਿਐ—ਬੋਲੇ ਜਾਣ ਨਾਲ। ਜੀਤੈ—ਜਿਤ ਲਏ ਜਾਣ ਨਾਲ।
ਕਮਾਣੈ—ਕਮਾਏ ਜਾਣ ਨਾਲ।

ਕਈ ਪਾਠੀ ਭੁਲੇਖੇ ਵਿਚ ਪੈ ਕੇ ਅਜਿਹੇ ਕਿਰਦੰਤਾਂ ਦੇ ਅੰਤਲੇ ਸ੍ਵਰ ਦੁਲਾਵਾਂ ( ੈ ) ਦਾ ਨਾਸਕੀ ਉਚਾਰਣ ਕਰਦੇ ਹਨ, ਜੋ ਗ਼ਲਤ ਹੈ।

ਭੂਤ-ਕਿਰਦੰਤ ਜਦੋਂ ਅਨ-ਪੁਰਖ, ਬਹੁ-ਵਚਨ ਨਾਂਵ ਕਰਕੇ ਕਰਮ ਕਾਰਕ ਜਾਂ ਸੰਪ੍ਰਦਾਨ ਕਾਰਕ ਵਿਚ ਵਰਤੇ ਜਾਣ ਤਾਂ ਵੀ ਉਹਨਾਂ ਦਾ ਅੰਤਲਾ ਚਿੰਨ੍ਹ (ਿਆ) ਨਾਸਕੀ ਹੋ ਜਾਂਦਾ ਹੈ:

'ਭੁਲਿਆਂ' ਆਪਿ ਸਮਝਾਇਸੀ ਜਾ ਕਉ ਨਦਰਿ ਕਰੇ ॥ ੬੭ (ਪੰਨਾ ੧੪੨੧)

ਭੁਲਿਆਂ—ਭੁਲਿਆਂ ਹੋਇਆਂ ਨੂੰ।

### ੪.੩.੧੨.੮ ਕਿਰਿਆ-ਵਿਸ਼ੇਸ਼ਣ

ਕਿਰਿਆ-ਵਿਸ਼ੇਸ਼ਣ ਦੀਆਂ ਵੱਖ ਵੱਖ ਕਿਸਮਾਂ ਵਿਚੋਂ ਨਾਸਿਕਤਾ ਤੋਂ ਪ੍ਰਭਾਵਤ ਹੋਣ ਵਾਲੇ ਕੁਝ ਕੁ ਸ਼ਬਦ ਥੱਲੇ ਦਿੱਤੇ ਜਾਂਦੇ ਹਨ:

ਸਮਾਂ-ਵਾਚੀ : 'ਜਦਹੁੰ', 'ਤਦਹੁੰ', 'ਕਦਹੁੰ', 'ਅਜਹੁੰ', 'ਅਗਹੁੰ', 'ਪਿਛਹੁੰ', ਤਾਈ, ਪਹਿਲਾਂ, ਜਾਂ (ਜਦਹੁ), ਤਾਂ (ਤਦਹੁ)।

ਸਥਾਨ ਵਾਚੀ : ਜਹਾਂ, ਤਹਾਂ, ਕਹਾਂ, ਈਹਾਂ, ਊਹਾਂ, ਜਿਥਹੁੰ, ਤਿਥਹੁੰ, ਕਿਥਹੁੰ, ਹੋਰਿਓਂ, ਅੰਦਰਹੁੰ, ਬਾਹਰਹੁੰ, ਅਗਹੁੰ, ਪਿਛਹੁੰ, ਤਿਥਾਈਂ, ਕਿਥਾਈਂ, ਤਿਥਾਊਂ, ਤਿਥਾਇੰ।

ਜਹ, ਤਹ, ਕਹ ਵੀ ਜਹਾਂ, ਤਹਾਂ, ਕਹਾਂ ਦੇ ਸੰਖਿਪਤ ਰੂਪ ਹਨ, ਇਸ ਲਈ ਇਹਨਾਂ ਦਾ ਅੰਤਲਾ 'ਹ' ਵੀ ਨਾਸਕੀ ਬੋਲਦਾ ਹੈ।

ਕਿਰਿਆ-ਵਿਸ਼ੇਸ਼ਣ ਸ਼ਬਦ 'ਜਹ', 'ਤਹ', 'ਕਹ' ਦਾ ਅਤੇ ਸੰਬੰਧ-ਵਾਚਕ ਪੜਨਾਂਵ 'ਜਿਹ', 'ਤਿਹ', 'ਕਿਹ' ਦਾ ਉਚਾਰਣ ਆਮ ਤੌਰ 'ਤੇ ਆਪਸ ਵਿਚ ਰਲ-ਗੱਡ ਕੀਤਾ ਜਾਂਦਾ ਹੈ। ਇਹਨਾਂ ਦੀ ਬਣਤਰ ਵਿਭਿੰਨ ਹੈ ਅਤੇ ਸ਼ਬਦ-ਸ਼੍ਰੇਣੀ ਵੀ, ਇਸ ਲਈ ਉਚਾਰਣ ਵੀ ਵਖਰਾ ਵਖਰਾ ਹੈ। ਪੜਨਾਂਵ ਜਿਹ, ਤਿਹ, ਕਿਹ ਦੇ ਉਚਾਰਣ ਵਿਚ ਇਹਨਾਂ ਸ਼ਬਦਾਂ ਦਾ ਅੰਤਲਾ 'ਹ' ਇਸ ਤੋਂ ਪਹਿਲੇ ਆਏ ਅੱਖਰ ਨੂੰ ਲਗੇ ਹ੍ਰਸ੍ਵ ਸ੍ਵਰ ਸਿਹਾਰੀ (ਿ) ਦੀ ਧੁਨੀ ਨੂੰ ਪ੍ਰਭਾਵਤ ਕਰ ਕੇ ਸਾਧਾਰਨ ਨਾਲੋਂ ਵਧੇਰੇ ਲੰਮਾ ਕਰਦਾ ਹੈ। ਇਹਨਾਂ ਪੜਨਾਂਵ ਸ਼ਬਦਾਂ ਦੇ ਅੰਤਲੇ 'ਹ' ਦਾ ਉਚਾਰਣ ਨਾਸਿਕਤਾ ਰਹਿਤ ਹੈ। ਕਿਰਿਆ-ਵਿਸ਼ੇਸ਼ਣ ਜਹ, ਤਹ, ਕਹ ਦੇ ਦੋਵੇਂ ਅੱਖਰ ਮੁਕਤਾ ਰੂਪ ਵਿਚ ਹਨ, ਇਸ ਲਈ 'ਹ' ਦੀ ਧੁਨੀ ਖੜੀ ਤੜੀ ਹੁੰਦੀ ਹੈ ਅਤੇ ਨਾਸਿਕੀ ਬੋਲਦੀ ਹੈ। ਕਾਵਿ-ਪ੍ਰਬੰਧ ਅਧੀਨ ਜਹਾਂ, ਤਹਾਂ, ਕਹਾਂ ਦਾ ਅੰਤਲਾ ਸ੍ਵਰ ਛਾਂਗ ਕੇ ਜਹ, ਤਹ, ਕਹ ਬਣੇ ਹਨ।

'ਪਹਿਲਾ' ਸ਼ਬਦ ਕਰਮ-ਵਾਚਕ ਸੰਖਿਅਕ-ਵਿਸ਼ੇਸ਼ਣ ਹੈ, ਜਦ ਕਿ 'ਪਹਿਲਾਂ' ਸ਼ਬਦ ਕਿਰਿਆ-ਵਿਸ਼ੇਸ਼ਣ ਹੈ। ਸੰਖਿਅਕ ਵਿਸ਼ੇਸ਼ਣ ਦੇ ਤੌਰ 'ਤੇ ਵਰਤੇ ਗਏ ਇਸ ਸ਼ਬਦ ਦਾ

ਅੰਤਲਾ-ਸੁਰ ਨਾਸਿਕਤਾ ਬਿਨਾਂ ਉਚਾਰਣ ਹੁੰਦਾ ਹੈ, ਜਦ ਕਿ ਕਿਰਿਆ-ਵਿਸ਼ੇਸ਼ਣ ਦੇ ਤੌਰ 'ਤੇ ਵਰਤੇ ਜਾਣ ਦੀ ਸੂਰਤ ਵਿਚ ਇਸ ਦਾ ਅੰਤਲਾ ਸੁਰ ਨਾਸਿਕੀ ਉਚਾਰੀਦਾ ਹੈ। ਇਸ ਲਈ ਇਸ ਸ਼ਬਦ (ਪਹਿਲਾ) ਦੇ ਉਚਾਰਣ ਵਿਚ ਵਿਸ਼ੇਸ਼ ਸਾਵਧਾਨੀ ਦੀ ਲੋੜ ਹੈ।

ਪੰਨਾ ੧੧੦੨ ਉਤੇ ਮਹਲੇ ਪੰਜਵੇਂ ਦਾ ਹੇਠ ਲਿਖਿਆ ਸਲੋਕ ਹੈ:

> 'ਪਹਿਲਾ' ਮਰਣੁ ਕਬੂਲਿ, ਜੀਵਣ ਕੀ ਛਡਿ ਆਸ॥
> ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ ਸਲੋਕ, ੧, ੨੩

ਉਪ੍ਰੋਕਤ ਸਲੋਕ ਵਿਚ ਆਇਆ ਸ਼ਬਦ 'ਪਹਿਲਾ' ਕਿਰਿਆ-ਵਿਸ਼ੇਸ਼ਣ ਹੈ, ਇਸ ਲਈ ਇਸ ਦੇ ਅੰਤਲੇ ਸੁਰ ਦਾ ਉਚਾਰਣ ਨਾਸਿਕੀ ਹੈ। ਜੇ ਉਚਾਰਣ ਨਾਸਿਕੀ ਨਾ ਕੀਤਾ ਜਾਵੇ ਤਾਂ 'ਪਹਿਲਾ ਮਰਣੁ' ਦੇ ਕੋਈ ਅਰਥ ਨਹੀਂ ਬਣਦੇ।

## ੫. ਜੁੜਤ ਪਦਾਂ ਦੇ ਨਿਖੜਵੇਂ ਸ਼ਬਦ-ਜੋੜ

ਪੁਰਾਤਨ ਹੱਥ-ਲਿਖਤ ਬੀੜਾਂ ਵਿਚ ਗੁਰਬਾਣੀ ਦੀ ਲਿਖਾਈ ਜੁੜਵੇਂ ਲੜੀਦਾਰ ਰੂਪ ਵਿਚ ਮਿਲਦੀ ਹੈ। ਅਰੰਭ ਕਾਲ ਵਿਚ ਬੀੜਾਂ ਦੀ ਛਪਾਈ ਵੀ ਏਸੇ ਰੂਪ ਵਿਚ ਕੀਤੀ ਗਈ। ਬੀੜਾਂ ਦੀ ਛਪਾਈ ਦਾ ਕੰਮ ਕਿਸੇ ਸਿਖ ਸੰਸਥਾ ਵਲੋਂ ਨਹੀਂ, ਬਲਕਿ ਕਿਸੇ ਵਪਾਰੀ-ਪ੍ਰਕਾਸ਼ਕ ਵਲੋਂ ਵਪਾਰਕ ਦ੍ਰਿਸ਼ਟੀ-ਕੋਣ ਅਧੀਨ ਆਪਣੇ ਤੌਰ 'ਤੇ ਸ਼ੁਰੂ ਕੀਤਾ ਗਿਆ। ਮਗਰੋਂ ਕਈ ਹੋਰ ਵਪਾਰੀ ਵੀ ਇਸ ਵਪਾਰ ਵਿਚ ਸ਼ਾਮਲ ਹੁੰਦੇ ਗਏ। ਜਦੋਂ ਛਾਪੇ ਦੀਆਂ ਬੀੜਾਂ ਵਿਚ ਛਪਾਈ ਦੀਆਂ ਗ਼ਲਤੀਆਂ ਬਾਰੇ ਸ਼ਿਕਾਇਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਪੁੱਜਣੀਆਂ ਸ਼ੁਰੂ ਹੋਈਆਂ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਕੰਮ ਸੰਸਥਕ ਤੌਰ 'ਤੇ ਆਪ ਕਰਨ ਦਾ ਫ਼ੈਸਲਾ ਕੀਤਾ। ਐਸ ਵੇਲੇ, ਵਪਾਰੀ-ਪ੍ਰਕਾਸ਼ਕ ਵੀ ਬੀੜਾਂ ਦੀ ਛਪਾਈ ਕਰ ਰਹੇ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ। ਵਪਾਰੀ-ਪ੍ਰਕਾਸ਼ਕਾਂ ਦੁਆਰਾ ਬੀੜਾਂ ਦੀ ਛਪਾਈ ਬੰਦ ਹੋ ਸਕਦੀ ਸੀ ਜੇ ਸਰਕਾਰ ਸਹਿਯੋਗ ਦੇਂਦੀ ਤਾਂ; ਪਰ ਸਰਕਾਰ ਇਸ ਸੰਬੰਧ ਵਿਚ ਵਪਾਰੀ-ਪ੍ਰਕਾਸ਼ਕਾਂ ਦੀ ਪੁਸ਼ਤ-ਪਨਾਹ ਬਣ ਕੇ ਢੁਚਰਾਂ ਭੇੜਦੀ ਰਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਕਾਪੀ-ਰਾਈਟ ਕਿਸੇ ਖ਼ਾਸ ਵਿਅਕਤੀ ਜਾਂ ਸੰਸਥਾ ਪਾਸ ਨਹੀਂ, ਇਸ ਲਈ ਪ੍ਰੈਸ ਐਕਟ ਅਧੀਨ ਕਿਸੇ ਨੂੰ ਵੀ ਬੀੜਾਂ ਦੀ ਛਪਾਈ ਤੋਂ ਕਾਨੂੰਨੀ ਤੌਰ 'ਤੇ ਰੋਕਿਆ ਨਹੀਂ ਜਾ ਸਕਦਾ। ਸਰਕਾਰ ਤਾਂ ਪ੍ਰਾਂਤ ਵਿਚ ਅਕਾਲੀਆਂ ਦੀ ਵੀ ਰਹੀ ਹੈ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਮਹੱਤਵਪੂਰਨ ਕੰਮ ਨੂੰ ਅਕਾਲੀ ਸਰਕਾਰ ਨੇ ਜਾਂ ਕਿਸੇ ਸਿਖ ਸੰਸਥਾ ਨੇ ਗੰਭੀਰਤਾ ਨਾਲ ਲਿਆ ਹੀ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਛਪਾਈ ਮੁਕਾਬਲਤਨ ਸ਼ੁੱਧ ਹੈ, ਭੇਟਾ ਵੀ ਲਾਗਤ ਮਾਤਰ ਹੈ, ਪਰ ਲੋੜੀਂਦਾ ਮੰਤਵ ਓਨੀ ਦੇਰ ਤਕ ਪ੍ਰਾਪਤ ਨਹੀਂ ਹੋ ਸਕਦਾ, ਜਿੰਨੀ ਦੇਰ ਤਕ ਬੀੜਾਂ ਦੀ ਵਪਾਰੀ-ਪ੍ਰਕਾਸ਼ਨਾਂ 'ਤੇ ਪੂਰੀ ਤਰ੍ਹਾਂ ਪ੍ਰਤੀਬੰਧ ਨਹੀਂ ਲਗਾਇਆ ਜਾਂਦਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪ ਜਾਂ ਇਸ ਦੇ ਸਥਾਪਿਤ ਕੀਤੇ ਕਿਸੇ ਹੋਰ ਜ਼ਿੰਮੇਵਾਰ ਟ੍ਰਸਟ ਵਲੋਂ ਛਾਪੇ ਦੀ ਬੀੜ ਦੀ, ਪ੍ਰਮਾਣਿਕ ਹੱਥ-ਲਿਖਤ ਮੂਲਕ ਬੀੜ/ਬੀੜਾਂ ਨਾਲ ਅੱਖਰ, ਲਗ ਮਾਤ੍ਰ ਤਕ ਮੇਲਾਨ ਕਰ ਕੇ ਸੁਧਾਈ ਕਰਨ ਮਗਰੋਂ ਆਫ਼-ਸੈਟ ਪਲੇਟਾਂ ਦੁਆਰਾ ਛਪਾਈ ਅਰੰਭ ਨਹੀਂ ਕੀਤੀ ਜਾਂਦੀ।

ਰਹਹੁ ਵੀਚਾਰ! ਗੱਲ ਸੀ ਬੀੜਾਂ ਵਿਚ ਲੜੀਦਾਰ ਛਪਾਈ ਦੀ।

ਜਦੋਂ ਪਹਿਲੇ ਪਹਿਲ ਬੀੜਾਂ ਦੀ ਛਪਾਈ ਸ਼ੁਰੂ ਹੋਈ ਤਾਂ ਸ਼੍ਰੋਮਣੀ ਸਿਖ ਸੰਸਥਾਵਾਂ ਵਲੋਂ

ਉਚੇਚੇ ਮਤੇ ਪਾਸ ਕੀਤੇ ਗਏ ਕਿ ਬੀੜਾਂ ਦੀ ਪਦ-ਛੇਦ ਰੂਪ ਵਿਚ ਛਪਾਈ ਬਿਲਕੁਲ ਨਾਂਹ ਕੀਤੀ ਜਾਵੇ, ਕਿਉਂ ਜੁ ਇਹ ਗੁਰਮਤਿ ਦੇ ਵਿਰੁਧ ਹੈ।

ਵਪਾਰੀ-ਪ੍ਰਕਾਸ਼ਕਾਂ ਨੇ ਕਿਸੇ ਸਿਖ ਸੰਸਥਾ ਦੀ ਆਗਿਆ ਲਏ ਬਗ਼ੈਰ ਹੀ ਬੀੜਾਂ ਦੀ ਪਦ-ਛੇਦ ਰੂਪ ਵਿਚ ਛਪਾਈ ਸ਼ੁਰੂ ਕਰ ਦਿੱਤੀ, ਕਿਸੇ ਸੰਸਥਾ ਨੇ ਉਹਨਾਂ ਕੋਲੋਂ ਪੁਛ ਤਕ ਨਹੀਂ ਕੀਤੀ। ਵੱਖ ਵੱਖ ਵਪਾਰੀ-ਪ੍ਰਕਾਸ਼ਕਾਂ ਵਲੋਂ ਛਾਪੀਆਂ ਬੀੜਾਂ ਵਿਚ ਪਦ-ਛੇਦ ਰੂਪ ਵਿਚ ਛਾਪੀ ਗੁਰਬਾਣੀ ਦੇ ਕੁਝ ਸ਼ਬਦ-ਜੋੜਾਂ ਦੇ ਪਰਸਪਰ ਕਈ ਭੇਦ ਹਨ। ਇਸ ਤਰ੍ਹਾਂ ਬੀੜਾਂ ਦੀ ਛਪਾਈ ਵਿਚ ਵਰਤੀ ਗਈ ਆਪੋ-ਧਾਪੀ ਚਿੰਤਾ-ਜਨਕ ਹੈ।

ਕੁਝ ਭੈ ਭਾਵਨੀ ਵਾਲੇ ਗੁਰੂ ਕੇ ਲਾਲ ਅੱਜ ਵੀ ਲੜੀਦਾਰ ਬੀੜਾਂ ਤੋਂ ਪਾਠ ਕਰਨ ਕਰਾਉਣ ਉਤੇ ਸਿਦਕ ਰਖਦੇ ਹਨ। ਜਿਹੜੇ ਗੁਰਬਾਣੀ ਦੇ ਸ਼ਬਦ-ਜੋੜਾਂ ਬਾਰੇ ਵਿਚਾਰ ਦਾ ਵਖੇਵਾਂ ਹੈ, ਅਜਿਹੇ ਸ਼ਬਦ ਸਮੱਗਰ ਗੁਰਬਾਣੀ ਵਿਚ ਪੰਜ ਸੌ ਤੋਂ ਵੱਧ ਨਹੀਂ, ਇਹਨਾਂ ਦੇ ਦਰੁਸਤ ਸ਼ਬਦ-ਜੋੜ ਬਾਰੇ ਗੁਰਮੱਤੀ ਵਿਦਵਾਨ-ਮੰਡਲੀ ਦੇ ਪਰਸਪਰ ਵਿਚਾਰ-ਵਟਾਂਦਰੇ ਮਗਰੋਂ ਪੰਥਕ ਤੌਰ 'ਤੇ ਨਿਰਣਾ ਲਏ ਜਾਣ ਦੀ ਲੋੜ ਹੈ। ਅਜਿਹੇ ਕੁਝ ਕੁ ਸ਼ਬਦ ਅਤੇ ਉਹਨਾਂ ਦੇ ਵੱਖ ਵੱਖ ਸ਼ਬਦ-ਜੋੜ ਵੰਨਗੀ ਵਜੋਂ ਥੱਲੇ ਦਿੱਤੇ ਜਾਂਦੇ ਹਨ:

1— ਕਵਨਵਡਾਈਕਹਿਸਕਉਬੇਅੰਤਗੁਨੀਤਾ ॥
ਕਰਿਕਿਰਪਾਮੁਹਿਨਾਮੁਦੇਹੁਨਾਨਕਦਰਸਰੀਤਾ ॥ ੪, ੩੭

*(ਬਿਲਾਵਲੁ ਮ: ੫, ਪੰਨਾ ੮੧੦)*

(ੳ) ਦਰ ਸਰੀਤਾ—ਦਰ ਦਾ ਗ਼ੁਲਾਮ (ਗੋਲ੍ਹਾ)।
(ਅ) ਦਰਸ ਰੀਤਾ—ਦਰਸ਼ਨ ਤੋਂ ਵੰਚਿਤ ਹੋਏ ਹੋਏ ਨੂੰ।
(ੲ) ਦਰਸ ਗੀਤਾ—ਦਰਸ਼ਨ ਦੀ ਪ੍ਰੀਤ-ਗੀਤ।

2— ਕਸਿਕਸਵਟੀਸਹੈਸੁਤਾਉ ॥
ਨਦਰਿਸਰਾਫਵੰਨੀਸਚੜਾਉ ॥ ੧੮, ਓਅੰਕਾਰ *(ਪੰਨਾ ੯੩੨)*

(ੳ) ਵੰਨੀ ਸਚੜਾਉ—ਸਚੀ ਵੰਨੀ (ਰੰਗਤ) ਵਾਲਾ ਹੁੰਦਾ ਹੈ।
(ਅ) ਵੰਨੀਸ ਚੜਾਉ—ਸ੍ਰੇਸ਼ਟ ਰੰਗਤ ਦਾ ਚੜ੍ਹਾਉ ਹੁੰਦਾ ਹੈ।

3— ਰੇਨਰਗਰਭਕੁੰਡਲਜਬਆਛਤਉਰਧਧਿਆਨਲਿਵਲਾਗਾ ॥
ਮਿਰਤਕਪਿੰਡਿਪਦਮਦਨਾਅਹਿਨਿਸਿਏਕੁਆਗਿਆਨਸੁਨਾਗਾ ॥ ੧, ੫

*(ਸ੍ਰੀਰਾਗੁ ਭਗਤ ਬੇਣੀ ਜੀ, ਪੰਨਾ ੯੩)*

(ੳ) (ਮਿਰਤਕ ਪਿੰਡਿ) ਪਦ ਮਦਨਾ = [ਮਿਟੀ ਦੇ ਪਿੰਡ ਸਰੂਪ ਸ੍ਰੀਰ ਕੇ ਸਨੇਹ ਕੋ ਛੋੜ ਕਰ] ਪਰਮੇਸ਼ਰ ਕੇ 'ਪਦ' ਨਾਮ ਚਰਨੋਂ ਮੇ 'ਮਦਨਾ' ਨਾਮ ਹਰਖਵਾਨ ਭਾਵ ਤੂੰ ਪ੍ਰਸੰਨਤਾ ਵਾਲਾ ਥਾ।
(ਅ) (ਮਿਰਤਕ ਪਿੰਡਿ) ਪਦ ਮਦ ਨਾ = [ਮਿਟੀ ਦੇ ਪਿੰਡ—ਮਨੁਖਾ ਦੇਹੀ ਦੀ] ਪਦਵੀ ਦਾ ਹੰਕਾਰ ਨਹੀਂ ਸੀ।

(ੳ) (ਅਗਿਆਨ) ਸੁ ਨਾ ਗਾ = (ਅਗਿਆਨ ਜੋ ਹੈ) ਸੋ ਨਹੀਂ ਸੀ।
(ਅ) ਸੁਨ ਆਗਾ = ਤੇਰੇ ਅੰਗ ਸੁੰਨ ਸਨ।
(ੲ) ਸੁ ਨਾਗਾ = ਅਉਰ (ਤੂ) ਨਗਨ ਰੂਪ ਵਿਚ ਸੀ।

4— ਆਨਨਰਸਕਸਲਵੈਨਲਾਈ ॥
ਕਹੁਨਾਨਕਗੁਰਭਏਹੈਸਹਾਈ ॥ ੪, ੮੪ *(ਪੰਨਾ ੧੯੦)*
(ੳ) ਆਨਨ (ਰਸ ਕਸ) = ਮੂੰਹ ਦੇ ਸੁਆਦ।
(ਅ) ਆਨ ਨ (ਰਸ ਕਸ) = ਹੋਰ ਕੋਈ (ਰਸ ਕਸ) ਨਹੀਂ।

5— ਢਾਹਨਲਾਗੇਧਰਮਰਾਇਕਿਨਹਿਨਘਾਲਿਓਬੰਧ ॥
ਨਾਨਕਉਬਰੇਜਪਿਹਰੀਸਾਧਸੰਗਿਸਨਬੰਧ ॥ ਸਲੋਕ, ੨੯ *(ਪੰਨਾ ੨੫੬)*
(ੳ) ਢਾਹਨ ਲਾਗੇ = ਜਦੋਂ ਢਾਹੁਣ ਲਗੇ।
(ਅ) ਢਾਹ ਨ ਲਾਗੇ = ਢਾਹ ਨਹੀਂ ਲਗਦੀ।

6— ਮਾਰੂਮੀਹਿਨਤ੍ਰਿਪਤਿਆਅਗੀਲਹੈਨਭੁਖ ॥
ਰਾਜਾਰਾਜਿਨਤ੍ਰਿਪਤਿਆਸਾਇਰਭਰੇਕਿਸੁਕ ॥
ਨਾਨਕਸਚੇਨਾਮਕੀਕੇਤੀਪੁਛਾਪੁਛ ॥ ਸਲੋਕ, ੧, ੨੩ *(ਪੰਨਾ ੧੪੯)*
(ੳ) ਕਿਸੁ ਕ = ਕਿਸ ਪਾਸੋਂ (ਸਮੁੰਦਰ ਜਲ ਨਾਲ ਭਰੇ ਜਾ ਸਕਦੇ ਹਨ)।
(ਅ) ਕਿਸੁਕ = ਕੌਸ਼ਕੀ-ਨਦੀ [ਸਮੁੰਦਰ ਨਦੀ ਨਾਲ ਕਿਵੇਂ ਭਰਿਆ ਜਾ ਸਕਦਾ ਹੈ, ਭਾਵ ਤ੍ਰਿਪਤ ਨਹੀਂ ਹੁੰਦਾ।]
(ੲ) ਕਿ ਸੁਕ = 1. ਸੁਕ ਕੀ ਕਰ ਸਕਦੀ ਹੈ (ਭਰੇ ਸਮੁੰਦਰ ਨੂੰ)।
2. ਸਮੁੰਦਰ ਭਰੇ ਨਹੀਂ ਕਿ ਓਸੇ ਵਕਤ ਖ਼ੁਸ਼ਕ ਹੋ ਜਾਂਦੇ ਹਨ।

7— ਅਬੇਤਬੇਕੀਚਾਕਰੀਕਿਉਦਰਗਹਪਾਵੈ ॥
ਪਥਰਕੀਬੇੜੀਜੇਚੜੈਭਰਨਾਲਿਬੁਡਾਵੈ ॥ ੪, ੧੭ *(ਪੰਨਾ ੪੨੦)*
(ੳ) ਭਰਨਾਲਿ = ਸਮੁੰਦਰ ਵਿਚ।
(ਅ) ਭਰ ਨਾਲਿ = ਭਾਰ ਨਾਲ।

8— ਫਰੀਦਾਜਿਨਲੋਇਣਜਗੁਮੋਹਿਆਸੇਲੋਇਣਮੈਡਿਠੁ ॥
ਕਜਲਰੇਖਨਸਹਦਿਆਸੇਪੰਖੀਸੂਇਬਹਿਠੁ ॥ ੧੪ *(ਪੰਨਾ ੧੩੭੮)*
(ੳ) ਨ ਸਹਦਿਆਸੇ = ਸਹਿਣ ਨਹੀਂ ਸੀ ਕਰ ਸਕਦੇ।
[ਸਹਦਿਆਸੇ ਲਹਿੰਦੀ ਪੰਜਾਬੀ ਦਾ ਸ਼ਬਦ ਹੈ, ਜਿਸ ਵਿਚ ਦੋ ਸ਼ਬਦਾਂ—ਸਹਦੇ + ਆਸੇ—ਦੀ ਸੰਧੀ ਹੈ।]
(ਅ) ਨ ਸਹਿਦਿਆ ਸੇ = ਨ ਸਹਿੰਦਿਆਂ ਹੋਇਆਂ ਉਹ।

9— ਜੇਤੂੰਤਾਰੂਪਾਣਿਤਾਹੂਪੁਛੁਤਿੜੰਨ੍ਹਕਲ ॥
ਤਾਹੂਖਰੇਸੁਜਾਣਵੰਞਾਏਨੀਕਪਰੀ ॥ ੩, ੩੩ *(ਪੰਨਾ ੧੪੧੦)*
(ੳ) ਵੰਞਾਏ ਨੀ (ਕਪਰੀ) = ਏਨ੍ਹਾਂ ਕਪਰਾਂ ਨੇ ਵੰਞਾ ਛੋੜੇ ਨੀ (ਲਹਿੰਦੀ)।
(ਅ) ਵੰਞਾ ਏਨੀ (ਕਪਰੀ) = ਏਨ੍ਹਾਂ ਲਹਿਰਾਂ ਵਿਚੋਂ ਲੰਘ ਗਏ ਹਨ।
ਮੈਂ ਏਨ੍ਹਾਂ ਲਹਿਰਾਂ ਵਿਚੋਂ ਲੰਘ ਜਾਵਾਂ।

***ਨੋਟ:*** ਸਾਰੇ (ੳ) ਵਾਲੇ ਸ਼ਬਦ-ਜੋੜ ਵਧੇਰੇ ਪ੍ਰਮਾਣੀਕ ਜਾਪਦੇ ਹਨ।

## ੬. ਪਾਠ ਵਿਚ ਅਰਧ-ਬਿਸ੍ਰਾਮ

ਗੁਰਬਾਣੀ ਦੇ ਪਾਠ ਵਿਚ 'ਬਿਸ੍ਰਾਮ' ਦਾ ਮਹੱਤਵਪੂਰਨ ਅਸਥਾਨ ਹੈ। ਏਸੇ ਲਈ ਹਰੇਕ

ਪੰਗਤੀ ਦੇ ਅੰਤ ਵਿਚ ਬਿਸ੍ਰਾਮ-ਚਿੰਨ੍ਹ ਦਿੱਤਾ ਹੋਇਆ ਹੈ ਅਤੇ ਜਿਥੇ ਇਕ ਪਦੇ ਦਾ ਭਾਵ ਸੰਪੂਰਨ ਹੁੰਦਾ ਹੈ ਓਥੇ ਅੰਕ ਦਿੱਤਾ ਹੋਇਆ ਹੈ। ਦੁਤੁਕੀ ਅਤੇ ਚਉਤੁਕੀ ਪਦਿਆਂ ਦਾ ਉਚਾਰਣ ਬਿਲਕੁਲ ਸਰਲ ਹੁੰਦਾ ਹੈ, ਪਰ ਤਿਤੁਕੀ ਪਦਿਆਂ ਦੇ ਉਚਾਰਣ ਦੀ ਮੁਹਾਰਤ ਵੱਡੇ ਵੱਡੇ ਪਾਠੀਆਂ ਵਿਚ ਵੀ ਦੇਖਣ ਵਿਚ ਨਹੀਂ ਆਉਂਦੀ। ਤਿਤੁਕੀ ਪਦਿਆਂ ਵਿਚ ਸੁਰ ਦੀ ਤਾਨ ਤੀਜੀ ਤੁਕ 'ਤੇ ਆ ਕੇ ਤੋੜਨੀ ਚਾਹੀਦੀ ਹੈ, ਜਦ ਕਿ ਆਮ ਪਾਠੀ ਦੂਜੀ ਤੁਕ 'ਤੇ ਹੀ ਤਾਨ ਤੋੜ ਦਿੰਦੇ ਹਨ ਤੇ ਤੀਜੀ ਤੁਕ ਨੂੰ ਵਖਰਿਆਂ ਉਠਾ ਕੇ ਅਗਲੇ ਪਦੇ ਦੀ ਤੁਕ ਨਾਲ ਮਿਲਾਉਣ ਦਾ ਜਤਨ ਕਰਦੇ ਹਨ, ਤੇ ਜਦ ਉਹਨਾਂ ਦੋਹਾਂ ਤੁਕਾਂ ਦਾ ਤੁਕਾਂਤ ਮੇਲ ਨਹੀਂ ਖਾਂਦਾ ਤਾਂ ਪਾਠ ਦੀ ਲੈਅ ਬੇਸੁਆਦੀ ਹੋ ਜਾਂਦੀ ਹੈ ਤੇ ਪਾਠੀ ਵੀ ਖੌਂਜਲ ਜਾਂਦਾ ਹੈ। ਸੁਚੱਜੇ ਪਾਠੀ ਤਿਤੁਕੀ ਪਦਿਆਂ ਦੇ ਉਚਾਰਣ ਵਿਚ ਸੁਰ ਦੀ ਤਾਨ ਤੀਜੀ ਤੁਕ ਦੇ ਅੰਤ 'ਤੇ ਆ ਕੇ ਤੋੜਦੇ ਹਨ। ਹੁਕਮਨਾਮਾ ਲੈਣ ਲਗਿਆਂ ਆਮ ਤੌਰ 'ਤੇ ਅੰਤਲੀਆਂ ਦੋ ਤੁਕਾਂ ਦਾ ਦੂਹਰੀ ਵਾਰੀ ਉਚਾਰਣ ਕੀਤਾ ਜ਼ਾਂਦਾ ਹੈ। ਤਿਤੁਕੀ ਸ਼ਬਦਾਂ ਦਾ ਹੁਕਮਨਾਮਾ ਲੈਣ ਲਗਿਆਂ ਅੰਤਲੇ ਪਦੇ ਦੀਆਂ ਤਿੰਨਾਂ ਹੀ ਤੁਕਾਂ ਦਾ ਉਚਾਰਣ ਦੂਹਰੀ ਵਾਰੀ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਕੇਵਲ ਦੋ ਤੁਕਾਂ ਦਾ।

ਗੁਰਬਾਣੀ ਵਿਚ ਪੜਤਾਲ ਵਾਲੇ ਚਉਪਦਿਆਂ, ਛੰਤਾਂ ਅਤੇ ਸਵੱਯਾਂ ਵਿਚ ਕੁਝ ਪੰਗਤੀਆਂ ਬਹੁਤ ਲੰਮੀਆਂ ਲੰਮੀਆਂ ਹਨ। ਅਜਿਹੀਆਂ ਲੰਮੀਆਂ ਪੰਗਤੀਆਂ ਦਾ, ਜੇ ਉਹਨਾ ਨੂੰ ਕੁਝ ਭਾਗਾਂ ਵਿਚ ਵੰਡ ਕੇ ਅਤੇ ਯੋਗ ਥਾਵਾਂ 'ਤੇ ਰਤਾ ਕੁ ਬਿਸ੍ਰਾਮ ਦੇ ਕੇ ਉਚਾਰਣ ਕੀਤਾ ਜਾਵੇ ਤਾਂ ਇਕ ਪਾਸੇ ਤਾਂ ਪਾਠ ਦਾ ਉਚਾਰਣ ਰਸਦਾਇਕ ਹੋ ਜਾਂਦਾ ਹੈ, ਦੂਜੇ ਪਾਸੇ ਅਰਥ-ਭਾਵ ਸਪੱਸ਼ਟ ਹੋ ਜਾਂਦਾ ਹੈ। ਅਜਿਹੀਆਂ ਕੁਝ ਪੰਗਤੀਆਂ ਤੇ ਉਹਨਾਂ ਦੇ ਲੋੜੀਂਦੇ ਅਰਧ-ਬਿਸ੍ਰਾਮ ਥੱਲੇ ਦਿੱਤੇ ਜਾਂਦੇ ਹਨ :

**ਸ੍ਰੀ ਜਪੁਜੀ ਸਾਹਿਬ**

ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ, ਨਾਥ ਕੇਤੇ, ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ, ਮੁਨਿ ਕੇਤੇ, ਕੇਤੇ ਰਤਨ ਸਮੁੰਦ॥ ੩੫, ਜਪੁ ਜੀ *(ਪੰਨਾ ੭)*

**ਸੋਦਰੁ**

ਜਨਨਿ, ਪਿਤਾ, ਲੋਕ, ਸੁਤ, ਬਨਿਤਾ, ਕੋਇ ਨ ਕਿਸ ਕੀ ਧਰਿਆ॥
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ, ਕਾਹੇ ਮਨ ਭਉ ਕਰਿਆ॥੪॥੫॥
*(ਪੰਨਾ ੧੦)*

**ਸੋਹਿਲਾ**

ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ,
ਸਹਸ ਮੂਰਤਿ, ਨਨਾ ਏਕ ਤੁੋਹੀ॥
ਸਹਸ ਪਦ ਬਿਮਲ, ਨਨ ਏਕ ਪਦ,
ਗੰਧ ਬਿਨੁ, ਸਹਸ ਤਵ ਗੰਧ, ਇਵ ਚਲਤ ਮੋਹੀ॥੪॥੩॥ *(ਪੰਨਾ ੧੩)*

**ਅਨੰਦੁ ਸਾਹਿਬ**

ਹਰਿ, ਜੀਉ ਗੁਫਾ ਅੰਦਰਿ ਰਖਿ ਕੈ, ਵਾਜਾ ਪਵਣੁ ਵਜਾਇਆ॥
ਵਜਾਇਆ ਵਾਜਾ ਪਉਣ, ਨਉ ਦੁਆਰੇ ਪਰਗਟੁ ਕੀਏ,
ਦਸਵਾ ਗੁਪਤੁ ਰਖਾਇਆ॥
.....ਕਹੈ ਨਾਨਕੁ ਹਰਿ ਪਿਆਰੈ, ਜੀਉ ਗੁਫਾ ਅੰਦਰਿ ਰਖਿ ਕੈ,
ਵਾਜਾ ਪਵਣੁ ਵਜਾਇਆ॥ ੩੮, ਅਨੰਦੁ *(ਪੰਨਾ ੯੨੨)*

**ਆਸਾ ਮਹਲਾ ੫ ਛੰਤ ਘਰੁ ੮**

ਕਮਲਾ ਭ੍ਰਮ ਭੀਤਿ, ਕਮਲਾ ਭ੍ਰਮ ਭੀਤਿ ਹੇ,
ਤੀਖਣ ਮਦ ਬਿਪਰੀਤ ਹੇ, ਅਵਧ ਅਕਾਰਥ ਜਾਤ॥
ਗਹਬਰ ਬਨ ਘੋਰ, ਗਹਬਰ ਬਨ ਘੋਰ ਹੇ,
ਗ੍ਰਿਹ ਮੂਸਤ ਮਨ ਚੋਰ ਹੇ, ਦਿਨਕਰੋ ਅਨਦਿਨੁ ਖਾਤ॥ ੧, ੪ *(ਪੰਨਾ ੪੬੧)*

**ਧਨਾਸਰੀ ਮਹਲਾ ੫ ਘਰੁ ੬**

ਮੇਰੇ ਲਾਲ, ਭਲੋ ਰੇ, ਭਲੋ ਰੇ, ਭਲੋ ਹਰਿ ਮੰਗਨਾ॥
ਦੇਖਹੁ ਪਸਾਰਿ ਨੈਨ, ਸੁਨਹੁ ਸਾਧੂ ਕੇ ਬੈਨ,
ਪ੍ਰਾਨਪਤਿ ਚਿਤਿ ਰਾਖੁ, ਸਗਲ ਹੈ ਮਰਨਾ॥ਰਹਾਉ॥
ਚੰਦਨ ਚੋਆ ਰਸ ਭੋਗ, ਕਰਤ ਅਨੇਕੈ ਬਿਖਿਆ ਬਿਕਾਰ, ਦੇਖੁ, ਸਗਲ ਹੈ ਫੀਕੇ॥
ਏਕੈ ਗੋਬਿਦ ਕੋ ਨਾਮੁ ਨੀਕੋ, ਕਹਤ ਹੈ ਸਾਧ ਜਨ॥
ਤਨੁ ਧਨੁ ਆਪਨ ਥਾਪਿਓ, ਹਰਿ ਜਪੁ ਨ ਨਿਮਖ ਜਾਪਿਓ,
ਅਰਥੁ ਦ੍ਰਬੁ ਦੇਖੁ, ਕਛੁ ਸੰਗਿ ਨਾਹੀ ਚਲਨਾ॥੧॥
ਜਾ ਕੋ ਰੇ ਕਰਮੁ ਭਲਾ, ਤਿਨਿ ਓਟ ਗਹੀ ਸੰਤ ਪਲਾ,
ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ॥
ਪਾਇਓ ਰੇ ਪਰਮ ਨਿਧਾਨੁ, ਮਿਟਿਓ ਹੈ ਅਭਿਮਾਨੁ,
ਏਕੈ ਨਿਰੰਕਾਰ ਨਾਨਕ ਮਨੁ ਲਗਨਾ॥੨॥੨॥੩੦॥ *(ਪੰਨਾ ੬੭੮)*

ਉਪਰਲੀਆਂ ਲੰਮੀਆਂ ਤੁਕਾਂ ਵਿਚ ਬਿਸ੍ਰਾਮ ਦੀ ਮਹੱਤਤਾ ਉਚਾਰਣ ਨੂੰ ਰਸੀਲਾ ਬਣਾਉਣ ਅਤੇ ਅਰਥ-ਭਾਵ ਨੂੰ ਸਪਸ਼ਟਾਉਣ ਲਈ ਦਰਸਾਈ ਗਈ ਹੈ। ਦੇਖਣ ਵਿਚ ਆਇਆ ਹੈ ਕਿ ਕਈ ਛੋਟੀਆਂ ਪੰਗਤੀਆਂ ਵਿਚ ਜੇ ਉਚਿਤ ਥਾਂ 'ਤੇ ਬਿਸ੍ਰਾਮ ਨਾ ਦਿੱਤਾ ਜਾਵੇ ਤਾਂ ਅਰਥ ਹੋਰ ਦਾ ਹੋਰ ਬਣ ਜਾਂਦਾ ਹੈ। ਅਜਿਹੀਆਂ ਕੁਝ ਉਦਾਹਰਣਾਂ ਠੀਕ ਬਿਸ੍ਰਾਮ ਸਹਿਤ ਥੱਲੇ ਦਿੱਤੀਆਂ ਜਾਣੀਆਂ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਣਗੀਆਂ:

(i) ਸਚਾ, ਮਰੈ ਨ ਆਵੈ ਜਾਇ॥
ਨਾਨਕ ਗੁਰਮੁਖਿ ਰਹੈ ਸਮਾਇ॥੮॥੧॥ *(ਪੰਨਾ ੨੨੯)*

(ii) ਵਿਣੁ ਸਚੇ ਸਭ ਭੁਖ, ਜਿ ਪੈਝੈ ਖਾਈਐ॥
ਵਿਣੁ ਸਚੇ, ਦਰਬਾਰੁ ਕੂੜਿ ਨ ਪਾਈਐ॥ ਪਉੜੀ ੧੯, ਵਾਰ ਮਾਝ ਮ: ੧
*(ਪੰਨਾ ੧੪੭)*

(iii) ਤਨ ਮਹਿ ਮੈਲੁ ਨਾਹੀ, ਮਨੁ ਰਾਤਾ ॥
ਗੁਰ ਬਚਨੀ ਸਚੁ ਸਬਦਿ ਪਛਾਤਾ ॥ ੪, ੧੦, ਗਉੜੀ ਮ: ੧ *(ਪੰਨਾ ੧੫੪)*

(iv) ਸਚੁ ਬਿਨੁ, ਸਤੁ ਸੰਤੋਖੁ ਨ ਪਾਵੈ ॥
ਬਿਨੁ ਗੁਰ ਮੁਕਤਿ ਨ, ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ, ਕਹੁ ਨਾਨਕ ਪੂਰਾ ਪਾਇਆ ॥ ੫, ੨੦
*(ਪੰਨਾ ੧੦੪੦)*

(v) ਪਿਰੁ ਸੰਗਿ, ਮੂਠੜੀਏ, ਖਬਰਿ ਨ ਪਾਈਆ ਜੀਉ ॥
ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥ ੧, ੩ *(ਪੰਨਾ ੬੮੯)*

(vi) ਹਸਤਿ ਰਥ, ਅਸ੍ਵ ਪਵਨ ਤੇਜ,
ਧਣੀ ਭੂਮਨ ਚਤੁਰਾਂਗਾ ॥
ਸੰਗਿ ਨ ਚਾਲਿਓ ਇਨ ਮਹਿ ਕਛੂਐ,
ਊਠਿ ਸਿਧਾਇਓ ਨਾਂਗਾ ॥ ੩, ੧, ਜੈਤਸਰੀ ਮ: ੫ *(ਪੰਨਾ ੭੦੦)*

## ੭. ਨਿਜੀ ਲਾਪਰਵਾਹੀ ਕਾਰਨ ਗ਼ਲਤ ਉਚਾਰਣ

ਕੁਝ ਸ਼ਬਦਾਂ ਦੇ ਗ਼ਲਤ ਉਚਾਰਣ ਦਾ ਕਾਰਨ ਸਾਡੀ ਨਿਜੀ ਲਾ-ਪਰਵਾਹੀ ਕਿਹਾ ਜਾ ਸਕਦਾ ਹੈ। ਨਿਜੀ ਲਾ-ਪਰਵਾਹੀ ਕਾਰਨ ਸ਼ਬਦਾਂ ਦੀਆਂ ਕਈ ਲਗਾਂ ਦਾ ਉਚਾਰਣ ਅਸੀਂ ਮੂਲੋਂ ਹੀ ਛੱਡ ਜਾਂਦੇ ਹਾਂ, ਜਦ ਕਿ ਕਈ ਥਾਵੇਂ ਸ਼ਬਦ ਵਿਚ ਕਿਸੇ ਹੋਰ ਲਗ ਦਾ ਪ੍ਰਯੋਗ ਕੀਤਾ ਹੁੰਦਾ ਹੈ, ਪਰ ਅਸੀਂ ਕਿਸੇ ਹੋਰ ਲਗ ਦੀ ਧੁਨੀ ਉਠਾਂਦੇ ਹਾਂ। ਅਜਿਹੇ ਗ਼ਲਤ ਉਚਾਰਣ ਦੀਆਂ ਉਦਾਹਰਣਾਂ ਥੱਲੇ ਦਿਤੀਆਂ ਜਾਂਦੀਆਂ ਹਨ :

| *ਸ਼ਬਦ ਦਾ ਲਿਖਿਆ ਰੂਪ* | *ਗ਼ਲਤ ਉਚਾਰਣ* | *ਗ਼ਲਤੀ ਦਾ ਕਾਰਨ* |
|---|---|---|
| ਆਸੀਸ | ਅਸੀਸ | 'ਅ' ਨੂੰ ਲਗਾ (ਾ) ਛਡ ਜਾਣਾ |
| ਆਕਾਰ | ਅਕਾਰ | ,, ,, ,, |
| ਆਨੰਦੁ | ਅਨੰਦੁ | ,, ,, ,, |
| ਸਾਲਾਹ | ਸਲਾਹ | 'ਸ' ਨੂੰ ਲਗਾ (ਾ) ਛਡ ਜਾਣਾ |
| ਬਗੁਲਾ | ਬਗਲਾ | 'ਗ' ,, (ੁ) ,, |
| ਕਰੁਣਾਮੈ | ਕਰਣਾਮੈ | 'ਰ' ,, (ੁ) ,, |
| ਠਾਕੁਰ | ਠਾਕਰ | 'ਕ' ,, (ੁ) ,, |
| ਮੰਨਿ | ਮਨਿ | 'ਮ' ਨੂੰ ਲਗੀ (ੰ) ,, |
| ਖਸੰਮ | ਖਸਮ | 'ਸ' ,, (ੰ) ,, |
| ਪਤਿਤ | ਪਤਤ | 'ਤ' ,, (ਿ) ,, |
| ਕਛੁ | ਕੁਛੁ | 'ਕ' ਨੂੰ ਵਾਧੂ (ੁ) ਲਾ ਕੇ ਉਚਾਰਨਾ |
| ਪਾਛੈ | ਪਾਛੇ | 'ਛ' ਨਾਲ (ੈ) ਦੀ ਬਜਾਏ (ੇ) ਦਾ ਉਚਾਰਣ ਕਰਨਾ |
| ਸੁਨਿਐ | ਸੁਣੀਐ | 'ਣ' ਨਾਲ (ਿ) ਦੀ ਬਜਾਏ (ੀ) ਦਾ ਉਚਾਰਣ ਕਰਨਾ |

| | | |
|---|---|---|
| ਨਿਰੰਜਨ | ਨਰਿੰਜਨ | 'ਨ' ਨੂੰ ਲਗੀ (ਿ) ਦਾ ਉਚਾਰਣ 'ਰ' ਨਾਲ ਕਰਨਾ |
| ਪ੍ਰਤਿਪਾਲਕ | ਪ੍ਰਿਤਪਾਲਕ | 'ਤ' ਨੂੰ ਲਗੀ (ਿ) ਦਾ ਉਚਾਰਣ 'ਰ' ਨਾਲ ਕਰਨਾ |
| ਸਮਗਰੀ | ਸਮਿਗ੍ਰੀ | 'ਮ' ਨੂੰ ਵਾਧੂ (ਿ) ਲਾ ਕੇ ਉਚਾਰਨਾ |
| ਜੀਅ | ਜੀਆ | 'ਅ' ਮੁਕਤੇ ਦਾ ਉਚਾਰਣ 'ਆ' ਕਰਨਾ |
| ਜਿਹ | ਜਹਿ | 'ਜ' ਨੂੰ ਲਗੀ ਸਿਹਾਰੀ (ਿ) ਦਾ ਉਚਾਰਣ 'ਹ' ਨਾਲ ਕਰਨਾ |
| ਜਹ | ਜਹਿ | 'ਹ' ਨੂੰ ਵਾਧੂ ਸਿਹਾਰੀ (ਿ) ਲਾ ਕੇ ਉਚਾਰਣ ਕਰਨਾ |
| ਸਹਸ | ਸਹਿਸ | 'ਹ' ਨੂੰ ਵਾਧੂ ਸਿਹਾਰੀ (ਿ) ਲਾ ਕੇ ਉਚਾਰਣ ਕਰਨਾ |
| ਲਾਇਹਿ | ਲਾਹਿ | ਵਿਚਕਾਰਲੇ ਸ੍ਵਰ 'ਇ' ਦਾ ਉਚਾਰਣ ਮੂਲੋਂ ਹੀ ਛੱਡ ਦੇਣਾ |
| ਕਰਾਇਹਿ | ਕਰਾਹਿ | ਵਿਚਕਾਰਲੇ ਸ੍ਵਰ 'ਇ' ਦਾ ਉਚਾਰਣ ਮੂਲੋਂ ਹੀ ਛੱਡ ਦੇਣਾ |